ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੯ ਜੇਠ-ਹਾੜ ਸੰਮਤ ਨਾਨਕਸ਼ਾਹੀ ੫੫੭ ਜੂਨ ੨੦੨੫ ਅੰਕ : ੩
Vol. : 69 June 2025 Issue : 3

## ਬਾਬਾ ਬੰਦਾ ਸਿੰਘ ਬਹਾਦਰ



# ਡਾਇਰੈਕਟੋਰੇਟ ਆਫ਼ ਐਜੂਕੇਸ਼ਨ
## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਸ਼੍ਰੋਮਣੀ ਕਮੇਟੀ ਦੇ ਸਕੂਲਾਂ ਵਿਖੇ

# ਦਾਖ਼ਲਾ ਸ਼ੁਰੂ 2025-26

**REGISTER NOW**



"ਆਪਣੇ ਬੱਚੇ ਨੂੰ ਮਿਆਰੀ ਸਿੱਖਿਆ ਦਿਵਾਉਣ ਤੋਂ ਇਲਾਵਾ ਸਿੱਖੀ ਸਿਧਾਂਤਾਂ ਪ੍ਰਤੀ ਜਾਗਰੂਕ ਕਰਨ ਅਤੇ ਸਰਬਪੱਖੀ ਸਖ਼ਸ਼ੀਅਤ ਦੇ ਵਿਕਾਸ ਲਈ ਨੈਤਿਕ ਸਿੱਖਿਆ ਨਾਲ ਭਰਪੂਰ ਜੀਵਨ ਜਿਉਣ ਦੀ ਜਾਚ ਦੀ ਸਿਖਲਾਈ ਲਈ ਨੇੜੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਸੰਸਥਾ ਵਿੱਚ ਦਾਖ਼ਲ ਕਰਵਾਓ। "

– ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋ.ਗੁ.ਪ੍ਰ. ਕਮੇਟੀ

- ਐਕਟੀਵਿਟੀ ਬੇਸਡ ਲਰਨਿੰਗ
- ਉੱਚ ਗੁਣਵੱਤਾ ਵਾਲੇ ਅਧਿਆਪਕ
- ਸਮਾਰਟ ਕਲਾਸਰੂਮ, ਪਲੇਅ ਸਟੇਸ਼ਨ
- ਸੈਂਟ੍ਰਲਾਈਜ਼ਡ ਸਿਲੇਬਸ ਅਤੇ ਪ੍ਰੀਖਿਆਵਾਂ
- ਮਾਡਰਨ ਸਾਇੰਸ, ਕੰਪਿਊਟਰ ਅਤੇ ਭਾਸ਼ਾ ਲੈਬਜ਼
- ਆਰ.ਓ ਸਿਸਟਮ, ਸੀਸੀਟੀਵੀ ਕੈਮਰੇ, ਬੱਸਾਂ ਦੀ ਸਹੂਲਤ
- ਪ੍ਰੈਕਟੀਕਲ ਗਿਆਨ ਅਤੇ ਸਕਿਲਜ਼ ਉੱਪਰ ਵਿਸ਼ੇਸ਼ ਧਿਆਨ
- ਉੱਚੀਆਂ ਕਦਰਾਂ ਕੀਮਤਾਂ ਅਤੇ ਨੈਤਿਕ ਸਿੱਖਿਆ ਦਾ ਪ੍ਰਬੰਧ
- ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਹਰ ਸਾਲ ਵਜੀਫ਼ੇ
- ਲਾਇਬ੍ਰੇਰੀ ਦੀ ਸਹੂਲਤ, ਵਿਸ਼ਾਲ ਖੇਡ ਸਟੇਡੀਅਮ
- ਪ੍ਰਤੀਯੋਗੀ ਪ੍ਰੀਖਿਆਵਾਂ 'ਤੇ ਵਿਸ਼ੇਸ਼ ਧਿਆਨ



**Special focus on Competitive exams**

www.desgpc.org | 75270-07300 | Directorate of Education SGPC | Directorate of Education SGPC

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਜੇਠ-ਹਾੜ, ਸੰਮਤ ਨਾਨਕਸ਼ਾਹੀ ੫੫੭ ਜੂਨ 2025

ਜਿਲਦ ੬੯ (Vol. 69) ਅੰਕ ੦੩ (Issue 03)

*ਸੰਪਾਦਕ*
**ਸਤਵਿੰਦਰ ਸਿੰਘ**

*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਅਜੋਕੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਹੱਤਵ | -ਸ. ਜਸਬੀਰ ਸਿੰਘ ਤੇਗ | ੮ |
| ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ | -ਸ. ਰਾਜਿੰਦਰ ਸਿੰਘ ਨੰਨੂਆਂ | ੧੨ |
| ...ਸਰਹਿੰਦ ਦੀ ਤਬਾਹੀ ਬਾਬਤ ਭੁਲੇਖੇ ਨੂੰ ਦੂਰ ਕਰਨਾ | -ਸ. ਇੰਦਰਜੀਤ ਸਿੰਘ | ੧੮ |
| ਗੁਰਦੁਆਰਾ ਸ੍ਰੀ ਰੀਠਾ ਸਾਹਿਬ | -ਸ੍ਰੀ ਰਮੇਸ਼ ਬੱਗਾ ਚੋਹਲਾ | ੨੮ |
| ਜੂਨ ਅਤੇ ਜੁਲਾਈ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੩੦ |
| ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ | -ਭਾਈ ਰੇਸ਼ਮ ਸਿੰਘ | ੩੧ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੁੱਝਣ ਸੰਬੰਧੀ ਵਿਚਾਰ | -ਡਾ. ਅਜੈ ਪਾਲ ਸਿੰਘ | ੩੮ |
| ਸ਼ਹੀਦੀ ਸਾਕਾ: ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਪਾਤਸ਼ਾਹੀ ਦਸਵੀਂ | -ਸ. ਰਾਜਾ ਸਿੰਘ ਪੱਟੀ | ੪੬ |
| ਜੂਨ ੧੯੮੪ ਈ. ਦੇ ਫ਼ੌਜੀ ਐਕਸ਼ਨ ਦੀ ਦਰਦ-ਕਹਾਣੀ | -ਭਾਈ ਹਰਪਾਲ ਸਿੰਘ | ੪੮ |
| ਜੂਨ ੧੯੮੪ ਈ. ਦੌਰਾਨ ਭਾਰਤੀ ਫ਼ੌਜ ਦਾ ਕਹਿਰ | -ਸ. ਜਸਵੰਤ ਸਿੰਘ ਈਸੇਵਾਲ | ੫੧ |
| ਗੁਰਬਾਣੀ ਕਥਾ: ਇਕ ਅਧਿਐਨ | -ਡਾ. ਤੇਜਿੰਦਰ ਪਾਲ ਸਿੰਘ | ੫੬ |
| ...ਮਾਸਿਕ ਪੱਤਰ: ਗੁਰਦੁਆਰਾ ਗਜ਼ਟ ਦਾ ਇਤਿਹਾਸ | -ਡਾ. ਰਣਜੀਤ ਕੌਰ ਪੰਨਵਾਂ | ੬੨ |
| ਪੰਥ ਦੇ ਬੇਤਾਜ ਬਾਦਸ਼ਾਹ: ਬਾਬਾ ਖੜਕ ਸਿੰਘ ਜੀ | -ਸ੍ਰੀ ਦਲਜੀਤ ਰਾਏ ਕਾਲੀਆ | ੬੭ |
| ਦੀਵਾਨ ਲੀਲਾ ਰਾਮ ਸਿੰਘ ਜੀ ਸਿੰਧੀ | -ਡਾ. ਪਰਮਵੀਰ ਸਿੰਘ | ੭੪ |
| ਚੜ੍ਹਦੇ ਪੰਜਾਬ ਦੀਆਂ ਉਪ ਬੋਲੀਆਂ | -ਸ. ਅਜਾਦਦੀਪ ਸਿੰਘ | ੭੯ |
| ਸਿੰਘ ਅਤੇ ਕੌਰ ਸਿਧਾਂਤਕ ਪਰਿਪੇਖ | -ਬੀਬੀ ਕਿਰਨਦੀਪ ਕੌਰ | ੮੩ |
| | -ਸ. ਕਰਮਜੀਤ ਸਿੰਘ ਦੂਲਾ ਨੰਗਲ | ੮੩ |
| ਖਾਣਾ ਪੀਣਾ ਪਵਿਤ੍ਰ ਹੈ... | -ਡਾ. ਸ਼ਿਆਮ ਸੁੰਦਰ ਦੀਪਤੀ | ੮੯ |
| ਦੇਵਗੰਧਾਰੀ ਮਹਲਾ ੯ | -ਮਾ. ਬਲਬੀਰ ਸਿੰਘ ਹੰਸਪਾਲ | ੯੨ |
| ਮਤੇ | | ੯੪ |
| ਖ਼ਬਰਨਾਮਾ | | ੧੦੧ |

# ਗੁਰਬਾਣੀ ਵਿਚਾਰ

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*
*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥*
*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥*
*ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥*
*ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*
*ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥*
*ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥*
*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥*
*ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਸ੍ਰੀ ਗੁਰੂ ਅਰਜਨ ਦੇਵ ਜੀ 'ਬਾਰਹ ਮਾਹਾ ਮਾਂਝ' ਦੇ ਇਸ ਪਦੇ ਵਿਚ ਹਾੜ ਮਹੀਨੇ ਦੇ ਰੁੱਤ ਵਰਣਨ ਦੇ ਪ੍ਰਥਾਏ ਮਨੁੱਖੀ ਜੀਵ-ਇਸਤਰੀ ਨੂੰ ਸੰਸਾਰਕ ਖ਼ਾਹਿਸ਼ਾਂ ਦਾ ਦਿਲੋਂ ਤਿਆਗ ਕਰਦਿਆਂ ਪਰਮਾਤਮਾ ਦੀ ਸੱਚੀ-ਸੁੱਚੀ ਪ੍ਰੇਮਾ-ਭਗਤੀ ਦਾ ਗੁਰਮਤਿ ਮਾਰਗ ਦਰਸਾਉਂਦੇ ਹਨ। ਗੁਰੂ ਜੀ ਫੁਰਮਾਨ ਕਰਦੇ ਹਨ ਕਿ ਹਾੜ ਦਾ ਮਹੀਨਾ ਤਪਸ਼ ਵਾਲਾ ਉਸ ਜੀਵ ਨੂੰ ਲੱਗਦਾ ਹੈ, ਜਿਸ ਦੇ ਮਨ ਵਿਚ ਪਰਮਾਤਮਾ-ਪਤੀ ਦੀ ਸੁਹਾਵੀ ਯਾਦ ਵਾਸ ਨਹੀਂ ਕਰ ਰਹੀ। ਇਸ ਮਹੀਨੇ ਤਾਪ ਉਸ ਨੂੰ ਮਹਿਸੂਸ ਹੁੰਦਾ ਹੈ, ਜਿਸ ਨੇ ਜਗਤ 'ਤੇ ਜੀਵਨ ਦੇ ਮੂਲ ਆਧਾਰ ਸਰਬ-ਸ਼ਕਤੀਮਾਨ ਪਰਮਾਤਮਾ ਨੂੰ ਤਿਆਗ ਦਿੱਤਾ ਅਰਥਾਤ ਭੁਲਾ ਦਿੱਤਾ ਹੈ ਅਤੇ ਪਰਮਾਤਮਾ ਤੋਂ ਆਸ-ਉਮੀਦ ਨੂੰ ਫਲ ਲੱਗਣ ਦੀ ਤਵੱਕੋਂ ਛੱਡ ਕੇ ਬੰਦੇ ਵਾਲੀ ਆਸ ਰੱਖ ਲਈ ਹੈ। ਗੁਰੂ ਜੀ ਗੁਰਮਤਿ ਸਿਧਾਂਤ ਦੀ ਕਲਿਆਣਕਾਰੀ ਰਮਜ਼ ਬਖ਼ਸ਼ਿਸ਼ ਕਰਦੇ ਹਨ ਕਿ ਮਨੁੱਖ ਨੂੰ ਦੂਜੇ ਮਨੁੱਖਾਂ ਤੋਂ ਵਿਭਿੰਨ ਲੋੜਾਂ ਖ਼ਾਹਿਸ਼ਾਂ ਦੀ ਪੂਰਤੀ ਦੀ ਆਸ ਤਿਆਗ ਕੇ ਸਰਬ ਦਾਤਾਂ ਦੇ ਅਥਾਹ ਅਮੁੱਕ ਖ਼ਜ਼ਾਨੇ ਸਰਬ ਪ੍ਰਤਿਪਾਲਕ ਪਰਮਾਤਮਾ ਦੇ ਦਰ-ਘਰ ਤੋਂ ਹੀ ਆਸ ਕਰਨੀ ਚਾਹੀਦੀ ਹੈ। ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਪਰਮਾਤਮਾ ਨੂੰ ਛੱਡ ਕੇ ਕਿਸੇ ਦੂਸਰੇ, ਕਿਸੇ ਹੋਰ ਨਾਲ ਪਿਆਰ ਕਰਨ 'ਚ ਖੁਆਰੀ ਹੀ ਹੈ, ਜੋ ਮਨੁੱਖ ਦੇ ਗਲ਼ 'ਚ ਫਾਹੀ ਦੇ ਤੁਲ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਦਾ ਕੋਈ ਜੀਵ ਬੀਜ ਬੀਜਦਾ ਹੈ ਉਸ ਤਰ੍ਹਾਂ ਦੀ ਹੀ ਫ਼ਸਲ ਉਹ ਵੱਢਦਾ ਹੈ। ਚੰਗੇ ਜਾਂ ਮੰਦੇ ਕਰਮ ਨਾਲ ਇਨਸਾਨ ਦੇ ਮੱਥੇ 'ਤੇ ਲੇਖ ਉਕਰਿਆ ਜਾਂਦਾ ਹੈ। ਚੰਗੇ ਕਰਮ ਕਮਾਉਣ ਲਈ ਪ੍ਰਾਪਤ ਜੀਵਨ ਰੂਪੀ ਰਾਤ ਮੰਦੇ ਕਰਮ ਕਮਾਇਆਂ ਗੁਆ ਲੈਣ 'ਤੇ ਪਿੱਛੋਂ ਮਨੁੱਖ ਦੇ ਪੱਲੇ ਪਛਤਾਵਾ ਹੀ ਪੈਂਦਾ ਹੈ। ਮੰਦੇ ਕਰਮ ਕਮਾ ਕੇ ਜੀਵ-ਇਸਤਰੀ ਜੀਵਨ-ਮਨੋਰਥ ਦੀ ਪੂਰਤੀ ਤੋਂ ਬਿਨਾਂ ਨਿਰਾਸ਼ ਮਨੋਸਥਿਤੀ 'ਚ ਇਸ ਦੁਨੀਆ ਤੋਂ ਜਾਂਦੀ ਹੈ। ਉਕਤ ਪ੍ਰਚਲਿਤ ਅਣਇੱਛਤ ਵਰਤਾਰੇ ਤੋਂ ਸੁਚੇਤ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੂੰ ਸਾਧੂ-ਭਾਵ ਸਮਰੱਥ ਪੱਥ-ਪ੍ਰਦਰਸ਼ਕ (ਗੁਰੂ) ਮਿਲ ਪੈਂਦਾ ਹੈ ਉਹ ਪਰਮਾਤਮਾ ਦੇ ਦਰ 'ਤੇ ਮੁਕਤ ਭਾਵ ਪ੍ਰਵਾਨ ਹੋ ਜਾਂਦੀਆਂ ਹਨ। ਹੇ ਮਾਲਕ ਪਰਮਾਤਮਾ! ਆਪ ਜੀ ਖ਼ੁਦ ਹੀ ਮਿਹਰ ਕਰੋ ਤਾਂ ਕਿ ਭੁੱਲੀ-ਭਟਕੀ ਜੀਵ-ਇਸਤਰੀ ਨੂੰ ਆਪ ਜੀ ਦੇ ਦੀਦਾਰ ਦੀ ਤੇਹ ਲੱਗ ਜਾਵੇ। ਹੇ ਨਾਨਕ! ਇਹੀ ਅਰਦਾਸ ਧੁਰ ਅੰਦਰੋਂ ਨਿਕਲੇ ਕਿ ਮਾਲਕ ਪਰਮਾਤਮਾ ! ਆਪ ਬਿਨਾਂ ਮੇਰਾ ਹੋਰ ਕੋਈ ਦੂਸਰਾ ਹੈ ਹੀ ਨਹੀਂ ਭਾਵ ਪੂਰਨ ਸਮਰਪਣ ਹੋਵੇ! ਉਸ ਜੀਵ-ਇਸਤਰੀ ਨੂੰ ਹਾੜ ਜੈਸਾ ਸਖ਼ਤ ਗਰਮੀ ਵਾਲਾ ਮਹੀਨਾ ਵੀ ਸੁਹਾਵਣਾ ਹੈ, ਜਿਸ ਦਾ ਮਨ ਉਸ ਪਰਮਾਤਮਾ ਦੀ ਸੱਚੀ ਯਾਦ 'ਚ ਜੀਵਨ ਦਾ ਹਰ ਪਲ ਗੁਜ਼ਾਰਦਾ ਹੈ। ■

ਸੰਪਾਦਕੀ...

# ਮਨੁੱਖਤਾ ਲਈ ਘਾਤਕ ਹੈ 'ਫ਼ਿਰਕਾਪ੍ਰਸਤੀ'

*ਕੌਮੀ ਕਿਰਦਾਰ ਦੀ ਸਿਰਜਣਾ ਧਰਮ ਆਗੂਆਂ ਦੁਆਰਾ ਦਰਸਾਏ ਆਦਰਸ਼ਾਂ ਉੱਪਰ ਨਿਰਭਰ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰੀ ਮਨੁੱਖਤਾਵਾਦੀ ਵਿਚਾਰਧਾਰਾ ਨੇ ਸਦੀਆਂ ਤੋਂ ਗ਼ੁਲਾਮੀ ਸਹਿ ਕੇ ਮਾਨਸਿਕ ਤੌਰ 'ਤੇ ਮੁਰਦਾ ਹੋ ਚੁੱਕੀ ਲੋਕਾਈ ਨੂੰ ਸੁਰਜੀਤ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮੱਲ ਅਖਾੜਿਆਂ ਦਾ ਨਿਰਮਾਣ ਕਰਵਾ ਕੇ ਬਲਵਾਨ ਸੁਰਤ ਦੇ ਨਾਲ ਸਰੀਰਕ ਬਲਵਾਨਤਾ ਨੂੰ ਵੀ ਲਾਜ਼ਮੀ ਸਮਝਿਆ, ਕਿਉਂਕਿ ਇਕੱਲੀ ਬਲਵਾਨ ਸੁਰਤ ਜਾਂ ਇਕੱਲਾ ਬਲਵਾਨ ਸਰੀਰ ਸ਼ਸਤਰ ਦੀ ਸਹੀ ਵਰਤੋਂ ਨਹੀਂ ਕਰ ਸਕਦਾ। ਦੋਨਾਂ ਦਾ ਸੁਮੇਲ ਹੋ ਜਾਣ 'ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੌਮ ਨੂੰ ਸ਼ਸਤਰਧਾਰੀ ਬਣਾਇਆ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਸ਼ਸਤਰਧਾਰੀ ਖਾਲਸਾ ਪੰਥ ਦੀ ਸਿਰਜਣਾ ਕੀਤੀ। ਗੁਰੂ ਸਾਹਿਬਾਨ ਦੁਆਰਾ ਦਰਸਾਏ ਆਦਰਸ਼ਾਂ ਉੱਪਰ ਚੱਲ ਕੇ ਗੁਰਸਿੱਖਾਂ ਨੇ ਅਜਿਹੇ ਉੱਚੇ-ਸੁੱਚੇ ਕੌਮੀ ਕਿਰਦਾਰ ਦੀ ਸਿਰਜਣਾ ਕੀਤੀ ਜਿਸ ਦਾ ਆਦਰਸ਼ ਕੌਮੀਅਤ ਦੇ ਨਾਲ-ਨਾਲ ਹਮੇਸ਼ਾਂ ਹੀ ਮਨੁੱਖਤਾਵਾਦੀ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਮਨੁੱਖਤਾਵਾਦੀ ਰਾਜ ਪ੍ਰਬੰਧ ਇਸ ਦੀ ਆਦਰਸ਼ਕ ਮਿਸਾਲ ਰਿਹਾ ਹੈ, ਜਿਸ ਵਿਚ ਕਦੇ ਵੀ ਕਿਸੇ ਗ਼ੈਰ-ਸਿੱਖ ਨਾਲ ਕੋਈ ਵਿਤਕਰਾ ਨਹੀਂ ਕੀਤਾ ਗਿਆ।*

*ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਸਿੱਖ ਕੌਮ ਦੇ ਵਾਰਸਾਂ ਨੇ ਹਮੇਸ਼ਾ ਹੀ ਮਨੁੱਖਤਾ ਲਈ ਹੱਕ, ਸੱਚ, ਨਿਆਂ ਦੀ ਖ਼ਾਤਰ ਜੂਝਦਿਆਂ ਸ਼ਹਾਦਤਾਂ ਦੀ ਲੰਮੀ ਦਾਸਤਾਨ ਨੂੰ ਸਿਰਜਿਆ ਹੈ। ਦੂਸਰੇ ਪਾਸੇ ਜਿਨ੍ਹਾਂ ਦੇ ਪੁਰਖਿਆਂ ਨੇ ਕੌਮ-ਪ੍ਰਸਤੀ ਜਾਂ ਸਿਰਫ ਜ਼ਰ, ਜ਼ੋਰੂ, ਜ਼ਮੀਨ ਦੀ ਖਾਤਰ ਮਹਾਂਯੁੱਧ ਲੜੇ ਸਨ ਉਨ੍ਹਾਂ ਨੂੰ ਮਨੁੱਖਤਾਵਾਦੀ ਹੱਕ, ਸੱਚ, ਨਿਆਂ ਦੀ ਗੱਲ ਹਮੇਸ਼ਾਂ ਬਗਾਵਤ ਲਗਦੀ ਰਹੀ। ਭਾਰਤੀ ਤਵਾਰੀਖ਼ ਅੰਦਰ ਜੂਨ ਦਾ ਮਹੀਨਾ ਇਸੇ ਕੌਮੀ ਕਿਰਦਾਰ ਦੇ ਵਖਰੇਵੇਂ ਦੀ ਤਰਜਮਾਨੀ ਕਰਦਾ ਹੈ*

*ਜੂਨ ੧੯੮੪ ਈ. ਦਾ ਸਾਕਾ ਮਨੁੱਖਤਾ ਨੂੰ ਬੇਹੱਦ ਸ਼ਰਮਸਾਰ ਕਰ ਦੇਣ ਵਾਲਾ ਕਾਰਾ ਸੀ। ਮਨੁੱਖਤਾ ਦੇ ਸਰਬ-ਸਾਂਝੇ ਪਾਵਨ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਉਸ ਦੇਸ਼ ਦੀ ਹਕੂਮਤ ਤੋਪਾਂ, ਟੈਂਕਾਂ ਨਾਲ ਹਮਲਾਵਰ ਹੋ ਕੇ ਆਈ ਸੀ ਜਿਸ ਨੂੰ ਹਜ਼ਾਰਾਂ ਸਾਲਾਂ ਦੀ ਗ਼ੁਲਾਮੀ ਤੋਂ ਬਾਅਦ ਬੇਅੰਤ ਕੁਰਬਾਨੀਆਂ ਦੇ ਕੇ ਸਿੱਖ ਕੌਮ ਨੇ ਅਜ਼ਾਦ ਕਰਵਾਇਆ ਸੀ। ਜੂਨ ੧੯੮੪ ਈ. ਦੇ ਸਾਕੇ ਦੇ ਵਿਚ ਸਿੱਖਾਂ ਦਾ ਕੌਮੀ ਘਾਣ ਕਰਨ ਦੀ ਮਨਸ਼ਾ ਨਾਲ ਹਜ਼ਾਰਾਂ ਬੇਕਸੂਰ ਸਿੰਘਾਂ, ਸਿੰਘਣੀਆਂ, ਬਜ਼ੁਰਗ, ਨੌਜੁਆਨ ਅਤੇ ਬੱਚਿਆਂ ਨੂੰ ਤੋਪਾਂ , ਟੈਂਕਾਂ ਤੇ ਬੰਦੂਕਾਂ ਨਾਲ ਸ਼ਹੀਦ*

*ਕਰ ਦਿੱਤਾ ਗਿਆ। ਅਜਿਹਾ ਵਹਿਸ਼ੀਆਨਾ ਮੰਜ਼ਰ ਵੇਖ ਕੇ ਇੰਝ ਲਗਦਾ ਸੀ ਜਿਵੇਂ ਅਜ਼ਾਦੀ ਮਿਲਣ ਤੋਂ ਬਾਅਦ ਇਨ੍ਹਾਂ ਹਮਲਾਵਰਾਂ ਦੀ ਕਬੀਲਿਆਂ ਵਾਲੀ ਜਾਂਗਲੀ ਬਿਰਤੀ ਜਾਗ ਪਈ ਹੋਵੇ ਜੋ ਸਿੱਖਾਂ ਨੂੰ ਮਾਰੋ, ਸਾੜੋ ਅਤੇ ਤਬਾਹ ਕਰ ਦਿਓ ਵਾਲੀ ਸੋਚ ਦੀ ਧਾਰਨੀ ਬਣ ਗਈ ਸੀ।*

*ਸਿੱਖ ਕੌਮ ਨਾਲ ਸਮੇਂ ਦੀਆਂ ਹਕੂਮਤਾਂ ਦੁਆਰਾ ਵਧੀਕੀਆਂ ਦੇ ਕਾਰਨਾਂ ਦੀਆਂ ਕਈ ਪਰਤਾਂ ਹਨ ਪਰੰਤੂ ਇਸ ਸਭ ਕੁਝ ਦੇ ਪਿੱਛੇ ਮੂਲ ਰੂਪ ਵਿਚ ਸਿੱਖਾਂ ਦੇ ਉੱਚੇ-ਸੁੱਚੇ ਕਿਰਦਾਰ, ਨਿਆਰੇ ਸਿੱਖੀ ਸਰੂਪ, ਆਦਰਸ਼ਕ ਵਿਚਾਰਧਾਰਾ, ਸਿੱਖੀ ਸੂਰਬੀਰਤਾ ਆਦਿ ਪ੍ਰਤੀ ਈਰਖਾ ਦੀ ਭਾਵਨਾ ਸਾਹਮਣੇ ਆਉਂਦੀ ਹੈ।*

*ਅਜਿਹੀ ਫ਼ਿਰਕਾਪ੍ਰਸਤ ਸੋਚ ਮਨੁੱਖਤਾ ਨੂੰ ਨਿਘਾਰ ਵੱਲ ਲੈ ਜਾਵੇਗੀ। ਮਨੁੱਖਤਾ ਸਾਹਮਣੇ ਤਾਂ ਪਹਿਲਾਂ ਹੀ ਬਹੁਤ ਸਾਰੀਆਂ ਸਮੱਸਿਆਵਾਂ ਦਰਪੇਸ਼ ਹਨ। ਅੱਜ ਆਧੁਨਿਕ ਯੁੱਗ ਵਿਚ ਮਨੁੱਖੀ ਹੋਂਦ ਨੂੰ ਬਰਕਰਾਰ ਰੱਖਣਾ ਹੀ ਆਪਣੇ-ਆਪ ਵਿਚ ਇਕ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ, ਕਿਉਂਕਿ ਜਿਸ ਹੱਦ ਤਕ ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ ਹੈ, ਧਰਤੀ ਉੱਪਰ ਪ੍ਰਦੂਸ਼ਣ ਅਤੇ ਤਾਪਮਾਨ ਨਿਰੰਤਰ ਵੱਧ ਰਿਹਾ ਹੈ। ਮੁਨਾਫ਼ੇ ਦੇ ਚੱਕਰ ਵਿਚ ਲਗਾਤਾਰ ਫ਼ਸਲਾਂ 'ਤੇ ਕੀਟਨਾਸ਼ਕਾਂ ਦਾ ਬੇਹੱਦ ਛਿੜਕਾਅ ਹੋ ਰਿਹਾ ਹੈ ਜਿਸ ਕਾਰਨ ਹਵਾ, ਪਾਣੀ ਅਤੇ ਖਾਦ ਪਦਾਰਥ ਜ਼ਹਿਰੀਲੇ ਹੋ ਰਹੇ ਹਨ। ਜੇਕਰ ਇਹ ਸਭ ਕੁਝ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਲਗਪਗ ਪੰਜਾਹ ਸਾਲਾਂ ਤਕ ਇਸ ਧਰਤੀ ਉੱਪਰ ਜੀਵਨ ਦੀ ਹੋਂਦ ਹਾਸ਼ੀਏ 'ਤੇ ਪਹੁੰਚ ਜਾਵੇਗੀ। ਜੋ ਫ਼ਿਰਕੂ ਸ਼ਕਤੀਆਂ ਅੱਜ ਉਕਤ ਸਮੱਸਿਆ ਅਤੇ ਮਨੁੱਖੀ ਕਦਰਾਂ-ਕੀਮਤਾਂ ਵੱਲੋਂ ਕਿਨਾਰਾ ਕਰ ਕੇ ਆਪਣੀ ਪੂਰੀ ਸ਼ਕਤੀ ਲਾ ਕੇ ਦੂਸਰੀਆਂ ਕੌਮਾਂ ਨੂੰ ਖਤਮ ਕਰਨ ਵਿਚ ਰੁੱਝੀਆਂ ਹੋਈਆਂ ਹਨ, ਅਜਿਹੀ ਦਸ਼ਾ 'ਤੇ ਪਹੁੰਚ ਕੇ ਉਹ ਆਪਣੀ ਕੌਮ ਨੂੰ ਕਿੱਧਰ ਲਿਜਾਣਗੀਆਂ? ਜਦੋਂ ਕਿਸ਼ਤੀ ਹੀ ਡੁੱਬ ਗਈ ਤਾਂ ਬਚਣਾ ਕਿਸੇ ਦਾ ਵੀ ਸੰਭਵ ਨਹੀਂ। ਸੋ ਸਿਆਣਪ ਇਸੇ ਵਿਚ ਹੈ ਕਿ ਅਨੇਕਤਾ ਵਿਚ ਏਕਤਾ ਨੂੰ ਸਵੀਕਾਰਦਿਆਂ ਜੀਓ ਅਤੇ ਜੀਉਣ ਦਿਓ ਦੀ ਵਿਚਾਰਧਾਰਾ ਨੂੰ ਅਪਣਾਅ ਕੇ ਆਪਣੀ ਕੌਮੀ ਹੋਂਦ ਦੇ ਨਾਲ-ਨਾਲ ਵਿਸ਼ੇਸ਼ ਰੂਪ ਵਿਚ ਮਨੁੱਖੀ ਹੋਂਦ ਨੂੰ ਬਚਾਉਣ ਦੇ ਯਤਨ ਕੀਤੇ ਜਾਣ। ਇਹ ਤਾਂ ਹੀ ਸੰਭਵ ਹੋਵੇਗਾ ਜਦੋਂ ਅਸੀਂ ਕੌਮੀ ਸੰਕੀਰਣਤਾ ਤੋਂ ਉੱਪਰ ਉੱਠ ਕੇ ਗੁਰੂ ਸਾਹਿਬਾਨ ਦੇ ਮਨੁੱਖਤਾਵਾਦੀ ਆਦਰਸ਼ਾਂ* ***ਏਕੁ ਪਿਤਾ ਏਕਸ ਕੇ ਹਮ ਬਾਰਿਕ*** *ਅਤੇ* ***ਸਭੇ ਸਾਝੀਵਾਲ ਸਦਾਇਨਿ*** *ਨੂੰ ਜੀਵਨ ਵਿਚ ਅਪਣਾਅ ਕੇ ਸਰਬ-ਸਾਂਝਾ ਭਾਈਚਾਰਾ ਸਿਰਜਣ ਲਈ ਯਤਨਸ਼ੀਲ ਹੋਵਾਂਗੇ। ਇਸ ਲਈ ਅੱਜ ਲੋੜ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਹਾਨੀ ਮਿਸ਼ਨ ਨੂੰ ਵਿਸ਼ਵ ਭਰ ਵਿਚ ਪ੍ਰਚਾਰਨ ਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਮਨੁੱਖਤਾਵਾਦੀ ਆਦਰਸ਼ਾਂ ਨੂੰ ਵਿਹਾਰਕ ਜੀਵਨ ਵਿਚ ਅਪਣਾਉਣ ਨਾਲ ਹੀ* ***ਨਾ ਕੋ ਬੈਰੀ ਨਹੀ ਬਿਗਾਨਾ*** *ਦਾ ਅਹਿਸਾਸ ਮਨੁੱਖ ਨੂੰ ਮਨੁੱਖਤਾਵਾਦੀ ਬਣਾ ਕੇ ਵਿਸ਼ਵ-ਵਿਆਪੀ ਸਮੱਸਿਆਵਾਂ ਦੇ ਹੱਲ ਲਈ ਪ੍ਰੇਰਿਤ ਕਰੇਗਾ।*

■

# ਅਜੋਕੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮਹੱਤਵ

*-ਸ. ਜਸਬੀਰ ਸਿੰਘ ਤੇਗ**

ਅਜੋਕਾ ਸਿੱਖ ਜਗਤ, ਸਿੱਖ ਨੌਜਵਾਨ ਪੀੜ੍ਹੀ ਭਿਆਨਕ ਦੌਰ ਵਿੱਚੋਂ ਗੁਜ਼ਰ ਰਹੀ ਹੈ। ਇਸ ਵਕਤ ਨੌਜਵਾਨ ਪਤਿਤਪੁਣਾ ਤੇ ਨਸ਼ੇ ਪਿੱਛੇ ਲੱਗ ਕੇ ਆਪਣੇ ਗੌਰਵਮਈ ਵਿਰਸੇ ਪ੍ਰਤੀ ਅਵੇਸਲਾ ਹੋਇਆ ਪਿਆ। ਵਰਤਮਾਨ ਵਿਚ ਨੌਜਵਾਨ ਪੀੜ੍ਹੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਦੀ ਸਖ਼ਤ ਜ਼ਰੂਰਤ ਹੈ।

ਸਾਡਾ ਅਟੱਲ ਵਿਸ਼ਵਾਸ ਹੈ ਕਿ ਜੇਕਰ ਅਸੀਂ ਆਪਣੇ ਵਿਰਸੇ ਨੂੰ ਤੇ ਆਪਣੀ ਹੋਂਦ ਨੂੰ ਬਚਾਉਣਾ ਹੈ ਤਾਂ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਸਮਰਪਿਤ ਹੋ ਕੇ ਪ੍ਰਣ ਕਰਨਾ ਪਵੇਗਾ ਕਿ ਅਸੀਂ ਸਮਾਜਿਕ ਬੁਰਾਈਆਂ ਦਾ ਡਟ ਕੇ ਮੁਕਾਬਲਾ ਕਰਨਾ ਹੈ। ਇਤਿਹਾਸ ਗਵਾਹ ਹੈ ਕਿ ਅੱਜ ਤਕ ਜੋ ਵੀ ਲਹਿਰ ਇਸ ਪਵਿੱਤਰ ਅਸਥਾਨ ਤੋਂ ਸ਼ੁਰੂ ਹੋਈ ਹੈ, ਉਹ ਜ਼ਰੂਰ ਸਫਲ ਹੋਈ ਹੈ।

ਸਾਰੀ ਦੁਨੀਆ ਵਿੱਚੋਂ ਇਹੋ ਹੀ ਇੱਕੋ-ਇਕ ਐਸਾ ਅਸਥਾਨ ਹੈ ਜੋ ਆਪਣੇ ਲਈ ਨਹੀਂ, ਸਗੋਂ ਹੋਰਾਂ ਦੇ ਦੁੱਖਾਂ, ਤਕਲੀਫਾਂ, ਧਰਮਾਂ ਪ੍ਰਤੀ ਹੁੰਦੇ ਹਮਲਿਆਂ ਜ਼ਬਰ-ਜ਼ੁਲਮ ਦੇ ਖ਼ਿਲਾਫ਼ ਲੜਦਾ ਰਿਹਾ ਤੇ ਅੱਗੋਂ ਵੀ ਲੜਦਾ ਰਹੇਗਾ, ਕਿਉਂਕਿ ਇਸ ਅਸਥਾਨ ਦੀ ਸਿਰਜਣਾ ਦਾ ਮੂਲ-ਸਿਧਾਂਤ ਹੀ ਹੱਕ-ਸੱਚ-ਨਿਆਂ ਲਈ ਜੰਗ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੱਚ, ਨਿਆਂ ਲਈ ਹੋਈ ਸ਼ਾਂਤਮਈ ਸ਼ਹਾਦਤ ਨੇ ਪੰਜਾਬ ਵਿਚ ਹੀ ਨਹੀਂ ਬਲਕਿ ਪੂਰੇ ਹਿੰਦੁਸਤਾਨ ਵਿਚ ਇਕ ਰੋਸਮਈ ਲਹਿਰ ਪੈਦਾ ਕਰ ਦਿੱਤੀ ਸੀ। ਉਸ ਵਕਤ ਉਹ ਨੌਜਵਾਨ ਜਿਨ੍ਹਾਂ ਨੇ ਇਸ ਸ਼ਹਾਦਤ ਦੇ ਸੰਦਰਭ ਵਿਚ ਵਿਚਾਰਿਆ ਤੇ ਉਨ੍ਹਾਂ ਅੰਦਰ ਇਨਕਲਾਬੀ ਲਹਿਰ ਠਾਠਾਂ ਮਾਰਨ ਲੱਗੀ। ਹਿੰਦੁਸਤਾਨ ਵਿਚ ਇਹ ਚਰਚਾ ਛਿੜ ਪਈ ਕਿ ਜੇ ਐਸੇ ਮਹਾਂਪੁਰਸ਼ ਜੋ ਸਿਰਫ਼ ਮਨੁੱਖਤਾ ਪ੍ਰਤੀ ਸਮਰਪਿਤ ਸਨ, ਉਨ੍ਹਾਂ ਨੂੰ ਅਤਿਅੰਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਹੈ ਤਾਂ ਹੁਣ ਨੇਕ ਪੁਰਸ਼ਾਂ, ਸੰਤਾਂ, ਮਹਾਤਮਾਂ, ਸੂਫੀ ਫਕੀਰਾਂ ਤੇ ਆਮ ਲੋਕਾਈ ਮਜ਼ਲੂਮਾਂ ਦਾ ਕੌਣ ਰਾਖਾ ਹੈ? ਸਾਰੇ ਹਿੰਦੁਸਤਾਨ ਵਿਚ ਐਸੇ ਨੌਜਵਾਨਾਂ ਦਾ ਸਰਕਾਰ ਪਾਸੋਂ ਗੁਰੂ ਸਾਹਿਬ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਰੋਹ ਜਾਗ ਰਿਹਾ ਸੀ। ਉਧਰ ਦੂਜੇ ਪਾਸੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੱਚ ਤੇ ਸ਼ਾਂਤੀ 'ਤੇ ਹੋਏ ਜ਼ੁਲਮ ਦੇ ਖ਼ਿਲਾਫ਼ ਕਿਰਪਾਨ ਚੁੱਕ ਲਈ।

ਉਦੋਂ ਗੁਰੂ ਜੀ ਨੇ ਸਿੱਖ-ਜਗਤ ਹੀ ਨਹੀਂ ਸਗੋਂ ਹਿੰਦੁਸਤਾਨ ਦੀ ਸਾਰੀ ਜਨਤਾ

** ਮਕਾਨ ਨੰ. ੯੦੪੮, ਗਲੀ ਨੰ. ੦੬, ਕੋਟ ਬਾਬਾ ਦੀਪ ਸਿੰਘ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੮੮੬੪੭੨੨੫*

ਨੂੰ ਲਲਕਾਰ ਪਾਈ ਕਿ ਆਓ! ਜਿਨ੍ਹਾਂ ਨੇ ਸੱਚ, ਹੱਕ, ਅਨਿਆਂ ਦੇ ਖ਼ਿਲਾਫ਼ ਜੰਗ ਲੜਨੀ ਹੈ ਸਿਰ ਤਲੀ 'ਤੇ ਧਰ ਕੇ ਆਵੋ। ਉਸ ਵਕਤ ਮੀਰੀ-ਪੀਰੀ ਦੇ ਮਾਲਕ ਨੇ ਇਹ ਵਿਚਾਰ ਪ੍ਰਮੁੱਖ ਸਿੱਖਾਂ- ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਹੋਰ ਵੀ ਸਿੱਖਾਂ ਨਾਲ ਸਾਂਝੀ ਕੀਤੀ ਕਿ ਜ਼ਾਲਮ ਤੇ ਝੂਠੇ ਤਖ਼ਤ ਨਾਲ ਸੱਚ ਅਤੇ ਤਖ਼ਤ ਤੋਂ ਬਗੈਰ ਨਹੀਂ ਲੜਿਆ ਜਾ ਸਕਦਾ। ਗੁਰੂ ਸਾਹਿਬ ਜੀ ਨੇ ਫੁਰਮਾਇਆ ਅਸੀਂ ਐਸਾ ਸੱਚ ਦਾ ਤਖ਼ਤ ਸਿਰਜਾਂਗੇ ਜਿਸ ਦੇ ਅੱਗੇ ਜ਼ਾਲਮ ਦੇ ਝੂਠੇ ਅਨਿਆਂਕਾਰੀ ਤਖ਼ਤ ਝੁਕ ਜਾਣਗੇ।

ਸਭ ਪ੍ਰਮੁੱਖ ਸਿੱਖਾਂ ਦੀ ਸਹਿਮਤੀ ਨਾਲ ਸਤਿਗੁਰੂ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ (ਅਕਾਲ ਬੁੰਗਾ) ਨੂੰ ਸਿਰਜਣ ਲਈ ਦਿਨ ਨਿਯਤ ਕੀਤਾ। ਅਕਾਲ ਤਖ਼ਤ ਸਾਹਿਬ ਦਾ ਥੜ੍ਹਾ ਬਣਾਉਣ ਲਈ ਸਿਰਫ ਪ੍ਰਮੁੱਖ ਸਿੱਖਾਂ ਨੇ ਹੀ ਹਿੱਸਾ ਪਾਇਆ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਖ਼ੁਦ ਛੇਵੇਂ ਪਾਤਸ਼ਾਹ ਨੇ ਹੱਥੀਂ ਸੇਵਾ ਕਰ ਕੇ ਇਹ ਥੜ੍ਹਾ ਤਿਆਰ ਕੀਤਾ। ਸੱਚੇ ਪਾਤਸ਼ਾਹ ਨੇ ਕਲਗੀ ਸਜਾ ਕੇ, ਮੀਰੀ ਤੇ ਪੀਰੀ ਦੇ ਖੜਗ ਪਹਿਨ ਇਸ ਤਿਆਰ ਕੀਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਦੀਵਾਨ ਸਜਾਇਆ। ਢਾਡੀਆਂ ਨੇ ਪਾਤਸ਼ਾਹ ਦੀ ਉਸਤਤਿ ਗਾਈ ਅਤੇ ਵਾਰਾਂ ਰਾਹੀਂ ਇਹ ਦਰਸਾਇਆ ਕਿ ਇਸ ਸੱਚੇ ਤਖ਼ਤ ਦੇ ਮੁਕਾਬਲੇ ਦੁਨਿਆਵੀ ਤਖ਼ਤ ਸਭ ਝੂਠੇ ਹਨ। ਹੁਣ ਹਿੰਦੁਸਤਾਨ ਨੂੰ ਸੱਚਾ ਪਾਤਸ਼ਾਹ ਮਿਲਿਆ ਹੈ ਜੋ ਹੱਕ, ਸੱਚ ਤੇ ਨਿਆਂ ਦੀ ਪ੍ਰਾਪਤੀ ਲਈ ਲੜੇਗਾ ਤੇ ਜ਼ਾਲਮ ਸਰਕਾਰ ਦਾ ਮੂੰਹ ਭੰਨ ਦੇਵੇਗਾ। ਸੰਤਾਂ ਦਾ ਰਾਖਾ ਤੇ ਜ਼ਾਲਮਾਂ ਨੂੰ ਸੋਧਣ ਵਾਲਾ ਸੱਚਾ ਪਾਤਸ਼ਾਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਿਰਾਜਮਾਨ ਹੋਇਆ ਹੈ। ਗੁਰੂ ਸਾਹਿਬ ਦੀ ਮਨਸ਼ਾ ਦੇ ਮੁਤਾਬਿਕ ਢਾਡੀਆਂ ਨੇ ਬੀਰ-ਰਸੀ ਵਾਰਾਂ ਗਾਈਆਂ ਤੇ ਗੁਰੂ ਸਾਹਿਬ ਦੇ ਸੰਦੇਸ਼ ਨੂੰ ਹਿੰਦੁਸਤਾਨ ਦੇ ਅਵਾਮ ਲਈ ਪ੍ਰਚਾਰਿਆ ਤੇ ਪ੍ਰਸਾਰਿਆ।

ਪੰਚਮ ਪਾਤਸ਼ਾਹ ਦੀ ਸ਼ਹਾਦਤ ਨੇ ਇਨਕਲਾਬ ਬਖ਼ਸ਼ਿਆ। ਇਸ ਇਨਕਲਾਬ ਨੇ ਕੀ-ਕੀ ਰੰਗ ਲਿਆਂਦੇ ਇਸ ਨਾਲ ਸਾਰਾ ਇਤਿਹਾਸ ਭਰਿਆ ਪਿਆ ਹੈ। ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੋ ਸਿਧਾਂਤ ਉਲੀਕੇ ਅੱਜ ਤਕ ਕੋਈ ਉਨ੍ਹਾਂ ਸਿਧਾਂਤਾਂ ਨੂੰ ਚੁਣੌਤੀ ਨਹੀਂ ਦੇ ਸਕਿਆ। ਇਤਿਹਾਸ ਗਵਾਹ ਹੈ ਕਿ ਅੱਜ ਤਕ ਜਿਸ ਨੇ ਵੀ ਇਸ ਤਖ਼ਤ ਦੇ ਸਾਹਮਣੇ ਧੌਣ ਅਕੜਾਣ ਦੀ ਜੁਰਅਤ ਕੀਤੀ ਉਸ ਦਾ ਹਸ਼ਰ ਬਹੁਤ ਮਾੜਾ ਹੋਇਆ।

ਸਮੇਂ-ਸਮੇਂ ਜ਼ਾਲਮ ਹਕੂਮਤਾਂ ਜ਼ੁਲਮ ਦੀਆਂ ਹਨੇਰੀਆਂ ਚੁੱਕਦੀਆਂ ਰਹੀਆਂ, ਇਨ੍ਹਾਂ ਦਾ ਮੂੰਹ ਮੋੜਿਆ ਤਾਂ ਸਿਰਫ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ੁਰੂ ਹੋਈਆਂ ਲਹਿਰਾਂ/ਮੋਰਚਿਆਂ ਨੇ। ਅੱਜ ਭਾਰਤ ਦਾ ਜੋ ਜਾਹ-ਓ-ਜਲਾਲ ਅਸੀਂ ਵੇਖਦੇ ਪਏ ਹਾਂ ਇਹ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਰਜੇ ਮਰਜੀਵੜਿਆਂ ਦੀ ਖ਼ਾਤਰ ਹੀ

ਹੈ। ਭਾਰਤ ਦੀ ਰਾਖੀ ਤੇ ਇਸ ਦੀ ਆਨ-ਸ਼ਾਨ ਲਈ ਬੇਅੰਤ ਕੁਰਬਾਨੀਆਂ ਦਿੱਤੀਆਂ। ਜਦੋਂ ਜ਼ੁਲਮੀ ਹਨੇਰੀਆਂ ਵਗੀਆਂ ਤਾਂ ਸਾਰੇ ਭਾਰਤ ਨੂੰ ਹਕੂਮਤ ਨੇ ਖਾਮੋਸ਼ ਕਰ ਦਿੱਤਾ। ਸਿਰਫ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਸੀ ਜਿਸ ਦੀ ਛਤਰ-ਛਾਇਆ ਹੇਠ ਜ਼ੁਲਮ ਦੇ ਖ਼ਿਲਾਫ਼ ਅਵਾਜ਼ ਬੁਲੰਦ ਰਹੀ। ਚਾਹੇ ਬਾਹਰੀ ਹਮਲਾਵਰ ਨਾਦਰਸ਼ਾਹ ਜਾਂ ਅਬਦਾਲੀ ਵਰਗੇ ਜਾਂ ਆਪਣੀਆਂ ਸਰਕਾਰਾਂ, ਕਿਸੇ ਅੱਗੇ ਵੀ ਇਸ ਤਖ਼ਤ ਦੇ ਜਾਏ ਝੁਕੇ ਨਹੀਂ, ਸਗੋਂ ਆਪਣੀ ਈਨ ਮਨਵਾਉਂਦੇ ਰਹੇ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 'ਸਰਬੱਤ ਖਾਲਸਾ' ਦੇ ਇਕੱਠ ਹੁੰਦੇ ਤੇ ਸਮੇਂ-ਸਮੇਂ ਆਉਂਦੀਆਂ ਸਮੱਸਿਆਵਾਂ ਦੇ ਪ੍ਰਤੀ ਵਿਚਾਰ ਕਰ ਕੇ ਹੱਲ ਕੱਢੇ ਜਾਂਦੇ। ਇਹ ਸਿਲਸਿਲਾ ਬੀਤੀਆਂ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਇਸ ਤਖ਼ਤ ਤੋਂ ਪਿਛਲੀਆਂ ਸਦੀਆਂ ਵਿਚ ਹਥਿਆਰਬੰਦ ਸੰਘਰਸ਼ ਅਰੰਭਿਆ ਤਾਂ ਦੁਨੀਆ ਦੇ ਲੋਕ ਵੇਖ ਕੇ ਹੈਰਾਨ ਹੋ ਗਏ ਕਿ ਐਸੀ ਕੌਮ ਜਿਸ ਦਾ ਜਿਗਰਾ ਇਤਨਾ ਵੱਡਾ ਹੈ। ਅਤਿਅੰਤ ਕਸ਼ਟ ਸਹਿ ਕੇ ਵੀ ਫ਼ਤਹ ਹਾਸਲ ਕੀਤੀ।

ਕੋਈ ਬਹੁਤਾ ਸਮਾਂ ਨਹੀਂ ਹੋਇਆ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਜੈਤੋ ਦਾ ਮੋਰਚਾ, ਗੁਰੂ ਕੇ ਬਾਗ ਦਾ ਮੋਰਚਾ ਆਦਿ ਕਈ ਘਟਨਾਕ੍ਰਮਾਂ ਨੂੰ ਵਾਪਰਿਆਂ ਜਿਨ੍ਹਾਂ ਨੇ ਜ਼ਾਲਮ ਹਕੂਮਤਾਂ ਦੇ ਮੂੰਹ ਮੋੜ ਦਿੱਤੇ। ਇਹ ਸਭ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਹਿਨੁਮਾਈ ਲੈ ਕੇ ਮੂਵਮੈਂਟਾਂ ਚੱਲੀਆਂ ਸਨ।

ਇਸ ਅਸਥਾਨ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਦੇ ਪਹਿਰੇਦਾਰ ਦੇ ਰੂਪ ਵਿਚ ਐਸੇ-ਐਸੇ ਮਹਾਨ ਸੂਰਬੀਰ ਯੋਧੇ ਆਏ ਜੋ ਆਪਣੀ ਮਿਸਾਲ ਆਪ ਸਨ। ਭਾਈ ਮਨੀ ਸਿੰਘ ਜੀ ਵਰਗੇ ਜਿਨ੍ਹਾਂ ਨੇ ਆਪਣਾ ਬੰਦ-ਬੰਦ ਕਟਵਾ ਲਿਆ ਪਰ ਇਸ ਅਸਥਾਨ ਦੀ ਮਾਣ-ਮਰਿਆਦਾ ਨੂੰ ਆਂਚ ਨਾ ਆਉਣ ਦਿੱਤੀ। ਬਚਨ ਦੇ ਬਲੀ ਤੇ ਮਹਾਨ ਯੋਧੇ ਅਕਾਲੀ ਫੂਲਾ ਸਿੰਘ ਜੀ ਜਿਨ੍ਹਾਂ ਅੱਗੇ ਪੰਜਾਬ ਦੇ ਬਾਦਸ਼ਾਹ ਨੇ ਸਿਰ ਝੁਕਾਇਆ। ਅੱਜ ਤਕ ਕੋਈ ਵੀ ਐਸਾ ਨਾਮ ਸਾਹਮਣੇ ਨਹੀਂ ਆਉਂਦਾ ਸਿੱਖ ਜਗਤ ਵਿੱਚੋਂ ਜਿਸ ਨੇ ਇਸ ਤਖ਼ਤ ਦੀ ਸਰਵ-ਉੱਚਤਾ ਨੂੰ ਨਾ ਮੰਨਿਆ ਹੋਵੇ। ਇਸ ਦੇ ਹੁਕਮ ਅੱਗੇ ਸਭ ਸਿਰ ਝੁਕਾਉਂਦੇ ਹਨ। ਚਾਹੇ ਕੋਈ ਕਿਸੇ ਵੀ ਮਹਾਨ ਪਦਵੀ 'ਤੇ ਕਿਉਂ ਨਾ ਹੋਵੇ।

ਐਸਾ ਸੱਚਾ ਸ੍ਰੀ ਅਕਾਲ ਤਖ਼ਤ ਸਾਹਿਬ ਸਾਡੇ ਕੋਲ ਹੈ। ਪਰੰਤੂ ਅਜੋਕੇ ਸਮੇਂ ਵਿਰੋਧੀ ਸ਼ਕਤੀਆਂ ਇਸ ਦੀ ਮਾਣ-ਮਰਿਆਦਾ ਤੇ ਸਿਧਾਂਤਾਂ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਵਿਚ ਹਨ।

ਸਮੇਂ ਦੀਆਂ ਹਕੂਮਤਾਂ ਨੇ ਜਿਸ ਵਕਤ ਜਾਣ ਲਿਆ ਕਿ ਸਿੱਖਾਂ ਪਾਸ ਸ਼ਕਤੀ ਦਾ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸ ਦੇ ਸਿਧਾਂਤ ਹਨ, ਉਤਨਾ ਚਿਰ ਤਕ ਸਿੱਖਾਂ ਨੂੰ ਦਬਾਇਆ ਨਹੀਂ ਜਾ ਸਕਦਾ। ਹਰ ਇਕ ਸਿੱਖ ਦੇ ਜਜ਼ਬਾਤ ਇਸ ਨਾਲ

ਜੁੜੇ ਹੋਏ ਹਨ। ਐਸੇ ਹਾਲਾਤ ਪੈਦਾ ਕਰ ਦਿੱਤੇ ਗਏ ਕਿ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹਮਲਾਵਰ ਹੋ ਕੇ ਤਖ਼ਤ ਦੀ ਇਮਾਰਤ ਨੂੰ ਖੰਡਰ ਬਣਾ ਦਿੱਤਾ। ਸਮੇਂ ਨਾਲ ਫਿਰ ਤੋਂ ਨਵੀਂ ਇਮਾਰਤ ਤਖ਼ਤ ਸਾਹਿਬ ਦੀ ਤਿਆਰ ਹੋ ਗਈ। ਤਖ਼ਤ ਸਾਹਿਬ ਦੇ ਸਿਧਾਂਤ ਕਾਇਮ ਸਨ, ਹਰ ਸਿੱਖ ਦੇ ਜਜ਼ਬਾਤ ਇਸ ਨਾਲ ਜੁੜੇ ਹੋਏ ਸਨ, ਹਰ ਸਿੱਖ ਇਸ ਅੱਗੇ ਸਮਰਪਿਤ ਸੀ। ਪਰੰਤੂ ਸਰਕਾਰਾਂ ਨੇ ਉਸ ਵਕਤ ਜਾਣਿਆ ਕਿ ਤਖ਼ਤ ਸਾਹਿਬ ਨੂੰ ਖੰਡਰ ਬਣਾ ਕੇ ਨਹੀਂ ਬਲਕਿ ਇਸ ਦੇ ਸਿਧਾਂਤ ਤੋੜ ਕੇ ਸਿੱਖਾਂ ਨੂੰ ਹਾਨੀ ਪਹੁੰਚਾਈ ਜਾਵੇ, ਜਿਸ ਨਾਲ ਇਹ ਆਪੇ ਹੀ ਸ਼ਕਤਹੀਣ ਹੋ ਜਾਣਗੇ।

ਸੋ, ਆਓ! ਮੀਰੀ-ਪੀਰੀ ਦੇ ਪਾਤਸ਼ਾਹ ਦੇ ਸਿਰਜੇ ਸੱਚੇ ਤਖ਼ਤ ਅੱਗੇ ਸਮੁੱਚੀ ਕੌਮ ਸਮਰਪਿਤ ਹੋ ਕੇ ਪ੍ਰਣ ਕਰੇ ਕਿ ਅਸਾਂ ਨੇ ਸਮਾਜਿਕ ਬੁਰਾਈਆਂ ਖਿਲਾਫ਼ ਲੜਨਾ ਹੈ। ਜਿੰਨਾ ਖ਼ਤਰਾ ਅੱਜ ਕੌਮ ਨੂੰ ਪੈਦਾ ਹੋ ਗਿਆ ਹੈ ਇੰਨਾ ਪਹਿਲੇ ਭਾਰੀ ਔਖਿਆਂ ਸਮਿਆਂ ਵਿਚ ਵੀ ਨਹੀਂ ਸੀ ਹੋਇਆ। ਕੌਮ ਦੀ ਨੌਜਵਾਨ ਪੀੜ੍ਹੀ ਪਤਿਤਪੁਣੇ ਤੇ ਨਸ਼ਿਆਂ ਵਿਚ ਰੁੜ੍ਹੀ ਜਾ ਰਹੀ ਹੈ।ਜੇਕਰ ਹੁਣ ਵੀ ਕੌਮ ਨਾ ਜਾਗੀ ਤਾਂ ਆਉਂਦੇ ਕੁਝ ਸਾਲਾਂ ਤਕ ਵਜੂਦ ਨੂੰ ਭਾਰੀ ਸੰਕਟ ਆ ਪਵੇਗਾ। ਆਪਣਾ ਆਪ ਸੰਭਾਲਣਾ ਮੁਸ਼ਕਲ ਹੋ ਜਾਵੇਗਾ। ਅੱਗੋਂ ਆਉਣ ਵਾਲੀ ਪੀੜ੍ਹੀ ਦੇ ਅਸੀਂ ਜਵਾਬਦੇਹ ਹੋਵਾਂਗੇ। ਸਾਡੀ ਹੁਣ ਦੀ ਕੀਤੀ ਹੋਈ ਗ਼ਲਤੀ ਬੜਾ ਭਿਆਨਕ ਰੂਪ ਅਖਤਿਆਰ ਕਰੇਗੀ। ਆਪਣੇ ਫ਼ਰਜ਼ ਨੂੰ ਪਹਿਚਾਣੋ! ਗੁਰੂ ਦਸਮ ਪਾਤਸ਼ਾਹ ਨੇ ਤਾਂ ਖਾਸ ਕਰਕੇ ਖਾਲਸਾ-ਪੰਥ ਨੂੰ ਜ਼ਿੰਮੇਵਾਰੀ ਸੌਂਪੀ ਹੋਈ ਹੈ ਕਿ ਸੰਸਾਰ ਵਿੱਚੋਂ ਸਮਾਜਿਕ ਬੁਰਾਈਆਂ ਖ਼ਤਮ ਕਰਕੇ ਨਿਰੋਲ ਖਾਲਸਾ ਰਾਜ ਕਾਇਮ ਕਰਨਾ ਹੈ। ਫੁਰਮਾਨ ਹੈ:

*ਸਕਲ ਜਗਤ ਮੋ ਖਾਲਸਾ ਪੰਥ ਗਾਜੈ।*
*ਜਗੈ ਧਰਮ ਹਿੰਦੁਨ ਸਕਲ ਦੁੰਦ ਭਾਜੈ॥*
*ਨ ਛਾਡਉ ਕਹੂੰ ਦੁਸ਼ਟ ਅਸੁਰਨ ਨਿਸ਼ਾਨੀ।*
*ਚਲੇ ਸਭ ਜਗਤ ਮਾਹਿ ਧਰਮ ਕੀ ਕਹਾਨੀ॥* *(ਉਗ੍ਰਦੰਤੀ)*

ਖਾਲਸੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਗਵਾਈ ਲੈ ਕੇ ਜ਼ਾਲਮਾਂ ਨੂੰ ਸੋਧ ਕੇ ਧਰਮ ਦਾ ਰਾਜ ਕਾਇਮ ਕਰਨਾ ਹੈ। ਸਮਾਜਿਕ ਬੁਰਾਈਆਂ ਨੂੰ ਜੜ੍ਹੋਂ ਪੁੱਟ ਦੇਣਾ ਹੈ। ਦੁਨੀਆ ਵਿਚ ਉਤਨਾ ਚਿਰ ਤਕ ਅਮਨ ਦੀ ਸਥਾਪਨਾ ਨਹੀਂ ਹੋ ਸਕਦੀ ਜਿੰਨਾ ਚਿਰ ਤਕ ਖਾਲਸਾ ਪੰਥ ਆਪਣਾ ਫ਼ਰਜ਼ ਪਹਿਚਾਣਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਸਮਰਪਿਤ ਹੋ ਕੇ ਪ੍ਰਣ ਨਹੀਂ ਕਰਦਾ। ਜੇਕਰ ਦੁਨੀਆ ਨੂੰ ਭਿਆਨਕ ਆਉਣ ਵਾਲੀਆਂ ਤਬਾਹੀਆਂ ਤੋਂ ਕੋਈ ਬਚਾ ਸਕਦਾ ਹੈ ਤਾਂ ਉਹ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਖਾਲਸਾ ਪੰਥ ਹੈ।

ਮਈ ੨੦੨੫ ਦਾ ਬਾਕੀ:

# ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ

*-ਸ. ਰਾਜਿੰਦਰ ਸਿੰਘ ਨੰਨੂਆਂ**

ਜੋ ਸਿੱਖ ਗੁਰੂ ਸਾਹਿਬ ਵੱਲੋਂ ਨਿਰਧਾਰਿਤ ਕੀਤੀ ਰਹਿਤ (ਅਨੁਸ਼ਾਸਨ) ਨੂੰ ਨਹੀਂ ਰੱਖੇਗਾ ਤਾਂ ਉਹ ਸਿੱਖ ਕਹਾਉਣ ਦਾ ਹੱਕਦਾਰ ਨਹੀਂ ਹੋਵੇਗਾ ਅਤੇ ਰਹਿਤ ਤੋਂ ਬਗ਼ੈਰ ਸਿੱਖ ਦਰ-ਦਰ ਦੀਆਂ ਠੋਕਰਾਂ ਖਾਵੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਸਾਜੇ ਗਏ ਖਾਲਸੇ ਲਈ ਇਕ ਸਖਤ ਅਨੁਸ਼ਾਸਨ ਰਹਿਤ ਮਰਯਾਦਾ ਨਿਰਧਾਰਿਤ ਕੀਤੀ ਗਈ। ਇਹ ਰਹਿਤ ਮਰਯਾਦਾ ਨਿਰਧਾਰਿਤ ਕਰਨ ਦਾ ਇਕ ਕਾਰਨ ਇਹ ਕਿ ਅੰਮ੍ਰਿਤ ਛਕਣ ਤੋਂ ਬਾਅਦ ਉਸ ਦੀ ਪਿਛਲੀ ਜ਼ਿੰਦਗੀ ਦਾ ਸਾਰਾ ਹਿਸਾਬ-ਕਿਤਾਬ ਉਸ ਦੀ ਕੁਲ, ਜਾਤ, ਵਰਨ, ਧਰਮ ਉਸ ਦੇ ਪੁਰਾਣੇ ਸੰਸਕਾਰ ਖਤਮ ਹੋ ਗਏ ਅਤੇ ਉਹ ਕੇਵਲ ਗੁਰੂ ਸਾਹਿਬ ਨੂੰ ਸਮਰਪਿਤ ਹੋ ਗਿਆ ਉਸ ਨੇ ਆਪਣੀ ਮਤਿ ਤਿਆਗ ਦਿੱਤੀ ਅਤੇ ਗੁਰੂ ਦੀ ਮਤਿ ਗ੍ਰਹਿਣ/ਧਾਰਨ ਕਰ ਲਈ ਹੈ ਜਿਸ ਕਾਰਨ ਖਾਲਸਾ ਵਾਹਿਗੁਰੂ ਦਾ ਅਤੇ ਵਾਹਿਗੁਰੂ ਖਾਲਸੇ ਦਾ ਹੋ ਗਿਆ। ਖਾਲਸੇ ਵਿਚ, ਗੁਰੂ ਵਿਚ ਅਤੇ ਪਰਮੇਸ਼ਰ ਵਿਚ ਕੋਈ ਭੇਦ ਨਹੀਂ ਰਹਿ ਗਿਆ, ਸਭ ਇੱਕ ਹੋ ਗਿਆ। ਇਸੇ ਕਰਕੇ ਗੁਰੂ ਸਾਹਿਬ ਨੇ ਖਾਲਸੇ ਨੂੰ ਫਤਹ ਬਖ਼ਸ਼ੀ ਕਿ ਅੱਗੇ ਤੋਂ ਖਾਲਸਾ ਜਦੋਂ ਵੀ ਇਕ-ਦੂਜੇ ਨੂੰ ਮਿਲੇਗਾ ਤਾਂ ਪਹਿਲਾਂ ਵਾਹਿਗੁਰੂ ਜੀ ਦੀ ਫਤਹ ਗਜਾਵੇਗਾ:-

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹ॥

ਅਰਥਾਤ ਖਾਲਸੇ ਦਾ ਆਪਣਾ ਕੁਝ ਵੀ ਨਹੀਂ ਸਭ ਕੁਝ ਵਾਹਿਗੁਰੂ ਜੀ ਦਾ ਹੈ। ਇਸ ਦਾ ਡੂੰਘਾ ਅਰਥ ਭੇਦ ਇਹ ਹੈ ਕਿ ਜਦੋਂ ਕੁਝ ਆਪਣਾ ਹੈ ਹੀ ਨਹੀਂ ਤਾਂ ਹੰਕਾਰ ਕਿਸ ਗੱਲ ਦਾ, ਹਉਮੈਂ ਕਿਸ ਗੱਲ ਦੀ, ਲਾਲਚ ਕਿਸ ਗੱਲ ਦਾ, ਈਰਖਾ ਕਿਸ ਗੱਲ ਦੀ, ਕੇਵਲ ਅਕਾਲ ਪੁਰਖ ਅੱਗੇ ਪੂਰਾ ਸਮਰਪਣ:

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥*

ਖਾਲਸੇ ਦਾ ਪ੍ਰਗਟ ਹੋਣਾ ਕੋਈ ਦੁਨਿਆਵੀ ਖੇਡ ਨਹੀਂ ਜਾਂ ਕਿਸੇ ਰਾਜਨੀਤੀ ਦਾ ਹਿੱਸਾ ਜਾਂ ਕਿਸੇ ਦੇਸ਼ ਦੀ ਸੱਤਾ 'ਤੇ ਕਾਬਜ ਹੋਣਾ ਸੀ ਇਹ ਇਕ ਅਗੰਮੀ ਖੇਡ ਅਕਾਲ ਪੁਰਖ ਦੇ ਹੁਕਮ ਵਿਚ ਹੋ ਰਹੀ ਸੀ:

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*

ਗੁਰੂ ਮਹਾਰਾਜ ਨੇ ਇਹ ਖਾਲਸਾ ਪ੍ਰਮਾਤਮ ਦੀ ਮੌਜ ਭਾਵ ਉਸ ਦੇ ਹੁਕਮ ਵਿਚ

** # ੬੧, ਰਣਜੀਤ ਐਵੇਨਿਊ, ਬੇਲਾ ਰੋਡ, ਰੂਪਨਗਰ-੧੪੦੦੦੧; ਮੋ. ੯੮੫੫੧-੨੬੦੨੨*

ਸਾਜਿਆ, ਇਸ ਨੂੰ ਆਪਣੀ ਫੌਜ ਨਹੀਂ ਬਲਕਿ ਅਕਾਲ ਪੁਰਖ ਕੀ ਫੌਜ ਐਲਾਨਿਆ। ਇਸ ਉਤੇ ਕਿਸੇ ਦੁਨਿਆਵੀ ਬਾਦਸ਼ਾਹ ਦਾ ਹੁਕਮ ਨਹੀਂ ਚੱਲਦਾ, ਇਹ ਖਾਲਸਾ ਪ੍ਰਮਾਤਮਾ ਦੇ ਅਧੀਨ ਹੈ। ਇਸੇ ਲਈ ਇਹ ਕਿਸੇ ਜਰ (ਧਨ), ਜੋਰੂ (ਇਸਤਰੀ) ਅਤੇ ਜ਼ਮੀਨ ( ਜਾਇਦਾਦ) ਦੀ ਪ੍ਰਾਪਤੀ ਲਈ ਨਹੀਂ ਲੜਿਆ। ਖਾਲਸਾ ਨੇ ਕੇਵਲ ਜੁਲਮ ਦੇ ਵਿਰੁੱਧ ਅਵਾਜ ਉਠਾਈ। ਮਜ਼ਲੂਮ ਦੀ ਰਾਖੀ ਲਈ ਕਿਰਪਾਨ ਉਠਾਈ। ਖਾਲਸੇ ਦੀ ਜਿੱਤ ਵਾਹਿਗੁਰੂ ਦੀ ਫਤਿਹ ਹੁੰਦੀ।

ਭਾਰਤੀ ਮਿਥਿਹਾਸਕ ਕਥਾ ਮੁਤਾਬਕ ਜੋ ਪਹਿਲਾਂ ਅੰਮ੍ਰਿਤ ਪ੍ਰਾਪਤ ਕਰਨ ਲਈ ਦੇਵਤਿਆਂ ਅਤੇ ਦਾਨਵਾਂ ਵੱਲੋਂ ਸਮੁੰਦਰ ਰਿੜਕਣ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਸੁਮੇਰ ਪਰਬਤ ਦੀ ਮਧਾਣੀ ਬਣਾਈ ਗਈ ਸੀ ਅਤੇ ਥੱਲੇ ਟੇਕ ਕੱਛੂਕੁੰਮੇ ਦੀ ਦਿੱਤੀ ਗਈ, ਇਸ ਨੂੰ ਘੁੰਮਾਉਣ ਲਈ ਸ਼ੇਸ਼ਨਾਗ ਦਾ ਨੇਤਰਾ ਬਣਾਇਆ ਗਿਆ, ਜਦੋਂ ਇਸ ਮਿਥਿਹਾਸਕ ਕਥਾ ਅਨੁਸਾਰ ਸਮੁੰਦਰ ਵਿੱਚੋਂ ੧੪ ਰਤਨ ਨਿਕਲੇ ਤਾਂ ਇਸ ਵਿਚ ਇਕ ਵਿਸ਼ (ਜ਼ਹਿਰ ਦਾ ਘੜਾ) ਅਤੇ ਇਕ ਅੰਮ੍ਰਿਤ ਦਾ ਕਲਸ਼ ਵੀ ਨਿਕਲਿਆ। ਕਥਾ ਮੁਤਾਬਕ ਜ਼ਹਿਰ ਪੀਣ ਲਈ ਕੋਈ ਵੀ ਤਿਆਰ ਨਹੀਂ ਸੀ ਪਰ ਅੰਮ੍ਰਿਤ ਪੀਣ ਲਈ ਦੇਵਤਿਆਂ ਅਤੇ ਦਾਨਵਾਂ ਵਿਚ ਯੁੱਧ ਛਿੜ ਪਿਆ ਅੰਤ ਵਿਸ਼ਨੂੰ ਜੀ ਨੇ ਚਲਾਕੀ ਨਾਲ ਮੋਹਣੀ ਦਾ ਰੂਪ ਧਾਰ ਕੇ ਇਹ ਅੰਮ੍ਰਿਤ ਦੇਵਤਿਆਂ ਨੂੰ ਪਿਲਾ ਦਿੱਤਾ ਤਾਂ ਕਿ ਦੇਵਤੇ ਸਦਾ ਲਈ ਅਮਰ ਹੋ ਜਾਣ ਅਤੇ ਉਨ੍ਹਾਂ ਨੂੰ ਮੌਤ ਨਾ ਆਵੇ ਅਤੇ ਦਾਨਵਾਂ ਨੂੰ ਇਸ ਤੋਂ ਵਾਂਝੇ ਰੱਖਿਆ ਗਿਆ ਜਦੋਂ ਇਕ ਦਾਨਵ ਨੇ ਕਿਸੇ ਤਰੀਕੇ ਅੰਮ੍ਰਿਤ ਪੀਣ ਦੀ ਕੋਸ਼ਿਸ਼ ਕੀਤੀ ਤਾਂ ਇਸ ਤੋਂ ਪਹਿਲਾਂ ਕਿ ਉਹ ਅੰਮ੍ਰਿਤ ਉਸ ਦੇ ਗਲ਼ ਤੋਂ ਥੱਲੇ ਉਤਰਦਾ ਉਸ ਦਾ ਸਿਰ ਕੱਟ ਦਿੱਤਾ ਗਿਆ। ਉਸ ਦਾ ਸਰੀਰ ਦੋ ਹਿੱਸਿਆਂ ਵਿਚ ਹੋ ਗਿਆ ਪਰ ਫਿਰ ਵੀ ਉਹ ਅਮਰ ਹੋ ਗਿਆ। ਅੱਜ ਵੀ ਜੋਤਿਸ਼ ਦੇ ਹਿਸਾਬ ਨਾਲ ਰਾਹੂ-ਕੇਤੂ ਦੇ ਰੂਪ ਵਿਚ ਸਾਰਿਆਂ ਨੂੰ ਤੰਗ ਕਰਦਾ ਆ ਰਿਹਾ ਹੈ।

ਪਰ ਜੋ ਅੰਮ੍ਰਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕੀਤਾ ਉਸ ਲਈ ਇਸ ਮਿਥਿਹਾਸਕ ਕਥਾ ਦੀ ਤਰ੍ਹਾਂ ਅਜਿਹਾ ਕੁਝ ਵੀ ਨਹੀਂ ਕੀਤਾ ਗਿਆ ਬਲਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਸ ਅੰਮ੍ਰਿਤ ਨੂੰ ਤਿਆਰ ਕਰਨ ਲਈ 'ਧੁਰ ਕੀ ਬਾਣੀ' ਦਾ ਆਸਰਾ ਲਿਆ ਗਿਆ ਜਿਹੜੀ ਬਾਣੀ ਸਿੱਧੀ ਅਕਾਲ ਪੁਰਖ ਵੱਲੋਂ ਬਖਸ਼ੀ ਗਈ ਸੀ, ਜਿਸ ਬਾਰੇ ਜਦੋਂ ਭਾਈ ਲਾਲੋ ਜੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਵਾਲ ਕੀਤਾ ਗਿਆ ਕਿ ਹੇ ਸੱਚੇ ਪਾਤਸਾਹ! ਜੋ ਬਾਣੀ ਤੁਸੀਂ ਗਾਇਨ ਕਰਦੇ ਹੋ ਉਹ ਇਕ ਅਜੀਬ ਤਰ੍ਹਾਂ ਦੀ ਸ਼ਾਂਤੀ ਦਿੰਦੀ ਹੈ, ਹਿਰਦਿਆਂ ਨੂੰ ਠਾਰਦੀ ਹੈ, ਤੁਹਾਡੀ ਬਾਣੀ ਵੱਡਿਆਂ ਵੱਡਿਆਂ ਦੀ ਜ਼ਮੀਰ ਨੂੰ ਹਲੂਣਾ ਵੀ ਦਿੰਦੀ ਹੈ ਇਹ ਤੁਸੀ ਕਿੱਥੋਂ ਪੜ੍ਹੀ, ਕਿੱਥੋਂ ਸਿੱਖੀ, ਤਾਂ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ:

*ਜੈਸੀ ਮੈ ਆਵੈ ਖਸਮ ਕੀ ਬਾਣੀ*

*ਤੈਸੜਾ ਕਰੀ ਗਿਆਨੁ ਵੇ ਲਾਲੋ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)*

ਸੋ ਦਸਮੇਸ਼ ਪਿਤਾ ਜੀ ਵੱਲੋਂ ਤਿਆਰ ਕੀਤੇ ਜਾਣ ਵਾਲੇ ਅੰਮ੍ਰਿਤ ਵਿਚ ਉਸ ਅਕਾਲ ਪੁਰਖ ਦੀ ਬਾਣੀ ਦਾ ਤੱਤ ਸ਼ਾਮਲ ਕੀਤਾ ਗਿਆ ਜਿਸ ਨਾਲ ਖਾਲਸਾ ਸੰਤ ਰੂਪ ਧਾਰਨ ਕਰ ਸਕਿਆ ਪਰ ਗੁਰੂ ਸਾਹਿਬ ਕੇਵਲ ਸੰਤ ਜਾਂ ਸਾਧੂ ਹੀ ਪੈਦਾ ਨਹੀਂ ਕਰਨਾ ਚਾਹੁੰਦੇ ਸਨ ਉਨ੍ਹਾਂ ਨੇ ਖਾਲਸੇ ਵਿਚ ਬਹਾਦਰੀ ਲਈ ਸਿਪਾਹੀ ਦੇ ਗੁਣ ਪੈਦਾ ਕਰਨ ਲਈ ਬਾਣੀ ਦੇ ਨਾਲ ਨਾਲ ਦੋ-ਧਾਰੀ ਖੰਡੇ ਦੀ ਧਾਰ ਦੀ ਤੀਬਰਤਾ ਵੀ ਸ਼ਾਮਲ ਕੀਤੀ ਤਾਂ ਕਿ ਪ੍ਰਗਟ ਹੋਣ ਵਾਲਾ ਖਾਲਸਾ ਸੰਤ ਦੇ ਨਾਲ ਨਾਲ ਸਿਪਾਹੀ ਵੀ ਹੋਵੇ ਪਰ ਇਸ ਦੇ ਸੁਭਾਅ ਵਿਚ ਨਿਮਰਤਾ ਅਤੇ ਮਿਠਾਸ ਕਾਇਮ ਰੱਖਣ ਲਈ ਮਾਤਾ ਸਾਹਿਬ ਕੌਰ ਜੀ ਵੱਲੋਂ ਪਤਾਸਿਆਂ ਦੀ ਮਿਠਾਸ ਪਾਈ ਗਈ।

ਅੰਮ੍ਰਿਤ ਤਿਆਰ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪੰਚ ਪਰਵਾਣ ਅਤੇ ਪੰਚ ਪਰਧਾਨ ਦੇ ਸਿਧਾਂਤ ਅਧੀਨ ਖਾਲਸੇ ਨੂੰ ਪਰਮਾਤਮਾ ਦੀ ਦਰਗਾਹ ਵਿਚ ਪ੍ਰਵਾਨਗੀ ਅਤੇ ਸਰੀਰਕ ਜਾਮੇ ਵਿਚ ਪੰਜਾਂ ਵਿਕਾਰਾਂ ਵਿਚ ਲਿਪਤ ਆਤਮਾ ਨੂੰ ਖਸਮ ਦੀ ਬਾਣੀ, ਧੁਰ ਕੀ ਬਾਣੀ ਰਾਹੀਂ ਤਾਕਤ ਦੇਣ ਲਈ ਪੰਜ ਬਾਣੀਆਂ (ਜਪੁਜੀ ਸਾਹਿਬ, ਜਾਪ ਸਾਹਿਬ, ਸਵੱਈਏ, ਚੌਪਈ ਸਾਹਿਬ ਅਤੇ ਅਨੰਦ ਸਾਹਿਬ) ਪੜ੍ਹੀਆਂ ਗਈਆਂ। ਸੋ ਅੰਮ੍ਰਿਤ ਤਿਆਰ ਕਰਦੇ ਸਮੇਂ ਸ਼ਾਸਤਰ ਅਤੇ ਸ਼ਸਤਰ ਦਾ ਸੁਮੇਲ ਕੀਤਾ ਗਿਆ ਅਤੇ ਭਗਤੀ ਅਤੇ ਸ਼ਕਤੀ ਨੂੰ ਇਕੱਠਾ ਕੀਤਾ ਗਿਆ, ਜਦੋਂ ਭਗਤੀ ਅਤੇ ਸ਼ਕਤੀ ਇਕੱਠੀ ਹੋ ਗਈ ਤਾਂ ਭਗਤੀ ਵਿਚ ਸੰਤ ਅਤੇ ਸ਼ਕਤੀ ਵਿੱਚੋਂ ਸਿਪਾਹੀ ਦਾ ਜਨਮ ਹੋਇਆ ਅਤੇ ਗੁਰੂ ਦਾ ਖਾਲਸਾ 'ਸੰਤ ਸਿਪਾਹੀ' ਦੇ ਰੂਪ ਵਿਚ ਪ੍ਰਗਟ ਹੋਇਆ ਜਿਸ ਨੇ ਜਿੱਥੇ ਇਸ ਜਗਤ ਵਿਚ ਬਾਹਰੀ ਸ਼ਕਤੀਆਂ ਦੇ ਟਾਕਰੇ ਲਈ ਸਿਪਾਹੀ ਦੇ ਰੂਪ ਵਿਚ ਯੁੱਧ ਵੀ ਕਰਨੇ ਸੀ, ਉੱਥੇ ਮਾਨਸਿਕ ਤੌਰ 'ਤੇ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਰਚੀ ਬਾਣੀ ਅਨੁਸਾਰ ਪੰਜਾਂ ਵਿਕਾਰਾਂ ਦੀ ਅਤਿ ਸ਼ਕਤੀਸ਼ਾਲੀ ਫੌਜ ਨਾਲ ਵੀ ਲੜਨਾ ਸੀ:

*ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥*
*ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੪)*

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਰਾਹੀਂ ਕਿਹਾ ਗਿਆ ਕਿ ਇਸ ਕਲਯੁੱਗ ਵਿਚ ਉਹ ਮਨੁੱਖ ਪੂਰਨ ਹੈ ਜਿਹੜਾ ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਪੰਜ ਵੱਡੇ ਸੂਰਬੀਰਾਂ ਨੂੰ ਮਾਰ ਕੇ ਲੀਰੋ ਲੀਰ ਕਰ ਦੇਵੇ। ਪੰਚਮ ਗੁਰੂ ਜੀ ਦੇ ਇਸੇ ਫੁਰਮਾਨ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੂਰਨ ਕਰਨ ਲਈ ਅੰਮ੍ਰਿਤ ਛਕਾ ਕੇ ਇਹ ਸਿੱਖਿਆ ਦਿੱਤੀ ਕਿ ਮੇਰਾ ਖਾਲਸਾ ਕਦੀ ਵੀ ਪੰਜ ਵਿਕਾਰਾਂ ਨੂੰ ਆਪਣੇ ਮਨ ਵਿਚ ਜਗ੍ਹਾ ਨਹੀਂ ਦੇਵੇਗਾ। ਗੁਰੂ ਦੀ ਆਗਿਆ ਅਨੁਸਾਰ ਆਪਣਾ ਜੀਵਨ ਜੀਵੇਗਾ ਅਤੇ ਪਰਮੇਸ਼ਰ ਨੂੰ ਪਾਵੇਗਾ।

ਇਸ ਬਾਰੇ ਦਸਮੇਸ਼ ਪਿਤਾ ਜੀ ਦੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਬਚਨ ਹਨ:

*ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ॥*
*ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥*

੧੭੫੬ ਬ੍ਰਿਕਮੀ ਦੀ ਵੈਸਾਖੀ ਵਾਲੇ ਦਿਨ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਈ ਰੂਪ ਵਿਚ ਪ੍ਰਗਟ ਕਰਨ ਦਾ ਮੰਤਵ ਕੇਵਲ ਆਪਣੇ ਵਿਰੋਧੀਆਂ ਜਾਂ ਮੁਗ਼ਲਾਂ ਨਾਲ ਜੰਗ-ਯੁੱਧ ਲੜਨ ਲਈ ਫੌਜ ਤਿਆਰ ਕਰਨਾ ਨਹੀਂ ਸੀ ਬਲਕਿ ਖਾਲਸੇ ਨੂੰ ਜ਼ਿੰਦਗੀ ਦੇ ਹਰ ਪੱਖ ਤੋਂ ਜਾਣੂ ਕਰਵਾ ਕੇ ਇਕ ਖਾਲਸ ਸ਼ੁੱਧ ਅਤੇ ਪੂਰਨ ਪਰਮ ਮਨੁੱਖ ਦੇ ਰੂਪ ਵਿਚ ਤਿਆਰ ਕਰਨਾ ਸੀ ਜੋ ਮਾਨਸਿਕ ਅਤੇ ਸਰੀਰਕ ਤੌਰ 'ਤੇ ਇੰਨਾ ਸਮਰੱਥ ਹੋਵੇ ਕਿ ਰਣ-ਭੂਮੀ ਵਿਚ ਸਵਾ ਲੱਖ ਫੌਜ ਨਾਲ ਇਕੱਲਾ ਜੂਝਣ/ ਜੰਗ ਕਰਨ ਦੇ ਵੀ ਸਮਰੱਥ ਹੋਵੇ ਅਤੇ ਮਾਨਸਿਕ ਤੌਰ 'ਤੇ ਵੀ ਵਿਕਾਰਾਂ ਦੀ ਫੌਜ ਨੂੰ ਹਰਾਉਣ ਲਈ ਮਹਾਂਬਲੀ ਦੀ ਤਰ੍ਹਾਂ ਤਿਆਰ-ਬਰ-ਤਿਆਰ ਰਹਿ ਕੇ ਭਵ ਸਾਗਰ ਤੋਂ ਪਾਰ ਹੋਣ ਲਈ ਵੀ ਪੂਰਨ ਹੋਵੇ।

*ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥*
*ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥*

*(ਸ੍ਰੀ ਦਸਮ ਗ੍ਰੰਥ ਸਾਹਿਬ)*

ਪੰਜ ਪਿਆਰਿਆਂ ਦੀ ਪੰਜ ਦੀ ਗਿਣਤੀ ਵਿਚ ਵੀ ਡੂੰਘਾ ਰਹੱਸ ਹੈ। ਸਾਡਾ ਮਨੁੱਖੀ ਸਰੀਰ ਪੰਜ ਤੱਤਾਂ (ਪ੍ਰਿਥਵੀ, ਜਲ, ਅਗਨੀ, ਵਾਯੂ ਅਤੇ ਆਕਾਸ਼) ਤੋਂ ਬਣਿਆ ਹੋਇਆ ਹੈ। ਪੰਜ ਹੀ ਸਾਡੀਆਂ ਗਿਆਨ ਇੰਦਰੀਆਂ ਹਨ, ਜਿਵੇਂ ਕਿ- ਅੱਖਾਂ, ਕੰਨ, ਨੱਕ, ਜੀਭ ਅਤੇ ਚਮੜੀ। ਇਸੇ ਤਰ੍ਹਾਂ ਸਾਡੀਆਂ ਪੰਜ ਹੀ ਕਰਮ ਇੰਦਰੀਆਂ ਹਨ, ਜਿਵੇਂ ਕਿ- ਮੂੰਹ, ਹੱਥ, ਪੈਰ, ਲਿੰਗ ਅਤੇ ਗੁਦਾ ਅਤੇ ਹੁਣ ਇਨ੍ਹਾਂ ਪੰਜਾਂ ਦੇ ਨਾਲ ਹੀ ਜੁੜੇ ਹਨ ਸਾਡੇ ਪੰਜ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਜਦੋਂ ਜੀਵ ਇਸ ਸੰਸਾਰ ਵਿਚ ਜਨਮ ਲੈਂਦਾ ਹੈ ਤਾਂ ਆਪਣੇ ਪੰਜ ਗਿਆਨ ਇੰਦਰਿਆਂ ਦੇ ਆਸਰੇ ਪੰਜ ਕਰਮ ਇੰਦਰੀਆਂ ਦੁਆਰਾ ਕਰਮ ਕਰਦਾ ਹੈ ਅਤੇ ਉਨ੍ਹਾਂ ਕੀਤੇ ਹੋਏ ਕਰਮਾਂ ਦਾ ਹਿਸਾਬ ਕਿਤਾਬ ਦੇਣ ਲਈ ਮਨੁੱਖ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਂਵਾਕ- "*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ*" ਅਨੁਸਾਰ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਜੁਗਾਂ-ਜੁਗਾਂਤਰਾਂ ਤੋਂ ਮਨੁੱਖ ਇਨ੍ਹਾਂ ਪੰਜ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਕਦੀ ਸੰਨਿਆਸੀ ਬਣਦਾ ਹੈ, ਕਦੀ ਜੰਗਲਾਂ ਵਿਚ ਜਾ ਟਿਕਦਾ ਹੈ, ਕਦੀ ਮੌਨ ਧਾਰਦਾ ਹੈ, ਕਦੀ ਜਪ-ਤਪ ਕਰਦਾ ਹੈ, ਕਦੀ ਨਗਨ ਰਹਿ ਕੇ, ਕਦੀ ਜੋਗ ਧਾਰਨ ਕਰ ਕੇ, ਕਦੇ ਗ੍ਰਹਿਸਥ ਦਾ ਤਿਆਗ ਕਰ ਕੇ, ਕਦੇ ਮਾਇਆ ਦਾ ਦਾਨ ਕਰ ਕੇ ਅਨੇਕਾਂ ਕਰਮ ਕਰ ਕੇ ਇਨ੍ਹਾਂ ਵਿਕਾਰਾਂ ਤੋਂ ਬਚਣ ਦਾ ਯਤਨ ਕਰਦਾ ਰਿਹਾ ਪਰ ਇਹ ਪੰਜ ਵਿਕਾਰਾਂ ਨੂੰ ਕਾਬੂ ਨਹੀਂ ਕਰ ਸਕਿਆ।

ਪਰ ਸਿੱਖੀ ਵਿਚ ਕਿਸੇ ਵੀ ਕਰਮ ਦਾ ਤਿਆਗ ਕਰ ਕੇ ਇਨ੍ਹਾਂ ਵਿਕਾਰਾਂ 'ਤੇ ਕਾਬੂ ਪਾਉਣ ਦਾ ਕੋਈ ਸਿਧਾਂਤ ਨਹੀਂ ਰਿਹਾ, ਕਿਉਂਕਿ ਇਹ ਪੰਜ ਵਿਕਾਰ, ਪੰਜ ਤੱਤਾਂ ਨਾਲ

ਜੁੜੇ ਹੋਏ ਹਨ ਅਤੇ ਪੰਜ ਤੱਤਾਂ ਤੋਂ ਮਨੁੱਖ ਦਾ ਸਰੀਰ ਬਣਿਆ ਹੈ ਇਸ ਲਈ ਜਦੋਂ ਤਕ ਜੀਵਨ ਹੈ ਅਤੇ ਇਹ ਸਰੀਰ ਦੀ ਹੋਂਦ ਹੈ ਤਾਂ ਇਹ ਪੰਜ ਤੱਤ ਤੋਂ ਵੱਖਰਾ ਨਹੀਂ ਹੋਇਆ ਜਾ ਸਕਦਾ ਅਤੇ ਜਦੋਂ ਇਨ੍ਹਾਂ ਪੰਜਾਂ ਤੱਤਾਂ ਤੋਂ ਵੱਖਰਾ ਨਹੀਂ ਹੋਇਆ ਜਾ ਸਕਦਾ ਤਾਂ ਪੰਜ ਵਿਕਾਰ ਵੀ ਇਨ੍ਹਾਂ ਪੰਜ ਤੱਤਾਂ ਦੇ ਹੀ ਅਨਿੱਖੜਵੇਂ ਅੰਗ ਹਨ ਇਨ੍ਹਾਂ ਨਾਲ ਹੀ ਜੀਵਨ ਹੈ ਜੇਕਰ ਇਨ੍ਹਾਂ ਵਿੱਚੋਂ ਕੋਈ ਵੀ ਤੱਤ ਨਿਖੇੜ ਦਿੱਤਾ ਜਾਵੇ ਤਾਂ ਜੀਵਨ ਦਾ ਅੰਤ ਨਿਸ਼ਚਿਤ ਹੈ ਸੋ ਇਹ ਜੋ ਪੰਜ ਵਿਕਾਰ- ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਹਨ। ਇਹ ਜ਼ਿੰਦਗੀ ਦੀਆਂ ਅਤਿਅੰਤ ਜ਼ਰੂਰੀ ਕਿਰਿਆਵਾਂ ਹਨ ਜਿਨ੍ਹਾਂ ਰਾਹੀਂ ਅਸੀਂ ਜ਼ਿੰਦਗੀ ਦਾ ਰਸ ਮਾਣਦੇ ਹਾਂ ਅਗਰ ਇਹ ਕਿਰਿਆਵਾਂ ਵਿੱਚੋਂ ਕਿਸੇ ਵੀ ਕਿਰਿਆ ਨੂੰ ਜ਼ਿੰਦਗੀ ਵਿੱਚੋਂ ਕੱਢ ਦਿੱਤਾ ਜਾਵੇ ਤਾਂ ਜ਼ਿੰਦਗੀ ਰਸਹੀਣ/ਨੀਰਸ ਹੋ ਜਾਵੇਗੀ ਅਤੇ ਸੰਸਾਰ ਦੀ ਕਿਰਿਆ ਰੁਕ ਜਾਵੇਗੀ। ਜਦੋਂ ਅਸੀਂ ਜ਼ਿੰਦਗੀ ਦੀਆਂ ਇਨ੍ਹਾਂ ਕਿਰਿਆਵਾਂ ਦੀ ਮਰਯਾਦਾ ਤੋਂ ਬਾਹਰ ਹੋ ਕੇ ਦੁਰਵਰਤੋਂ ਕਰਦੇ ਹਾਂ ਤਾਂ ਇਹੀ ਕਿਰਿਆਵਾਂ ਸਾਡੇ ਲਈ ਵਿਕਾਰ ਬਣ ਜਾਂਦੇ ਹਨ। ਜਿਨ੍ਹਾਂ ਤੋਂ ਬਚਣ ਲਈ ਪ੍ਰੇਰਨਾ ਕੀਤੀ ਗਈ ਹੈ।

ਸੋ ਗੁਰੂ ਸਹਿਬਾਨ ਨੇ ਸਿੱਖ ਧਰਮ ਵਿਚ ਇਸੇ ਕਾਰਨ ਜ਼ਿੰਦਗੀ ਦੇ ਰਸ ਨੂੰ ਬਰਕਰਾਰ ਰੱਖਣ ਲਈ ਇਕ ਨਵੇਕਲੀ ਜੀਵਨ-ਜਾਚ ਰਹਿਤ ਲਾਗੂ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਾਮ ਨੂੰ ਕਾਬੂ ਵਿਚ ਰੱਖਣ ਲਈ ਗ੍ਰਿਹਸਥ ਜੀਵਨ ਅਪਨਾਉਣ ਦਾ ਆਦੇਸ਼ ਦਿੱਤਾ ਅਤੇ ਗ੍ਰਿਹਸਥ ਵਿਚ ਅਨੁਸ਼ਾਸਨ ਰੱਖਣ ਲਈ ਕਛਹਿਰਾ ਪਾਉਣਾ ਲਾਜ਼ਮੀ ਕੀਤਾ ਅਤੇ ਇਸ ਨੂੰ ਪੰਜ ਕਕਾਰਾਂ ਵਿਚ ਸ਼ਾਮਲ ਕੀਤਾ। ਕ੍ਰੋਧ ਨੂੰ ਕਾਬੂ ਵਿਚ ਰੱਖਣ ਲਈ ਜੋਸ਼ ਵਿਚ ਬਦਲ ਦਿੱਤਾ, ਇਹ ਜੋਸ਼ ਧਰਮ ਯੁੱਧ ਦੇ ਸਮੇਂ ਵਰਤਣ ਦੀ ਆਗਿਆ ਦਿੱਤੀ ਜਿਸ ਲਈ ਉਨ੍ਹਾਂ ਨੇ ਪੰਜ ਕਕਾਰਾਂ ਵਿਚ ਕਿਰਪਾਨ ਧਾਰਨ ਕਰਨ ਦੀ ਆਗਿਆ ਕੀਤੀ। ਲੋਭ, ਮਾਇਆ ਅਤੇ ਦੁਨਿਆਵੀ ਵਸਤਾਂ ਨਾਲ ਸੰਬੰਧਿਤ ਹੈ ਜੋ ਮਨ ਦੀ ਤ੍ਰਿਸ਼ਨਾ ਤੋਂ ਉਪਜਦਾ ਹੈ ਇਸੇ ਤਰ੍ਹਾਂ ਮੋਹ ਪਰਿਵਾਰਕ ਰਿਸ਼ਤਿਆਂ ਵਿਚ ਪਨਪਦਾ ਹੈ। ਇਹ ਦੋਨੋਂ ਮਨ ਦੇ ਅੰਤਰੀਵ ਭਾਵਾਂ ਨਾਲ ਜੁੜੇ ਹਨ। ਲੋਭ ਅਤੇ ਮੋਹ ਦੇ ਤਾਣੇ ਬਾਣੇ ਵਿੱਚੋਂ ਜਦੋਂ ਕੋਈ ਮਨੁੱਖ ਆਪਣੀ ਲੋੜ ਤੋਂ ਜ਼ਿਆਦਾ ਦੌਲਤ, ਤਾਕਤ ਅਤੇ ਰਸੂਖ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਵਿੱਚੋਂ ਸਹਿਜੇ ਹੀ ਹੰਕਾਰ ਪੈਦਾ ਹੋ ਜਾਂਦਾ ਹੈ ਪਰ ਹੰਕਾਰ ਵਿੱਚੋਂ ਹੀ ਕਾਮ ਅਤੇ ਕ੍ਰੋਧ ਨੂੰ ਵੀ ਵਿਸ਼ੇਸ਼ ਹੁਲਾਰਾ ਮਿਲਦਾ ਹੈ ਕਿਉਂਕਿ ਕਾਮ ਅਤੇ ਕ੍ਰੋਧ ਦੀ ਪੂਰਤੀ ਵੀ ਆਪਣੇ ਤੋਂ ਨੀਵੇਂ ਅਤੇ ਕਮਜ਼ੋਰ ਦੀ ਮਜਬੂਰੀ ਵਿੱਚੋਂ ਕੀਤੀ ਜਾਂਦੀ ਹੈ ਸੋ ਇਨ੍ਹਾਂ ਤਿੰਨਾਂ (ਲੋਭ, ਮੋਹ ਅਤੇ ਹੰਕਾਰ) ਨੂੰ ਅਨੁਸ਼ਾਸਨ ਵਿਚ ਰੱਖਣ ਲਈ ਗੁਰੂ ਮਹਾਰਾਜ ਨੇ ਬੜੀ ਸੂਖਮਤਾ ਨਾਲ ਕੇਸ, ਕੰਘਾ ਅਤੇ ਕੜਾ ਕਕਾਰਾਂ ਵਿਚ ਸ਼ਾਮਲ ਕੀਤੇ ਗਏ ਜਿਵੇਂ- ਕੇਸਾਂ ਦੀ ਸਾਫ-ਸਫਾਈ ਅਤੇ ਸੰਭਾਲਣ ਲਈ ਕੰਘਾ ਅਤਿ ਜ਼ਰੂਰੀ ਹੈ, ਉਸੇ ਤਰ੍ਹਾਂ ਮਨ ਨੂੰ ਇਨ੍ਹਾਂ ਵਿਕਾਰਾਂ ਤੋਂ ਸਾਫ ਕਰਨ ਲਈ ਰੋਜ਼ਾਨਾ ਨਿੱਤਨੇਮ ਦੀਆਂ ਪੰਜ ਬਾਣੀਆਂ ਦੇ ਪਾਠ ਕਰਨ ਦੀ ਲੋੜ ਹੈ। ਜਦੋਂ ਸਿੱਖ ਕੇਸਾਂ ਦੀ ਸਫਾਈ ਅਤੇ ਸੰਭਾਲ ਲਈ ਰੋਜ਼ਾਨਾ ਕੰਘਾ ਕਰੇਗਾ ਤਾਂ ਉਸ ਨੂੰ ਯਾਦ ਰਹੇਗਾ ਕਿ ਇਸੇ ਤਰ੍ਹਾਂ ਪੰਜ ਬਾਣੀਆਂ

ਦੇ ਪਾਠ ਨਾਲ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਮਨ ਨੂੰ ਵੀ ਸਾਫ ਰੱਖਣਾ ਹੈ ਤਾਂ ਕਿ ਦਿਨ ਦੇ ਵਰਤ ਵਿਹਾਰ ਦੌਰਾਨ ਜੇਕਰ ਕੋਈ ਵਿਕਾਰਾਂ ਦੀ ਮੈਲ ਚੜ੍ਹ ਜਾਵੇ ਤਾਂ ਉਹ ਪੰਜ ਬਾਣੀਆਂ ਦਾ ਪਾਠ ਨਾਲ ਉਵੇਂ ਹੀ ਸਾਫ ਅਤੇ ਨਿਰਮਲ ਹੋ ਜਾਵੇ ਜਿਵੇਂ- ਕੰਘਾ ਕੇਸਾਂ ਨੂੰ ਸਾਫ ਕਰ ਦਿੰਦਾ ਹੈ। ਗੁਰੂ ਮਹਾਰਾਜ ਨੇ ਸਿੱਖ ਨੂੰ ਇਕ ਹੋਰ ਅਹਿਮ ਕਕਾਰ ਹੱਥ ਵਿਚ ਕੜਾ ਪਹਿਨਣ ਲਈ ਇਸ ਲਈ ਦਿੱਤਾ ਕਿ ਜਦੋਂ ਵੀ ਕੋਈ ਸਿੱਖ ਕੋਈ ਵੀ ਕਰਮ ਕਰੇ ਤਾਂ ਉਸ ਨੂੰ ਹੱਥ ਵਿਚ ਪਾਇਆ ਹੋਇਆ ਕੜਾ ਇਹ ਅਹਿਸਾਸ ਕਰਵਾਵੇ ਕਿ ਗੁਰੂ ਮਹਾਰਾਜ ਨੇ ਮੇਰੇ ਹੱਥ ਵਿਚ ਕੜਾ ਪਾਇਆ ਹੋਇਆ ਹੈ, ਇਸ ਲਈ ਮੈਂ ਕਿਸੇ ਨਾਲ ਕੋਈ ਬੇਈਮਾਨੀ ਨਹੀਂ ਕਰਨੀ, ਕਿਰਤ ਦੀ ਸੱਚੀ ਕਮਾਈ ਕਰਨੀ ਹੈ, ਕਿਸੇ ਮਜਲੂਮ ਨਾਲ ਵਧੀਕੀ ਨਹੀਂ ਕਰਨੀ, ਕਿਸੇ ਲੋੜਵੰਦ ਦੀ ਸਹਾਇਤਾ ਕਰਨੀ ਹੈ, ਕਿਸੇ ਨਾਲ ਵੀ ਹਥਿਆਰ ਅਤੇ ਕਲਮ ਦੀ ਗ਼ਲਤ ਵਰਤੋਂ ਨਹੀਂ ਕਰਨੀ।

ਇਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਪੰਜ ਕਕਾਰ ਬਖਸ਼ ਕੇ ਇਨਾਂ ਪੰਜ ਵਿਕਾਰਾਂ ਤੇ ਬਿਨਾਂ ਕਿਸੇ ਕਿਰਿਆ ਦੇ ਤਿਆਗ ਤੋਂ ਅਨੁਸ਼ਾਸਨ ਵਿਚ/ਰਹਿਤ ਵਿਚ ਰਹਿ ਕੇ ਪੰਜ ਬਾਣੀਆਂ ਦੇ ਨਿੱਤਨੇਮ ਨਾਲ ਖਾਲਸ ਜੀਵਨ ਜੀਉਣ ਦੀ ਜਾਚ ਬਖਸ਼ੀ। ਪੰਜ ਬਾਣੀਆਂ ਦੇ ਅਨੁਸਾਰੀ ਹੋ ਕੇ ਪੰਜ ਕਕਾਰਾਂ ਨਾਲ ਰਹਿਤ ਦੀ ਮਰਯਾਦਾ ਦੀ ਦੀ ਪਾਲਣਾ ਕਰਦੇ ਹੋਏ ਸਿੱਖ ਵਿਚ ਖਾਲਸ ਧਰਮ ਪ੍ਰਵੇਸ਼ ਕਰਦਾ ਹੈ ਜਦੋਂ ਧਰਮ ਪ੍ਰਵੇਸ਼ ਕਰਦਾ ਹੈ ਤਾਂ ਮਨ ਵਿਚ ਆਪਣੇ ਤੋਂ ਹੀਣੇ ਲਈ, ਕਮਜ਼ੋਰ ਲਈ, ਦਯਾ ਵੀ ਆਉਂਦੀ ਹੈ ਜਦੋਂ ਦਯਾ ਅਤੇ ਧਰਮ ਇਕੱਠੇ ਹੋ ਜਾਣ ਤਾਂ ਮੁਹਕਮ ( ਦ੍ਰਿੜ੍ਹਤਾ) ਦਾ ਆਉਣਾ ਸੁਭਾਵਿਕ ਹੈ ਅਤੇ ਜਦੋਂ ਦਯਾ, ਧਰਮ, ਮੁਹਕਮ ਆ ਜਾਣ ਤਾਂ ਹਿੰਮਤ ਆਪਣੇ ਆਪ ਪ੍ਰਵੇਸ਼ ਕਰ ਜਾਂਦੀ ਹੈ ਜਿਸ ਮਨੁੱਖ ਵਿਚ ਦਯਾ, ਧਰਮ, ਮੁਹਕਮ ਅਤੇ ਹਿੰਮਤ ਦਾ ਵਾਸ ਹੋ ਜਾਵੇ ਤਾਂ ਉਹ ਸਾਹਿਬ ਦਾ ਰੂਪ ਧਾਰ ਲੈਂਦਾ ਹੈ ਅਤੇ ਦਸਮੇਸ਼ ਪਿਤਾ ਦੇ ਹੱਥੋਂ ਪੰਜ ਬਾਣੀਆਂ ਦੀ ਸ਼ਕਤੀ ਨਾਲ ਖੰਡੇ ਦੀ ਧਾਰ ਨਾਲ ਤਿਆਰ ਹੋਏ ਅੰਮ੍ਰਿਤ ਨੂੰ ਛਕ ਕੇ ਉਹ ਸਭ ਦਾ ਮੀਤ ਬਣ ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਫਿਰ ਗੁਰੂ ਰੂਪ ਖਾਲਸਾ ਪ੍ਰਗਟ ਹੋ ਜਾਂਦਾ ਹੈ। ਅਜਿਹੇ ਪੂਰਨ ਖਾਲਸੇ ਬਾਰੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਬਚਨ ਕੀਤੇ ਹਨ ਕਿ:

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਦ॥*

ਅੰਮ੍ਰਿਤ ਦੇ ਦਾਤੇ, ਕਲਗੀਆਂ ਵਾਲੇ ਪਾਤਸ਼ਾਹ, ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਜਦੋਂ ਮੇਰਾ ਅਜਿਹਾ ਖਾਲਸਾ ਇਨ੍ਹਾਂ ਵਿਕਾਰਾਂ ਤੋਂ ਮੁਕਤ ਹੋ ਖਾਲਸ ਰੂਪ ਵਿਚ ਆਤਮ ਰਸ ਨੂੰ ਜਾਣ ਲੈਂਦਾ ਹੈ ਤਾਂ ਉਹ ਖਾਲਸ ਦੇਵਤਾ ਬਣ ਜਾਂਦਾ ਹੈ ਅਤੇ ਉਸ ਖਾਲਸੇ ਵਿਚ, ਮੇਰੇ ਵਿਚ ਅਤੇ ਪ੍ਰਭੂ ਪਰਮੇਸ਼ਰ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ।

# ੧੭੧੦ ਈ. ਵਿਚ ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਦੀ ਤਬਾਹੀ ਬਾਬਤ ਭੁਲੇਖੇ ਨੂੰ ਦੂਰ ਕਰਨਾ

*ਮੂਲ: -ਸ. ਇੰਦਰਜੀਤ ਸਿੰਘ**

*ਅਨੁਵਾਦ: -ਸ. ਗੁਰਦੇਵ ਸਿੰਘ ਰੂਪਰਾਏ*

**ਜਾਣ-ਪਛਾਣ**

ਬਾਬਾ ਬੰਦਾ ਸਿੰਘ ਬਹਾਦਰ ਉੱਤੇ ੧੭੧੦ ਈ. ਵਿਚ ਸਰਹਿੰਦ ਸ਼ਹਿਰ ਨੂੰ ਤਬਾਹ ਕਰਨ ਦਾ ਇਲਜ਼ਾਮ ਲਗਾਇਆ ਗਿਆ ਹੈ ਜੋ ਕਿ ਬਹੁਤਿਆਂ ਦੇ ਅਨੁਸਾਰ ਸ਼ਾਨ ਦੇ ਪੱਖੋਂ ਪੰਜਾਬ ਵਿਚ ਲਾਹੌਰ ਤੋਂ ਬਾਅਦ ਹੀ ਸੀ। ਮਿਰਜ਼ਾ ਮੁਹੰਮਦ (੧੭੧੯ ਈ.) ਨੇ ਲਿਖਿਆ ਹੈ ਕਿ ਬੰਦਾ ਸਿੰਘ ਅਤੇ ਉਸ ਦੀਆਂ ਫੌਜਾਂ ਨੇ ਮੁਸਲਮਾਨਾਂ ਨੂੰ ਮਾਰਨ ਦੇ ਜੋਸ਼ ਵਿਚ ਬੱਚਿਆਂ ਅਤੇ ਗਰਭਵਤੀ ਇਸਤਰੀਆਂ ਨੂੰ ਨਹੀਂ ਬਖਸ਼ਿਆ।[੧] ਇੱਥੋਂ ਤਕ ਕਿ 'ਇਬਰਤ-ਨਾਮਾ' ਵਿਚ ਜ਼ਿਕਰ ਮਿਲਦਾ ਹੈ ਕਿ ਉਸਨੇ ਖ਼ੁਦਾ ਦੇ ਬੰਦਿਆਂ ਦੀਆਂ ਮਸਜਿਦਾਂ ਤੇ ਮਜ਼ਾਰ ਵੀ ਨਹੀਂ ਬਖ਼ਸ਼ੇ।[੨], ਫਿਰ ਸਿੱਖਾਂ ਦਾ ਇੱਕ ਹਿੱਸਾ ਹੈ ਜਿਸ ਨੇ ਸਰਹਿੰਦ ਦੀ 'ਇਸ ਤਬਾਹੀ' ਨੂੰ ਜਾਇਜ਼ ਮੰਨਿਆ ਹੈ।[੩] ਅਤੇ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਨ ਤੋਂ ਬਦਲਾ ਲੈਣ ਲਈ ਜਾਇਜ਼ ਠਹਿਰਾਇਆ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਬੱਚਿਆਂ (ਸਾਹਿਬਜ਼ਾਦਿਆਂ) ਨੂੰ ਸ਼ਹੀਦ ਕੀਤਾ ਸੀ।[੪]

ਇਸ ਬਿਰਤਾਂਤ ਦੇ ਆਧਾਰ 'ਤੇ, ਬਾਬਾ ਬੰਦਾ ਸਿੰਘ ਪੱਛਮੀ ਪੰਜਾਬ ਵਿਚ ਰਾਵੀ ਪਾਰ ਦੀ ਇੱਕ ਬਹੁਤ ਹੀ ਨਫ਼ਰਤ ਭਰੀ ਇਤਿਹਾਸਿਕ ਸ਼ਖ਼ਸੀਅਤ ਹੈ। ਲਗਾਤਾਰ ਆਧੁਨਿਕ ਇਤਿਹਾਸਕਾਰਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਸਰਹਿੰਦ ਦੇ ਮੌਜੂਦਾ ਭੂਗੋਲਿਕ ਸਥਿਤੀ ਦੀ ਜਾਂਚ ਕਰਨ ਦੀ ਪਰਵਾਹ ਕੀਤੇ ਬਿਨਾਂ ਇਸ ਨੂੰ ਸੱਚ ਵਜੋਂ ਸਵੀਕਾਰ ਕੀਤਾ ਹੈ। ਇਹ ਲਿਖਤ ਸਰਹਿੰਦ ਵਿਚ ਤਿੰਨ ਦਰਜਨ ਮੌਜੂਦਾ ਮੁਸਲਮਾਨ ਇਮਾਰਤਾਂ ਨੂੰ ਵੇਖੇਗੀ ਜੋ ਸਾਰੇ ੧੭੧੦ ਈ. ਤੋਂ ਪਹਿਲਾਂ ਬਣੀਆਂ ਸਨ। ਡਾ. ਸੁਭਾਸ਼ ਪਰਿਹਾਰ ਨੇ ਪੰਜਾਬ ਅਤੇ ਹਰਿਆਣਾ ਵਿਚ ਇਸਲਾਮੀ ਇਮਾਰਤਾਂ ਅਤੇ ਉਨ੍ਹਾਂ ਦੇ ਆਰਕੀਟੈਕਚਰ ਬਾਰੇ ਵਿਸਤ੍ਰਿਤ ਰੂਪ ਵਿਚ ਲਿਖਿਆ ਹੈ। ਉਨ੍ਹਾਂ ਨੂੰ ਇਸ ਵਿਸ਼ੇ 'ਤੇ ਇੱਕ ਮਾਹਰ ਮੰਨਿਆ ਜਾਂਦਾ ਹੈ ਅਤੇ ਇਸ ਲੇਖ ਵਿਚ ਉਨ੍ਹਾਂ ਦੇ ਅਕਾਦਮਿਕ ਕੰਮਾਂ ਦੀ ਭਰਪੂਰ ਵਰਤੋਂ ਕੀਤੀ ਗਈ ਹੈ।

**ਇਤਿਹਾਸਿਕ ਮਸਜਿਦਾਂ**

ਸਰਹਿੰਦ ਸ਼ਹਿਰ ਵਿਚ ੧੨ ਇਤਿਹਾਸਿਕ ਮਸਜਿਦਾਂ ਹਨ। ਭਗਤ ਸਧਨਾ

** 8, Smithfield Avenue, Trowell, Nottingham (U.K.) NG93PD. Contact 07515031604*

ਜੀ ਦੀ ਮਸਜਿਦ ਫਤਿਹਗੜ੍ਹ ਸਾਹਿਬ ਦੇ ਰੇਲਵੇ ਕਰਾਸਿੰਗ ਦੇ ਨੇੜ੍ਹੇ ਸਥਿਤ ਹੈ। ਇਹ ਖਿਲਜੀ (੧੨੯੦-੧੩੨੦) ਜਾਂ ਮੁਢਲੇ ਤੁਗਲਕ ਕਾਲ (੧੩੨੦-੧੪੧੨) ਦੌਰਾਨ ਬਣਾਇਆ ਗਿਆ ਸੀ। ਉਨ੍ਹਾਂ ਦੀ ਬਾਣੀ ਰਾਗ ਬਿਲਾਵਲ (ਪੰਨਾ ੮੫੮) ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਇਹ ਪੰਜਾਬ ਦੇ ਪੁਰਾਤੱਤਵ ਵਿਭਾਗ ਅਧੀਨ ਇੱਕ ਰਾਜ-ਸੁਰੱਖਿਅਤ ਸਮਾਰਕ ਹੈ।

ਖਾਨਪੁਰ ਪਿੰਡ ਨੂੰ ਜਾਂਦੀ ਸੜਕ ਉੱਤੇ ਇੱਕ ਮਸਜਿਦ ਹੈ। ਡਾ. ਪਰਿਹਾਰ ਲਿਖਦੇ ਹਨ ਕਿ ਇਮਾਰਤ ਇੱਕ ਮਸਜਿਦ ਜਾਪਦੀ ਹੈ, ਪਰ ਸਥਾਨਕ ਲੋਕ ਮੰਨਦੇ ਹਨ ਕਿ ਇਹ ਇੱਕ ਖਜ਼ਾਨਾ ਦਫ਼ਤਰ/ ਇਮਾਰਤ ਸੀ। ਇਹ ਸਧਨਾ ਜੀ ਦੀ ਮਸਜਿਦ ਦੇ ਸਮੇਂ ਨਾਲ ਸੰਬੰਧਿਤ ਹੈ।

ਰੋਜ਼ਾ ਸ਼ਰੀਫ਼ ਜਾਂ ਸ਼ੇਖ ਅਹਿਮਦ ਸਰਹਿੰਦੀ ਦੀ ਦਰਗਾਹ ਦੇ ਅਹਾਤੇ ਵਿਚ ਤਿੰਨ ਮਸਜਿਦਾਂ ਹਨ। ਪਹਿਲੀ ੧੫੯੯-੧੬੦੦ ਈ. ਵਿਚ ਬਣਾਈ ਗਈ ਸੀ। ਬਾਅਦ ਵਿਚ ਸ਼ਾਹਜਹਾਂ (੧੬੨੭-੫੮ ਈ.) ਦੇ ਰਾਜ ਦੌਰਾਨ ਇੱਕ ਵੱਡੀ ਮਸਜਿਦ ਬਣਾਈ ਗਈ। ਦੂਜੀ ਮਸਜਿਦ ਖਵਾਜਾ ਮੁਹੰਮਦ ਮਾਸੂਮ ਦੇ ਮਕਬਰੇ ਦੇ ਨੇੜ੍ਹੇ ਹੈ ਅਤੇ ਔਰੰਗਜ਼ੇਬ (੧੬੫੮-੧੭੦੭ ਈ.) ਦੇ ਸ਼ਾਸਨ ਦੇ ਸ਼ੁਰੂਆਤੀ ਸਾਲਾਂ ਦੌਰਾਨ ਬਣਾਈ ਗਈ ਸੀ। ਤੀਜੀ ਅਤੇ ਸਭ ਤੋਂ ਛੋਟੀ ਮਸਜਿਦ ਖਵਾਜਾ ਜ਼ੁਬੈਰ ਦੁਆਰਾ ੧੭੦੩-੦੯ ਦੇ ਵਿਚਕਾਰ ਬਣਵਾਈ ਗਈ ਸੀ। ਰੋਜ਼ਾ ਸ਼ਰੀਫ਼ ਦੇ ਪੱਛਮ ਵੱਲ ਮੈਦਾਨ ਵਿਚ ਖੰਡਰ ਹਾਲਤ ਵਿਚ ਇੱਕ ਮਸਜਿਦ ਬਣੀ ਹੋਈ ਹੈ। ਇਸ ਦਾ ਨਿਰਮਾਣ ਸ਼ਾਹਜਹਾਂ ਦੀ ਰਾਜਸ਼ਾਹੀ ਦੌਰਾਨ ਹੋਇਆ ਮੰਨਿਆ ਜਾਂਦਾ ਹੈ। ਪਿੰਡ ਤਲਾਨੀਆ ਵਿਚ ਰੋਜ਼ਾ ਸ਼ਰੀਫ਼ ਤੋਂ ਲਗਪਗ ੧.੫ ਕਿਲੋਮੀਟਰ ਉੱਤਰ ਵਿਚ ਇੱਕ ਮਸਜਿਦ ਮੌਜੂਦ ਹੈ ਜੋ ਕਿ ੧੭੦੩ ਈ. ਵਿਚ ਮੁਕੰਮਲ ਹੋਈ ਸੀ। ਇਹ ਚੰਗੀ ਹਾਲਤ ਵਿਚ ਹੈ ਅਤੇ ਗੁਰਦੁਆਰੇ ਵਜੋਂ ਵਰਤੀ ਜਾਂਦੀ ਸੀ।

ਸ਼ੇਖੂਪੁਰਾ ਵਿਖੇ ਸਰਹਿੰਦ ਰੇਲਵੇ ਸਟੇਸ਼ਨ ਤੋਂ ੧.੫ ਕਿਲੋਮੀਟਰ ਪੱਛਮ ਵਿਚ ਇੱਕ ਮਸਜਿਦ ਮੌਜੂਦ ਹੈ ਅਤੇ ਇਹ ਸ਼ਾਹਜਹਾਂ ਦੇ ਰਾਜ ਦੇ ਸਮੇਂ ਦੀ ਹੈ।

ਪਿੰਡ ਮਹਾਦੀਆਂ ਦੇ ਨੇੜੇ ਚਿੱਟੀ ਮਸਜਿਦ ਵੀ ਸ਼ਾਹਜਹਾਂ ਦੇ ਸ਼ਾਸਨ ਕਾਲ ਨਾਲ ਸੰਬੰਧਿਤ ਹੈ। ੧੯੮੦ ਈ. ਤਕ ਇਸ ਨੂੰ ਗੁਰਦੁਆਰਾ ਸਾਹਿਬ ਵਜੋਂ ਵਰਤਿਆ ਜਾਂਦਾ ਸੀ ਪਰ ਹੁਣ ਤਾਲਾ ਲੱਗਾ ਹੋਇਆ ਹੈ। ਮਸਜਿਦ ਦੇ ਨਾਲ ਹੀ ਨਵਾਂ ਗੁਰਦੁਆਰਾ ਬਣਾਇਆ ਗਿਆ ਹੈ। ਪਿੰਡ ਵਿਚ ਕੋਈ ਮੁਸਲਮਾਨ ਨਹੀਂ ਹੈ ਅਤੇ ਇਮਾਰਤ ਦੀ ਦੇਖ-ਰੇਖ ਕਰਨ ਵਾਲੇ ਸਥਾਨਕ ਸਿੱਖਾਂ ਨੇ ਇਮਾਰਤ ਨੂੰ ਚਿੱਟਾ ਕਰ ਦਿੱਤਾ ਹੈ ਅਤੇ ਇਸ ਨੂੰ ਹੁਣ ਚਿੱਟੀ ਮਸਜਿਦ ਵਜੋਂ ਜਾਣਿਆ ਜਾਂਦਾ ਹੈ।

ਲਾਲ ਮਸਜਿਦ ਅੱਜ ਵੀ ਇੱਕ ਵਰਤੀ ਜਾਣ ਵਾਲੀ ਮਸਜਿਦ ਹੈ ਅਤੇ ਸ਼ੇਖ ਸੈਫਲਦੀਨ (ਮੌਤ- ੧੬੯੫ ਈ.) ਦੁਆਰਾ ਬਣਾਈ ਗਈ ਸੀ। ਮੀਰ ਮੀਰਾਂ ਪਿੰਡ ਵਿਚ ਦੋ ਮਸਜਿਦਾਂ ਹਨ। ਛੋਟੀ ਮਸਜਿਦ ਨੂੰ ਇੱਕ ਨਿੱਜੀ ਨਿਵਾਸ ਦੇ ਤੌਰ 'ਤੇ

ਵਰਤਿਆ ਜਾਂਦਾ ਹੈ ਅਤੇ ਇਹ ੧੭੧੦ ਈ. ਤੋਂ ਬਾਅਦ ਪਰ ੧੭੬੩ ਈ. ਤੋਂ ਪਹਿਲਾਂ ਬਣਾਈ ਗਈ ਸੀ। ਇਹ ਸਾਰੀਆਂ ਮਸਜਿਦਾਂ ਚੰਗੀ ਹਾਲਤ ਵਿਚ ਹਨ ਤੇ ੩੦੦ ਤੋਂ ਵੱਧ ਸਾਲਾਂ ਤੋਂ ਖੜੀਆਂ ਹਨ।[੫]

## ਇਤਿਹਾਸਿਕ ਮਕਬਰੇ

ਸਰਹਿੰਦ ਵਿਚ ੨੩ ਇਤਿਹਾਸਿਕ ਮਕਬਰੇ ਹਨ। ਇਨ੍ਹਾਂ ਵਿੱਚੋਂ ਚਾਰ ਦਿੱਲੀ ਸਲਤਨਤ (੧੨੦੬-੧੫੨੬ ਈ.) ਦੇ ਸਮੇਂ ਨਾਲ ਸੰਬੰਧਿਤ ਹਨ ਅਤੇ ਬਾਕੀ ਮੁਗ਼ਲ ਕਾਲ ਦੌਰਾਨ ਬਣੀਆਂ ਸਨ।[੬] ਇਨ੍ਹਾਂ ਸਾਰਿਆਂ ਬਾਰੇ ਇੱਕ ਛੋਟੇ ਲੇਖ ਵਿਚ ਲਿਖਣਾ ਸੰਭਵ ਨਹੀਂ ਹੈ, ਪਰ ਮਹੱਤਵਪੂਰਨ ਅਸਥਾਨਾਂ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਸੁਲਤਾਨ ਬਹਿਲੋਲ ਸ਼ਾਹ ਲੋਧੀ ਦੀ ਧੀ ਰਾਜਕੁਮਾਰੀ ਸੁਭਾਨ ਦੀ ਕਬਰ ੧੪੯੬ ਈ. ਵਿਚ ਪੂਰੀ ਹੋਈ ਸੀ। ਸਥਾਨਕ ਲੋਕਾਂ ਵਿਚ, ਇਸ ਮਕਬਰੇ ਨੂੰ ਡੇਰਾ ਮੀਰ ਮੀਰਾਂ ਵਜੋਂ ਜਾਣਿਆ ਜਾਂਦਾ ਹੈ।[੭] ਇਮਾਰਤ ਪੂਰੀ ਤਰ੍ਹਾਂ ਪੱਥਰ ਦੀ ਬਣੀ ਹੋਈ ਹੈ ਜੋ ਸ਼ਾਇਦ ਕਿਸੇ ਪ੍ਰਾਚੀਨ ਸਮਾਰਕ ਨੂੰ ਢਾਹ ਕੇ ਬਣਾਈ ਗਈ ਹੈ। ਇਹ ਚੰਗੀ ਹਾਲਤ ਵਿਚ ਹੈ ਅਤੇ ਪੁਰਾਤੱਤਵ ਵਿਭਾਗ, ਪੰਜਾਬ ਦੁਆਰਾ ਸੁਰੱਖਿਅਤ ਹੈ।[੮]

ਇਸ ਸਮੇਂ ਦਾ ਇੱਕ ਹੋਰ ਮਕਬਰਾ ਤਲਾਨੀਆ ਪਿੰਡ ਵਿਚ ਸਥਿਤ ਹੈ ਪਰ ਕੋਈ ਸ਼ਿਲਾਲੇਖ ਨਹੀਂ ਹੈ। ਇਹ ਬੀਬੀ ਤਾਜ ਦੀ ਕਬਰ ਵਜੋਂ ਮਸ਼ਹੂਰ ਹੈ। ਸ਼ਾਇਦ ਸੱਤਾਧਾਰੀ ਲੋਧੀ ਪਰਵਾਰ ਦਾ ਹੀ ਕੋਈ ਸ਼ਖਸ ਇਸ ਮਕਬਰੇ ਵਿਚ ਦਫ਼ਨਾਇਆ ਗਿਆ ਹੋਵੇ। ਅਫ਼ਸੋਸ ਦੀ ਗੱਲ ਹੈ ਕਿ ਇਹ ਬਰਬਾਦੀ ਅਤੇ ਅਣਗਹਿਲੀ ਦੀ ਹਾਲਤ ਵਿਚ ਹੈ। ਸਥਾਨਕ ਕਿਸਾਨ ਜਿਸ ਦੇ ਖੇਤਾਂ ਵਿਚ ਇਹ ਮਕਬਰਾ ਖੜ੍ਹਾ ਹੈ, ਇਸਦੀ ਵਰਤੋਂ ਖੇਤੀ ਉਪਜ ਦੇ ਭੰਡਾਰਨ ਲਈ ਕਰਦਾ ਹੈ।[੯]

ਆਮ ਖਾਸ ਬਾਗ਼ ਦੇ ਨੇੜ੍ਹੇ ਹਾਜੀ ਮੁਹੰਮਦ ਦਾ ਮਕਬਰਾ ੧੭ਵੀਂ ਸਦੀ ਦੇ ਸ਼ੁਰੂ ਵਿਚ ਬਣਾਇਆ ਗਿਆ ਸੀ।[੧੦]

ਨਕੋਦਰ (ਜ਼ਿਲ੍ਹਾ ਜਲੰਧਰ) ਵਾਂਗ ਹੀ ਸਰਹਿੰਦ ਵਿਚ ਵੀ ਉਸਤਾਦ ਅਤੇ ਸ਼ਾਗਿਰਦ ਦੀਆਂ ਕਬਰਾਂ ਮੌਜੂਦ ਹਨ ਪਰ ਉਹ ਵੱਖ-ਵੱਖ ਵਿਅਕਤੀਆਂ ਦੀਆਂ ਹਨ। 'ਉਸਤਾਦ' ਸ਼ਾਇਦ ਬਾਦਸ਼ਾਹ ਜਹਾਂਗੀਰ ਦੇ ਰਾਜ ਦੇ ਸ਼ੁਰੂਆਤੀ ਸਾਲਾਂ ਦੌਰਾਨ ਪੰਜਾਬ ਦਾ ਗਵਰਨਰ ਸੱਯਦ ਖ਼ਾਨ ਚੁਗਤਾਈ ਸੀ ਅਤੇ ਉਸ ਦੀ ਮੌਤ ੧੬੦੫-੦੬ ਈ. ਦੇ ਆਸਪਾਸ ਹੋਈ। ਇਕ ਹੋਰ ਦ੍ਰਿਸ਼ਟੀਕੋਣ ਇਹ ਹੈ ਕਿ ਇਸ ਮਕਬਰੇ ਨੂੰ ਮਹਾਨ ਵਾਸਤੂਕਾਰ (ਆਰਕੀਟੈਕਟ) ਅਤੇ ਨਿਰਮਾਤਾ ਉਸਤਾਦ ਸੱਯਾਦ ਖਾਨ ਦੀ ਯਾਦਗਾਰ ਵਜੋਂ ਬਣਾਇਆ ਗਿਆ ਸੀ।[੧੧]

ਉਸਤਾਦ ਦੀ ਮਕਬਰੇ ਦੇ ਨੇੜੇ, ਉਸਤਾਦ ਸੱਯਦ ਖ਼ਾਨ ਦੇ 'ਸ਼ਗਿਰਦ' (ਸਹਾਇਕ) ਖਵਾਜਾ ਖ਼ਾਨ ਦੀ ਇਕ ਹੋਰ ਖ਼ੂਬਸੂਰਤ ਕਬਰ ਹੈ। ਉਸ ਨੇ ਵੀ ਇੱਕ ਭਵਨ ਨਿਰਮਾਤਾ ਵਜੋਂ ਬਹੁਤ ਮੁਹਾਰਤ ਹਾਸਲ ਕਰ ਲਈ ਸੀ। ਬਾਹਰੀ ਬਣਤਰ

ਅਤੇ ਡਿਜ਼ਾਇਨ ਦਿੱਲੀ ਵਿਚ ਹੁਮਾਯੂੰ ਦੇ ਮਕਬਰੇ ਦੇ ਸਮਾਨ ਹੈ।[੧੨]

ਰੋਜ਼ਾ ਸ਼ਰੀਫ ਸ਼ੇਖ ਅਹਿਮਦ ਸਰਹਿੰਦੀ ਦੀ ਦਰਗਾਹ ਹੈ ਜੋ ੧੫੬੩-੧੬੨੪ ਈ. ਤਕ ਇੱਥੇ ਰਹਿੰਦਾ ਸੀ ਅਤੇ ਮੁਗ਼ਲ ਬਾਦਸ਼ਾਹਾਂ, ਅਕਬਰ ਅਤੇ ਜਹਾਂਗੀਰ ਦਾ ਸਮਕਾਲੀ ਸੀ। ਵੱਡੇ ਕੰਪਲੈਕਸ ਵਿਚ ਮੁਗ਼ਲ ਬਾਦਸ਼ਾਹਾਂ ਦੁਆਰਾ ਬਣਾਈਆਂ ਗਈਆਂ ਕਈ ਮਸਜਿਦਾਂ ਅਤੇ ਕਈ ਮਕਬਰੇ ਵੀ ਹਨ। ਸ਼ੇਖ ਦਾ ਉਰਸ ਸਮਾਰੋਹ (ਬਰਸੀ) ਇੱਥੇ ਆਯੋਜਿਤ ਕੀਤੀ ਜਾਂਦੀ ਹੈ ਅਤੇ ਇਸ ਵਿਚ ਭਾਰਤ ਅਤੇ ਗੁਆਂਢੀ ਦੇਸ਼ਾਂ ਦੇ ਮੁਸਲਮਾਨ ਵੱਡੀ ਗਿਣਤੀ ਵਿੱਚ ਸ਼ਾਮਲ ਹੁੰਦੇ ਹਨ।[੧੩] ਦਿਲਚਸਪ ਗੱਲ ਇਹ ਹੈ ਕਿ ਸ਼ੇਖ ਵੱਲੋਂ ਪੰਜਾਬ ਦੇ ਗਵਰਨਰ ਮੁਰਤਜ਼ਾ ਖਾਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ੧੬੦੬ ਈ. ਵਿਚ ਸ਼ਹਾਦਤ ’ਤੇ ਖੁਸ਼ੀ ਪ੍ਰਗਟ ਕਰਦੇ ਹੋਏ ਇੱਕ ਖਤ ਲਿਖਿਆ ਸੀ। ਫ਼ਾਰਸੀ ਵਿਚ ਇਹ ਖ਼ਤ ੨੦ਵੀਂ ਸਦੀ ਵਿਚ ਹੀ ਆਮ ਲੋਕਾਂ ਦੇ ਸਾਹਮਣੇ ਆਇਆ।[੧੪]

ਰੋਜ਼ਾ ਸ਼ਰੀਫ਼ ਕੰਪਲੈਕਸ ਦੇ ਅੰਦਰ ਕਈ ਮਕਬਰੇ ਹਨ। ਸ਼ੇਖ ਅਹਿਮਦ ਸਰਹਿੰਦੀ ਦੇ ਮਕਬਰੇ ਦੇ ਪੱਛਮ ਵੱਲ ਉਸ ਦੇ ਪੁੱਤਰ ਅਤੇ ਉੱਤਰਾਧਿਕਾਰੀ ਖ਼ਵਾਜਾ ਮੁਹੰਮਦ ਮਾਸੂਮ ਦਾ ਮਕਬਰਾ ਹੈ ਜੋ ੧੬੬੮ ਈ. ਵਿਚ ਅਕਾਲ ਚਲਾਣਾ ਕਰ ਗਿਆ ਸੀ।[੧੫] ਇਸ ਮਕਬਰੇ ਦੇ ਉੱਤਰ ਵੱਲ ਉਸ ਦੇ ਪੁੱਤਰ ਖ਼ਵਾਜਾ ਮੁਹੰਮਦ ਸਦੀਕ ਦਾ ਮਕਬਰਾ ਸਥਿਤ ਹੈ। ਇਹ ੧੭੧੮ ਈ. ਵਿਚ ਬਣਾਇਆ ਗਿਆ ਸੀ। ਕੰਪਲੈਕਸ ਦੇ ਨਾਲ ਸ਼ੇਖ ਮੁਹੰਮਦ ਪਾਰਸਾ, ਖ਼ਵਾਜਾ ਮੁਹੰਮਦ ਮਾਸੂਮ ਦੇ ਪੋਤੇ ਦਾ ਮਕਬਰਾ ਮੌਜੂਦ ਹੈ, ਜੋ ੧੭੩੨-੩੩ ਈ. ਵਿਚ ਮਰ ਗਿਆ ਸੀ। ਖ਼ਵਾਜਾ ਮੁਹੰਮਦ ਮਾਸੂਮ ਦੇ ਮਕਬਰੇ ਦੇ ਦੱਖਣ ਵੱਲ, ੧੭੪੦-੪੧ ਈ. ਵਿਚ ਮਰਨ ਵਾਲੇ ਖ਼ਵਾਜਾ ਮੁਹੰਮਦ ਜ਼ੁਬੈਰ ਦਾ ਮਕਬਰਾ ਹੈ ਅਤੇ ਪੱਛਮ ਵੱਲ, ਮੁਹੰਮਦ ਇਸਮਾਈਲ ਦਾ ਮਕਬਰਾ ਹੈ।[੧੬]

ਰੋਜ਼ਾ ਸ਼ਰੀਫ ਤੋਂ ਅੱਧਾ ਕਿਲੋਮੀਟਰ ਉੱਤਰ ਵੱਲ ਖ਼ਵਾਜਾ ਮੁਹੰਮਦ ਮਾਸੂਮ ਦੇ ਇਕ ਹੋਰ ਪੁੱਤਰ ਖ਼ਵਾਜਾ ਮੁਹੰਮਦ ਨਕਸ਼ਬੰਦੀ ਦਾ ਮਕਬਰਾ ਮੌਜੂਦ ਹੈ। ਇਹ ੧੭੦੨ ਈ. ਵਿਚ ਬਣਾਇਆ ਗਿਆ ਸੀ.

**ਜਹਾਜ਼ ਹਵੇਲੀ**

੧੮੭੧ ਈ. ਵਿਚ, ਅਲੈਗਜ਼ੈਂਡਰ ਕਨਿੰਘਮ ਨੇ ਇਸ ਢਾਂਚੇ ਨੂੰ ਸਹਾਬਤ ਬੇਗ ਦੀ ਹਵੇਲੀ ਜਾਂ ਸੰਦਿਕ ਬੇਗ, ਮੁਗ਼ਲ ਸਾਮਰਾਜ ਦੇ ਅਮੀਰ ਮੁਹੰਮਦਾਂ ਦੀ ਬਦਸੂਰਤ ਘਰੇਲੂ ਇਮਾਰਤਸਾਜ਼ੀ ਦਾ ਸਭ ਤੋਂ ਵੱਡਾ ਮੌਜੂਦਾ ਨਮੂਨਾ ਦੱਸਿਆ। ਪੰਜਾਬ ਸਟੇਟ ਗਜ਼ਟੀਅਰਜ਼ ੧੯੦੪ ਫੁਲਕੀਆਂ ਰਾਜ, ਦੀ ਪਹਿਲੀ ਕਿਤਾਬ ਹੈ ਜਿਸ ਵਿਚ ਇਸ ਇਮਾਰਤ ਨੂੰ ਜਹਾਜ਼ ਦੇ ਰੂਪ ਵਿਚ ਦਰਸਾਉਣ ਦੀ ਗੱਲ ਕੀਤੀ ਗਈ ਹੈ। ਇਸ ਤੋਂ ਇਲਾਵਾ, ੧੯੭੨ ਵਿਚ ਛਪੀ (ਸਰਹਿੰਦ ਥਰੂ ਦਿ ਏਜਸ) ਪਹਿਲੀ ਰਚਨਾ ਜਾਪਦੀ ਹੈ ਜਿਸ ਵਿਚ ਦੀਵਾਨ ਟੋਡਰ ਮੱਲ ਨੂੰ ਇਸ ਦੇ ਮਾਲਕ ਵਜੋਂ ਬਿਨਾਂ ਕਿਸੇ ਹਵਾਲੇ ਦੇ

ਦਰਸਾਇਆ ਗਿਆ ਹੈ।[੧੭] ੧੯੪੭ ਈ. ਦੀ ਵੰਡ ਤੋਂ ਬਾਅਦ, ਏਹ ਢਾਂਚਾ ਤੇਜ਼ੀ ਨਾਲ ਖਰਾਬ ਹੋ ਗਿਆ ਅਤੇ ਕਈ ਥਾਵਾਂ 'ਤੇ ਢਹਿ ਗਿਆ।

**ਆਮ ਖਾਸ ਬਾਗ਼**

ਆਮ ਖਾਸ ਬਾਗ਼, ਇਸ ਮੁਗ਼ਲ ਬਾਗ ਦੀ ਸਥਾਪਨਾ ਅਕਬਰ ਦੇ ਰਾਜ ਦੌਰਾਨ ੧੫੬੧-੮੧ ਈ. ਦੇ ਵਿਚਕਾਰ ਕੀਤੀ ਗਈ ਸੀ। ਦੌਲਤ ਖਾਨਾਂ-ਏ-ਖਾਸ ਜਾਂ ਸ਼ਾਹੀ ਨਿਵਾਸ ਮੁਗ਼ਲ ਬਾਦਸ਼ਾਹ ਸ਼ਾਹਜਹਾਂ (੧੬੨੮-੫੮) ਦੇ ਰਾਜ ਦੌਰਾਨ ਬਣਾਇਆ ਗਿਆ ਸੀ। ਸ਼ਾਹੀ ਜੋੜਾ ਲਾਹੌਰ ਤੋਂ ਆਉਣ-ਜਾਣ ਵੇਲੇ ਇੱਥੇ ਹੀ ਠਹਿਰਿਆ ਕਰਦਾ ਸੀ। ਸ਼ਾਹੀ ਨਿਵਾਸ ਖੰਡਰ ਦੀ ਹਾਲਤ ਵਿਚ ਹੈ ਹਾਲਾਂਕਿ ਬਾਗ਼ ਨੂੰ ਸੰਭਾਲ ਕੇ ਰੱਖਿਆ ਗਿਆ ਹੈ। ਇਹ ਸੰਭਵ ਤੌਰ 'ਤੇ ੧੭੬੪ ਵਿਚ ਸਰਹਿੰਦ 'ਤੇ ਸਿੱਖਾਂ ਦੇ ਆਖਰੀ ਹਮਲੇ ਦੌਰਾਨ ਤਬਾਹ ਹੋ ਗਿਆ ਸੀ। ਇਸ ਬਾਗ਼ ਦੀਆਂ ਹੋਰ ਸਾਰੀਆਂ ਇਮਾਰਤਾਂ ਜਿਵੇਂ ਸਰਦ ਖਾਨਾ, ਹਮਾਮ, ਸਰੋਵਰ, ਨਗਾਰ-ਖਾਨਾ, ਸ਼ੀਸ਼ ਮਹਿਲ ਆਦਿ ਬਰਕਰਾਰ ਹਨ।[੧੮]

ਸ਼ਾਹਜਹਾਂ ਦੇ ਸਮੇਂ ਵਿਚ ਬਣਿਆ ਪੁਲ ਚੰਗੀ ਹਾਲਤ ਵਿਚ ਹੈ ਅਤੇ ਸਰਹਿੰਦ-ਫ਼ਤਿਹਗੜ੍ਹ ਸਾਹਿਬ ਸੜਕ ਇਸ ਦੇ ਉੱਪਰੋਂ ਲੰਘਦੀ ਹੈ। ਇਸ ਸਮੇਂ ਦੌਰਾਨ ਬਣਾਈ ਗਈ ਇੱਕ ਬਾਉਲੀ ਆਮ ਖਾਸ ਬਾਗ ਪੂਰਬ ਵੱਲ ਖੇਤਾਂ ਵਿਚ ਮਲਬੇ ਹੇਠ ਦੱਬੀ ਹੋਈ ਹੈ।[੧੯]

**ਅਲੋਪ ਹੋ ਰਹੀਆਂ ਇਮਾਰਤਾਂ**

ਡਾ. ਪਰਿਹਾਰ ਨੇ ਆਪਣੇ ਬੇਮਿਸਾਲ ਕੰਮ ਦੇ ਆਖਰੀ ਅਧਿਆਇ, ਸਰਹਿੰਦ ਦੇ ਇਤਿਹਾਸ ਅਤੇ ਆਰਕੀਟੈਕਚਰਲ ਰੀਮੇਨਜ਼ ਵਿਚ ਇੱਕ ਮਕਬਰੇ, ਟਾਵਰ ਅਤੇ ਪੁਲ਼ ਵਾਲਾ ਸਰੋਵਰ, ਈਦਗਾਹ ਅਤੇ ਸਰਹਿੰਦ ਕਿਲ੍ਹੇ ਦਾ ਜ਼ਿਕਰ ਕੀਤਾ ਹੈ ਜੋ ਬ੍ਰਿਟਿਸ਼ ਕਾਲ ਦੌਰਾਨ ਮੌਜੂਦ ਸਨ ਅਤੇ ਲਾਪਰਵਾਹੀ ਅਤੇ ਬਰਬਾਦੀ ਕਾਰਨ ਅਲੋਪ ਹੋ ਗਏ ਹਨ।

**ਸਰਹਿੰਦ ਦਾ ਕਿਲ੍ਹਾ ਅਤੇ (ਨਦੀ ਵਿਚ ਇੱਟਾਂ ਸੁੱਟਣ ਦੀ ਕਹਾਣੀ)**

੧੭੬੪ ਈ. ਵਿਚ ਸਿੱਖਾਂ ਦੁਆਰਾ ਸਰਹਿੰਦ ਸ਼ਹਿਰ ਤੇ ਸਫਲਤਾ ਪੂਰਵਕ ਕਬਜ਼ਾ ਹੋਣ 'ਤੇ ਪੁਰਾਣੇ ਸਰਹਿੰਦ ਕਿਲ੍ਹੇ ਨੂੰ ਨੁਕਸਾਨ ਪਹੁੰਚਿਆ । ਇਹ ਭਾਈ ਬੁੱਢਾ ਸਿੰਘ ਨੂੰ ਦਿੱਤਾ ਗਿਆ ਸੀ, ਜਿਸ ਨੇ ਜਲਦੀ ਹੀ ਇਸ ਨੂੰ ੨੫ ਲੱਖ ਰੁਪਏ ਦੀ ਰਕਮ ਵਿਚ ਪਟਿਆਲਾ ਰਾਜ ਦੇ ਸ਼ਾਹੀ ਪਰਵਾਰ ਦੇ ਬਾਨੀ ਸਰਦਾਰ ਆਲਾ ਸਿੰਘ ਨੂੰ ਵੇਚ ਦਿੱਤਾ ਸੀ।[੨੦] ਆਲਾ ਸਿੰਘ ਨੇ ਜੋ ਲੋਕ ਸਰਹਿੰਦ ਛੱਡ ਗਏ ਸਨ ਉਨ੍ਹਾਂ ਨੂੰ ਦੁਬਾਰਾ ਆਪਣੀ ਨਵੀਂ ਰਾਜਧਾਨੀ ਵਿਚ ਆ ਕੇ ਵੱਸਣ ਲਈ ਪ੍ਰੇਰਿਤ ਕੀਤਾ।[੨੧]

ਅਲੈਗਜ਼ੈਂਡਰ ਕਨਿੰਘਮ ਜੋ ੧੮੬੩/੬੪ ਵਿਚ ਸਰਹਿੰਦ ਆਇਆ ਸੀ, ਲਿਖਦਾ ਹੈ ਕਿ ਕੁਝ ਮੁਸਲਮਾਨ ਪਰਵਾਰ (ਸਰਹਿੰਦ ਤੋਂ) ਪਿੰਡ ਬੱਸੀ (ਪਠਾਣੀਆ), ਵਿਚ ਆ ਕੇ ਵਸੇ ਜੋ ਸਰਹਿੰਦ ਤੋਂ ਚਾਰ ਮੀਲ ਉੱਤਰ ਵੱਲ ਹੈ ਅਤੇ ਇਸ ਪਿੰਡ ਦੀ ਕਾਇਆ ਕਲਪ ਇੱਕ ਖੁਸ਼ਹਾਲ ਸ਼ਹਿਰ ਵਾਂਗ ਕਰ ਦਿੱਤੀ।[੨੨]

ਪੁਰਾਣਾ ਸਰਹਿੰਦ ਦਾ ਕਿਲ੍ਹਾ ਸੀ ਜਿੱਥੇ ਹੁਣ ਗੁਰਦੁਆਰਾ ਫਤਿਹਗੜ੍ਹ ਸਾਹਿਬ ਮੌਜੂਦ ਹੈ। ੧ ਅਪ੍ਰੈਲ, ੧੮੨੨ ਈ. ਨੂੰ, ਮੇਜਰ ਸਰ ਵਿਲੀਅਮ ਲੋਇਡ ਅਤੇ ਕੈਪਟਨ ਅਲੈਗਜ਼ੈਂਡਰ ਗੇਰਾਰਡ ਨੇ ਸਰਹਿੰਦ ਦੇ ਪੁਰਾਣੇ ਕਿਲ੍ਹੇ ਦਾ ਦੌਰਾ ਕੀਤਾ ਅਤੇ ਨੋਟ ਕੀਤਾ ਕਿ ਇਹ ਮੱਧਮ ਆਕਾਰ ਦਾ ਸੀ ਅਤੇ ਇੱਟਾਂ ਦਾ ਬਣਿਆ ਹੋਇਆ ਸੀ, ਪਰ ਖੰਡਰ-ਨੁਮਾ ਹਾਲਤ ਵਿਚ ਸੀ। ਇਸ ਵਿਚ 'ਸ੍ਰੀ ਗੁਰੂ ਗੋਬਿੰਦ (ਸਿੰਘ) ਦੀ ਮਾਤਾ ਅਤੇ ਉਨ੍ਹਾਂ ਦੇ ਦੋ ਬੱਚਿਆਂ ਦੀਆਂ ਯਾਦਗਾਰਾਂ ਸਨ, ਜਿਨ੍ਹਾਂ ਨੂੰ ਬੇਰਹਿਮੀ ਨਾਲ ਮਾਰਿਆ (ਸ਼ਹੀਦ ਕੀਤਾ) ਗਿਆ ਸੀ।[੨੩]

ਬਾਅਦ ਵਿਚ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ (੧੮੧੩-੪੫) ਨੇ ਸਰਹਿੰਦ ਵਿਚ ਮਾਸੂਮ ਬੱਚਿਆਂ (ਸਾਹਿਬਜ਼ਾਦਿਆਂ) ਦੀ ਸ਼ਹਾਦਤ ਅਤੇ ਉਨ੍ਹਾਂ ਦੀ ਦਾਦੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਉਸਾਰਿਆ।

ਅਲੈਗਜ਼ੈਂਡਰ ਕਨਿੰਘਮ ਲਿਖਦਾ ਹੈ ਕਿ ਸਰਹਿੰਦ ਵਿੱਚੋਂ ਲੰਘਣ ਵਾਲਾ ਹਰ ਸਿੱਖ ਇਕ ਇੱਟ ਚੁੱਕ ਕੇ ਲੈ ਜਾਂਦਾ ਹੈ ਜਿਸ ਨੂੰ ਉਸ ਨੇ ਇਸ ਉਮੀਦ ਨਾਲ ਦਰਿਆ ਵਿਚ ਸੁੱਟਣਾ ਸੀ ਕਿ ਸਮਾਂ ਆਉਣ ਤੇ ਇਹ ਘਿਣਾਉਣਾ (ਕਿਲ੍ਹਾ) ਸ਼ਹਿਰ ਧਰਤੀ ਦੇ ਚਿਹਰੇ ਤੋਂ ਹਟਾ ਦਿੱਤਾ ਜਾਵੇਗਾ।[੨੪] ਰੇਲਵੇ ਲਾਈਨਾਂ ਵਿਛਾਉਣ ਵੇਲੇ ਸਰਹਿੰਦ ਕਿਲ੍ਹੇ ਦੀਆਂ ਇੱਟਾਂ ਨੂੰ ਇਕ ਮੁੱਢਲੀ ਮਜਬੂਤ ਤੇ ਪੱਕੀ ਸਮੱਗਰੀ ਦੇ ਤੌਰ 'ਤੇ ਵਰਤਿਆ ਗਿਆ।

'ਪ੍ਰਾਚੀਨ ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਨੇ ੧੮੪੧ ਵਿਚ ਆਪਣਾ 'ਸ੍ਰੀ ਗੁਰ ਪੰਥ ਪ੍ਰਕਾਸ਼' ਸੰਪੂਰਨ ਕੀਤਾ। ਜੋ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਨਾਮ ਨਾਲ ਮਸ਼ਹੂਰ ਹੈ। ਉਹ ਕਹਿੰਦੇ ਹਨ ਕਿ ਬੰਦਾ ਸਿੰਘ ਨੇ ਸਰਹਿੰਦ ਨੂੰ ਤਬਾਹ ਨਹੀਂ ਕੀਤਾ ਅਤੇ ਆਪਣੀ ਨਾਖੁਸ਼ੀ ਜ਼ਾਹਰ ਕੀਤੀ। ਉਹ ਲਿਖਦੇ ਹਨ ਬੰਦਾ (ਬਾਬਾ ਬੰਦਾ ਸਿੰਘ ਬਹਾਦਰ) ਸਰਹਿੰਦ ਸ਼ਹਿਰ ਦੀ ਹਦੂਦ ਅੰਦਰ ਦਾਖ਼ਲ ਹੋ ਗਿਆ ਅਤੇ ਵਜ਼ੀਰ ਖ਼ਾਨ ਦੇ ਸਾਰੇ ਖ਼ਜ਼ਾਨੇ ਉੱਤੇ ਕਬਜ਼ਾ ਕਰ ਲਿਆ। ਪਰ ਉਸ ਨੇ ਸਰਹਿੰਦ ਸ਼ਹਿਰ ਨੂੰ ਲੁੱਟਿਆ ਨਹੀਂ...[੨੫]

ਅੱਗੇ ਲਿਖਿਆ ਹੈ ਕਿ ਬੰਦਾ (ਬਾਬਾ ਬੰਦਾ ਸਿੰਘ) ਨੇ ਲੁੱਟ ਰੋਕ ਕੇ ਸ਼ਹਿਰ ਦੀ ਰਾਖੀ ਕੀਤੀ।[੨੬]

## ਮੁੱਢਲੇ ਲੇਖਕ ਬਾਬਾ ਬੰਦਾ ਸਿੰਘ ਅਤੇ ਸਰਹਿੰਦ ਬਾਰੇ

ਜੌਨ ਗੋਰਡਨ ਨੇ ੧੯੦੪ ਈ. ਵਿਚ ਲਿਖਿਆ ਕਿ ਜਦੋਂ ਸਿੱਖਾਂ ਦੁਆਰਾ ਸਰਹਿੰਦ ਨੂੰ ਤਬਾਹ ਕਰਨ ਲਈ ਬੇਨਤੀ ਕੀਤੀ ਗਈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦੇ ਪੁੱਤਰਾਂ ਦੀ ਮੌਤ ਦਾ ਬਦਲਾ ਇਸ ਨਗਰ ਦੀ ਤਬਾਹੀ ਨਾਲ ਨਹੀਂ ਲਿਆ ਜਾਵੇਗਾ, ਜਿਸ ਨੇ ਕੋਈ ਨੁਕਸਾਨ ਨਹੀਂ ਕੀਤਾ ਸੀ।[੨੭]

ਗੰਡਾ ਸਿੰਘ ਨੇ ੧੯੩੫ ਵਿਚ ਲਿਖਿਆ ਕਿ ਬੰਦਾ ਸਿੰਘ ਵੱਲੋਂ ਮਸਜਿਦਾਂ ਦੀ ਬੇਅਦਬੀ ਕਰਨ ਦਾ ਦੋਸ਼ ਬੇਬੁਨਿਆਦ ਸੀ। ਉਨ੍ਹਾਂ ਨੇ ੧੯੧੨ ਵਿਚ ਲਿਖੀ ਗੋਕੁਲ ਚੰਦ ਨਾਰੰਗ ਦੀ 'ਟਰਾਂਸਫੋਰਮੇਸ਼ਨ ਆਫ਼ ਸਿਖਇਜ਼ਮ' ਕਿਤਾਬ ਦਾ ਹਵਾਲਾ ਦਿੱਤਾ ਜਿੱਥੇ ਇਹ ਦੱਸਿਆ ਗਿਆ ਹੈ ਕਿ ਅਜਿਹੀਆਂ ਸਾਰੀਆਂ ਇਮਾਰਤਾਂ ਵਿੱਚੋਂ ਸਭ ਤੋਂ

ਸ਼ਾਨਦਾਰ ਅਹਿਮਦ ਸ਼ਾਹ (ਸ਼ੇਖ ਅਹਿਮਦ ਮੁਜੱਦੀਦ ਅਲਫ ਸਾਨੀ) ਦਾ ਮਕਬਰਾ ਅਜੇ ਵੀ ਉਸੇ ਤਰ੍ਹਾਂ ਖੜ੍ਹਾ ਹੈ ਜਿਵੇਂ ਕਿ ਇਹ ਲੜਾਈ ਤੋਂ ਪਹਿਲਾਂ ਸੀ।[੨੮]

ਸਮਕਾਲੀ ਰਿਪੋਰਟਰ ਛਬੀਲ ਦਾਸ ਦੁਆਰਾ ਆਪਣੇ ਮਾਲਕ ਜੈਪੁਰ ਦੇ ਮਹਾਰਾਜਾ ਜੈ ਸਿੰਘ ਸਵਾਈ ਨੂੰ ਲਿਖੀ ਚਿੱਠੀ ੧੭੧੦ ਈ. ਵਿਚ ਨੇ ਕਿਹਾ ਕਿ, ਸਿੱਖਾਂ ਨੇ ਸਰਹਿੰਦ ਵਿਚ ਆਪਣਾ ਅਧਿਕਾਰ ਸਥਾਪਿਤ ਕਰ ਲਿਆ ਹੈ ਅਤੇ ਹੁਕਮ ਦਿੱਤਾ ਹੈ ਕਿ ਕੋਈ ਵੀ ਕਿਸੇ ਪੰਛੀ ਜਾਂ ਜਾਨਵਰ ਨੂੰ ਨਹੀਂ ਮਾਰੇਗਾ।[੨੯]

**ਅਖ਼ਬਾਰ-ਏ-ਦਰਬਾਰ-ਏ-ਮੁੱਅਲਾ**

ਫ਼ਾਰਸੀ ਭਾਸ਼ਾ ਵਿਚ ਮੁਗ਼ਲ ਅਦਾਲਤ ਦੇ ਬੁਲੇਟਿਨ ਸਨ ਜਿਨ੍ਹਾਂ ਵਿਚ ਸੂਬਾਈ ਨਿਊਜ਼ਲੈਟਰ, ਜਰਨੈਲ ਅਤੇ ਸੂਬੇਦਾਰ ਦੀਆਂ ਰਿਪੋਰਟਾਂ, ਹੁਕਮਾਂ, ਗਤੀਵਿਧੀਆਂ ਅਤੇ ਸਮਰਾਟਾਂ ਦੇ ਨਿਰੀਖਣ, ਨਿਯੁਕਤੀਆਂ, ਤਰੱਕੀਆਂ, ਤਬਾਦਲੇ, ਬਰਖਾਸਤਗੀ ਅਤੇ ਰਾਜ ਦੇ ਹੋਰ ਮਾਮਲਿਆਂ ਦੇ ਹਵਾਲੇ ਸ਼ਾਮਲ ਸਨ।

'ਅਖਬਾਰ-ਏ-ਦਰਬਾਰ-ਏ-ਮੁੱਅਲਾ' ਮਿਤੀ ੨੩ ਜੂਨ, ੧੭੧੦ ਈ. ਪੰਜ ਹਫ਼ਤੇ ਬਾਅਦ ਸਰਹਿੰਦ ਦੀ ਜਿੱਤ ਅਤੇ ਕਬਜ਼ੇ ਬਾਰੇ ਦੱਸਿਆ ਗਿਆ ਹੈ ਕਿ ਬੰਦਾ ਸਿੰਘ ਨੇ ਗੁਲਾਬ ਨਗਰ (ਬੂੜੀਆ) ਦੇ ਜ਼ਿਮੀਦਾਰ ਜਾਨ ਮੁਹੰਮਦ ਨੂੰ ਕਿਹਾ, "ਮੈਂ ਤੇਰਾ ਗੁਨਾਹ ਮਾਫ਼ ਕਰ ਦਿੱਤਾ ਹੈ ਅਤੇ ਤੈਨੂੰ ਪੂਰੇ ਪਰਗਣੇ ਦਾ ਜ਼ਿਮੀਦਾਰ ਬਣਾ ਦਿੱਤਾ ਹੈ। ਤੁਹਾਨੂੰ ਆਪਣੇ ਬੰਦਿਆਂ ਨਾਲ ਅੱਗੇ ਵਧਣਾ ਚਾਹੀਦਾ ਹੈ ਅਤੇ ਚੂੰਡਲਾ ਦੇ (ਸਰਦਾਰ ਖਾਨ) ਨੂੰ ਪੱਕੜ ਕੇ ਲਿਆਉਣਾ ਚਾਹੀਦਾ ਹੈ। ਫਿਰ ਤੁਸੀਂ ਜਲਾਲ ਖਾਨ ਅਫਗਾਨ ਦੀ ਸਜ਼ਾ ਲਈ ਮੇਰੇ ਨਾਲ ਚੱਲੋਗੇ।"[੩੦]

ਜਲਾਲ ਖਾਨ ਅਫਗਾਨ ਆਪਣੇ ਇਲਾਕੇ ਦੇ ਸਿੱਖਾਂ ਅਤੇ ਹਿੰਦੂਆਂ ਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਸੀ। ਬੰਦਾ ਸਿੰਘ (ਬਾਬਾ ਬੰਦਾ ਸਿੰਘ ਬਹਾਦਰ) ਆਪਣੇ ਮੁਸਲਿਮ ਹਮਾਇਤੀਆਂ ਨਾਲ ਉਸ ਨੂੰ ਸਜ਼ਾ ਦੇਣ ਲਈ ਉੱਥੇ ਗਿਆ।

ਬਾਬਾ ਬੰਦਾ ਸਿੰਘ ਮੁਸਲਮਾਨਾਂ ਦਾ ਨਹੀਂ ਸਗੋਂ ਜ਼ੁਲਮ ਦੇ ਵਿਰੁੱਧ ਸੀ। ਸਮਾਜ ਦੇ ਗ਼ਰੀਬ ਵਰਗ ਦੇ, ਹਰ ਵਰਗ ਦੇ ਲੋਕ ਸ਼ਾਮਲ ਹੋਏ। ਉਨ੍ਹਾਂ ਵਿੱਚੋਂ ਬਹੁਤੇ ਕਿਸਾਨ ਤਾਂ ਸਨ ਹੀ ਪਰ ਹੋਰ ਵੀ ਸਨ।

'ਅਖਬਾਰ-ਏ-ਦਰਬਾਰ-ਏ-ਮੁੱਅਲਾ' ਮਿਤੀ ੨੮ ਅਪ੍ਰੈਲ, ੧੭੧੧ ਨੋਟ ਕਰਦਾ ਹੈ- "ਬਾਗ਼ੀ ਨਾਨਕ-ਪੂਜਕ (ਬੰਦਾ ਸਿੰਘ) ਨੇ ੨੬ ਅਪ੍ਰੈਲ ਤਕ ਕਲਾਨੌਰ ਵਿਖੇ ਡੇਰਾ ਲਾਇਆ ਹੋਇਆ ਸੀ। ਉਸ ਨੇ ਇਕ ਵਾਇਦਾ ਦਿੱਤਾ ਸੀ ਅਤੇ ਮੁਸਲਮਾਨਾਂ ਨੂੰ ਤੰਗ ਨਾ ਕਰਨ ਦਾ ਸੰਕਲਪ ਪ੍ਰਗਟ ਕੀਤਾ ਸੀ। ਇਸ ਲਈ ਉਨ੍ਹਾਂ (ਬੰਦਾ ਸਿੰਘ) ਨਾਲ ਸ਼ਾਮਲ ਹੋਣ ਵਾਲੇ ਸਾਰੇ ਮੁਸਲਮਾਨਾਂ ਨੂੰ ਰੋਜ਼ਾਨਾ ਭੱਤਾ ਅਤੇ ਮਜ਼ਦੂਰੀ ਦਿੱਤੀ ਜਾਂਦੀ ਸੀ ਅਤੇ ਉਨ੍ਹਾਂ ਦੀ ਚੰਗੀ ਤਰ੍ਹਾਂ ਦੇਖਭਾਲ ਕੀਤੀ ਜਾਂਦੀ ਸੀ। ਉਸ ਨੇ ਉਨ੍ਹਾਂ ਨੂੰ ਖੁਤਬਾ ਪੜ੍ਹਨ ਅਤੇ ਨਮਾਜ਼ ਅਦਾ ਕਰਨ ਦੀ ਇਜਾਜ਼ਤ ਦਿੱਤੀ ਸੀ। ਇਸ ਤਰ੍ਹਾਂ ੫੦੦੦ ਬਾਗੀ ਮੁਸਲਮਾਨ ਇਸ

ਸਿੱਖ ਆਗੂ ਦੀ ਸੇਵਾ ਵਿਚ ਸ਼ਾਮਲ ਹੋ ਗਏ ਸਨ। ਅਜ਼ਾਨ (ਨਮਾਜ਼ ਲਈ ਬੁਲਾਉਣ) ਅਤੇ ਨਮਾਜ਼ (ਰੋਜ਼ਾਨਾ ਪ੍ਰਾਰਥਨਾ) ਦੀ ਆਜ਼ਾਦੀ ਨਾਲ, ਇਹ ਮੁਸਲਮਾਨ, ਸਿੱਖਾਂ ਦੀ ਫੌਜ ਵਿਚ ਸੁਰੱਖਿਅਤ ਮਹਿਸੂਸ ਕਰ ਰਹੇ ਸਨ।[੩੧]

## ਸਿੱਟਾ (ਨਿਚੋੜ)

ਕੁਝ ਮੱਧਕਾਲੀ ਇਤਿਹਾਸਕਾਰਾਂ ਨੇ ਦੱਸਿਆ ਹੈ ਕਿ ਸਰਹਿੰਦ ਵਿਚ ੩੬੦ ਮਸਜਿਦਾਂ, ਬਾਗ, ਮਕਬਰੇ, ਕਾਫ਼ਲੇ ਅਤੇ ਖੂਹ ਸਨ । ਇਹ ਭਾਸ਼ਣ ਜਾਂ ਕਾਵਿਕ ਅਤਿਕਥਨੀ ਦਾ ਅੰਕੜਾ ਹੈ ਅਤੇ ਇਸ ਦਾ ਅਰਥ ਸ਼ਾਬਦਿਕ ਤੌਰ 'ਤੇ ਨਹੀਂ ਲਿਆ ਜਾਣਾ ਚਾਹੀਦਾ ਹੈ। ਸ਼ਾਹਜਹਾਂ ਅਤੇ ਔਰੰਗਜ਼ੇਬ ਦੇ ਸਮੇਂ ਦੌਰਾਨ ਸਰਹਿੰਦ ਬਹੁਤ ਸੁੰਦਰ ਸੀ ਪਰ ਸ਼ਹਿਰ ਦਾ ਇੱਕੋ-ਇੱਕ ਬਾਗ਼ ਜਿਸਦਾ ਜ਼ਿਕਰ ਫ਼ਾਰਸੀ ਰਿਕਾਰਡਾਂ ਵਿਚ ਮਿਲਦਾ ਹੈ, ਉਹ ਨੌਲੱਖਾ ਬਾਗ ਹੈ ਜਿਸ ਦੀ ਪਛਾਣ ਆਮ ਖਾਸ ਬਾਗ ਵਜੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ, ਇਤਿਹਾਸਿਕ ਦਸਤਾਵੇਜ਼ਾਂ ਵਿਚ ਸਰਹਿੰਦ ਕਿਲ੍ਹੇ ਤੋਂ ਬਾਹਰ ਸਿਰਫ਼ ਦੋ ਕਾਫ਼ਲਾ ਸਰਾਏ ਦਾ ਜ਼ਿਕਰ ਹੈ।[੩੨]

ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਸ੍ਰੀ ਅੰਮ੍ਰਿਤਸਰ ਬਾਗਾਂ ਦਾ ਸ਼ਹਿਰ ਸੀ। ਮਹਾਰਾਜੇ ਨੇ ਸ੍ਰੀ ਅੰਮ੍ਰਿਤਸਰ ਵਿਚ ਘੱਟੋ-ਘੱਟ ਇੱਕ ਦਰਜਨ ਬਾਗ ਲਵਾ ਦਿੱਤੇ। ਹੁਣ ਪੂਰੇ ਸ਼ਹਿਰ ਵਿਚ ਸ਼ਾਇਦ ਹੀ ੧-੨ ਬਾਗ਼ ਹਨ। ਵੰਡ ਤੋਂ ਬਾਅਦ ਬੇਤਰਤੀਬੀ ਉਸਾਰੀ ਅਤੇ ਸ਼ਹਿਰਾਂ ਨੂੰ ਕੰਕਰੀਟ ਦੇ ਜੰਗਲ ਵਿਚ ਤਬਦੀਲ ਕਰਨ ਦਾ ਮਤਲਬ ਹੈ ਕਿ ਉਹ ਆਪਣੇ ਲਗਪਗ ਸਾਰੇ ਬਾਗ ਗੁਆ ਚੁੱਕੇ ਹਨ। ਸਰਹਿੰਦ ਦੇ ਬਾਗ਼ਾਂ ਦੇ ਨੁਕਸਾਨ ਲਈ ਬਾਬਾ ਬੰਦਾ ਸਿੰਘ ਬਹਾਦਰ ਜਾਂ ਮਿਸਲ ਸਰਦਾਰਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਸਰਹਿੰਦ ਆਪਣੀ ਸ਼ਾਹੀ ਸਰਪ੍ਰਸਤੀ ਗੁਆ ਬੈਠੀ ਅਤੇ ਸਿੱਖਾਂ ਦੇ ਅਧੀਨ ਪੰਜਾਬ ਦੇ ਆਮ ਕਸਬਿਆਂ ਵਿੱਚੋਂ ਇੱਕ ਬਣ ਗਈ। ਇਹ ਕਹਿਣਾ ਗ਼ਲਤ ਹੈ ਕਿ ਇਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਜਾਂ ਬਾਅਦ ਵਿਚ ਮਿਸਲ ਸਰਦਾਰਾਂ ਨੇ ਤਬਾਹ ਕੀਤਾ ਸੀ। ਇੱਥੇ ੩ ਦਰਜਨ ਤੋਂ ਵੱਧ ਸੁਰੱਖਿਅਤ ਇਸਲਾਮੀ ਢਾਂਚੇ ਹਨ ਜੋ ਜ਼ਿਆਦਾਤਰ ੧੭੧੦ ਈ. ਤੋਂ ਪਹਿਲਾਂ ਬਣਾਏ ਗਏ ਸਨ। ਤਬਾਹੀ ਅਤੇ ਅਣਗਹਿਲੀ ਵਿਚ ਬਹੁਤ ਵੱਡਾ ਅੰਤਰ ਹੈ। ਪੰਜਾਬ ਆਪਣੇ ਵਿਰਸੇ ਨੂੰ ਸੰਭਾਲਣ ਲਈ ਬਹੁਤਾ ਵਧੀਆ ਨਹੀਂ ਹੈ। ਇੱਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਾਇਆ ਗਈਆਂ ਦੀਨਾਨਗਰ (ਜ਼ਿਲ੍ਹਾ ਗੁਰਦਾਸਪੁਰ) ਵਿਚ ਬਾਰਾਂਦਰੀ ਵਰਗੀਆਂ ਇਮਾਰਤਾਂ ਜੋ ਰਾਜ ਦਾ ਪ੍ਰਤੀਕ ਸੀ, ਅਣਗਹਿਲੀ ਦਾ ਸਾਹਮਣਾ ਕਰ ਰਹੀਆਂ ਹਨ।

ਮੁਗ਼ਲਾਂ ਨੇ ੬ ਮਹੀਨਿਆਂ ਦੇ ਅੰਦਰ ੧੭੧੦ ਈ. ਦੇ ਅੰਤ ਵਿਚ ਸਰਹਿੰਦ ਉੱਤੇ ਮੁੜ ਕਬਜ਼ਾ ਕਰ ਲਿਆ। ਇਸ ਨੂੰ ਗੁਆਉਣ ਤੋਂ ਬਾਅਦ ਫਿਰ ਇਹ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜਿੱਤਿਆ ਗਿਆ, ਪਰ ਮੁਗ਼ਲਾਂ ਨੇ ਦੁਬਾਰਾ ਸ਼ਹਿਰ 'ਤੇ ਕਬਜ਼ਾ ਕਰ ਲਿਆ, ਪਰ ਬੰਦਾ ਸਿੰਘ ਅਤੇ ਉਸ ਦੀਆਂ ਫੌਜਾਂ ਨੇ ੧੭੧੬ ਈ. ਤਕ ਸੰਘਰਸ਼ ਕੀਤਾ। ਇਹ ੧੭੬੪ ਈ. ਵਿਚ ਮਿਸਲ ਸਰਦਾਰਾਂ ਨੇ ਜਿੱਤ ਲਿਆ। ਕੋਈ ਮੁਗ਼ਲ ਹੱਥ-ਲਿਖਤ ਨਹੀਂ ਹੈ ਕਿ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਤੋਂ ਇਸ ਸ਼ਹਿਰ ਨੂੰ ਵਾਪਸ ਲੈਣ ਤੋਂ ਬਾਅਦ ਇਸ ਨੂੰ ਦੁਬਾਰਾ

ਬਣਾਇਆ ਸੀ। ਸਮਕਾਲੀ ਮੁਗ਼ਲ ਸਮਾਚਾਰ ਪੱਤਰਾਂ ਵਿਚ ਸਰਹਿੰਦ ਦੀ ਤਬਾਹੀ ਜਾਂ ਸਿੱਖਾਂ ਜਾਂ ਕਿਸੇ ਦੇ ਦੁਆਰਾ ਨਿਵਾਸੀਆਂ ਦੇ ਕਤਲ ਦਾ ਕੋਈ ਜ਼ਿਕਰ ਨਹੀਂ ਹੈ।

ਪੂਰਬੀ ਪੰਜਾਬ ਵਿਚ ਸਾਡੇ ਵਿੱਚੋਂ ਬਹੁਤਿਆਂ ਨੇ ਇਹ ਮੁਹਾਵਰਾ ਅਲੰਕਾਰਿਕ ਤੌਰ 'ਤੇ ਸੁਣਿਆ ਹੋਵੇਗਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਇੱਟ ਨਾਲ ਇੱਟ ਖੜਕਾ ਦਿੱਤੀ। ਇਸ ਮੁਹਾਵਰੇ ਦਾ ਅਰਥ ਹੈ ਸਰਹਿੰਦ ਵਿਚ ਮੁਗ਼ਲ ਸੱਤਾ ਦਾ ਖ਼ਾਤਮਾ ਅਤੇ ਇਸ ਦਾ ਮਤਲਬ ਸ਼ਹਿਰ ਦੀ ਤਬਾਹੀ ਅਤੇ ਇਸ ਦੀ ਆਬਾਦੀ ਨੂੰ ਮਾਰਨਾ ਨਹੀਂ ਹੈ। ਮੁਗ਼ਲ ਇਤਿਹਾਸ ਚੰਗੀ ਤਰ੍ਹਾਂ ਦਰਜ ਹੈ ਅਤੇ ਜੋ ਲੋਕ ਇਸ ਵਿਚਾਰ ਨੂੰ ਮੰਨਦੇ ਹਨ ਕਿ ਬਾਬਾ ਬੰਦਾ ਸਿੰਘ (ਜਾਂ ਮਿਸਲ ਸਰਦਾਰਾਂ) ਨੇ ਸਰਹਿੰਦ (ਖਾਸ ਕਰਕੇ ਮੁਸਲਿਮ ਢਾਂਚੇ) ਨੂੰ ਤਬਾਹ ਅਤੇ ਬਰਬਾਦ ਕਰ ਦਿੱਤਾ ਸੀ, ਉਹਨਾਂ ਨੂੰ ਮੁਗ਼ਲ ਰਿਕਾਰਡਾਂ ਤੋਂ ਹਵਾਲਾ ਦੇਣਾ ਚਾਹੀਦਾ ਹੈ, ਮੁਗ਼ਲ ਜਾਂ ਮੁਸਲਿਮ ਇਤਿਹਾਸਿਕ ਇਮਾਰਤਾਂ ਦੇ ਨਾਂ ਜੋ ਸਿੱਖਾਂ ਦੁਆਰਾ ਪੂਰੀ ਤਰ੍ਹਾਂ ਜ਼ਮੀਨ ਤੇ ਢਾਹ ਦਿੱਤੇ ਗਏ ਸਨ। ਜੇਕਰ ਉਹ ਉਨ੍ਹਾਂ ਦਾ ਨਾਂ ਲੈਣ ਤੋਂ ਅਸਮਰੱਥ ਹਨ ਤਾਂ ਸਮਾਂ ਆ ਗਿਆ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਰਹਿੰਦ ਦੀ ਅਖੌਤੀ ਤਬਾਹੀ ਨੂੰ ਮੁੜ ਵਿਚਾਰਿਆ ਜਾਵੇ ਅਤੇ ਸਹੀ ਇਤਿਹਾਸ ਕਾਇਮ ਕੀਤਾ ਜਾਵੇ। ਇਸ ਲੇਖ ਵਿਚ ਦਿੱਤੇ ਇਤਿਹਾਸਕਾਰਾਂ ਦੇ ਹਵਾਲੇ ਅਤੇ ਮੌਜੂਦਾ ਸਮੇਂ ੨੦੨੫ ਵਿਚ ਸਰਹਿੰਦ ਵਿਚ ਮੌਜੂਦਾ ਇਸਲਾਮੀ ਢਾਂਚੇ ਦੀ ਸਹੀ ਸਥਿਤੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਬਾਬਾ ਬੰਦਾ ਬਹਾਦਰ ਸਰਹਿੰਦ ਸ਼ਹਿਰ ਨੂੰ ਤਬਾਹ ਨਹੀਂ ਕੀਤਾ।

(Originally published in English in Abstracts of Sikh Studies Journal, July-Sept 2024/556 NS under the title 'Debunking the myth of destruction of Sirhind by Banda Singh Bahadar in 1710)

## REFERENCES


**1.** J. S. Grewal & Irfan Habib (2001) *Sikh History from Persian Sources.* New Delhi: Tulika. p134

**2.** Ibid. p118

**3.** Mohan Singh Hira (2022) *Guru Da Banda - Banda Singh Bahadar (Punjabi).* Chandigarh: Unistar p328-378

**4.** Khushwant Singh in A History of the Sikhs Vol1 1469-1839, first published in 1963 wrote 'Sirhind was destroyed in detail;only a few mausolea were spared'.

**5.** Subhash Parihar (2004) *Historical Mosques of Sirhind.* IslamicStudies. Vol 43. No. 3 p481-510

**6.** Subhash Parihar (2006) *History & Architectural Remains of Sirhind.* Delhi: Aryan Books International.p99

**7.** Subhash Parihar (1999) *Arabic and Persian Inscriptions from Sirhind.* Islamic

Studies. Vol 38. No.2 pp. 255-74
**8.** Subhash Parihar (2006) op. cit. p103
**9.** Ibid. p108
**10.** Ibid. p111
**11.** Ibid. p113
**12.** Ibid. p120-21
**13.** Ibid. p116
**14.** Ganda Singh (1981) The Martyrdom of Guru Arjan. *The Sikh Review.* June.p11-26
**15.** Subhash Parihar (2006) op. cit. p123
**16.** Ibid. p130-36
**17.** Inderjeet Singh (2023) Jahazi Haveli of Sirhind in History. *Abstracts of Sikh Studies.* Vol XXVI. Issue 3. p35-41
**18.** Subhash Parihar (2006) op. cit. p189-91
**19.** Subhash Parihar (2006) op. cit. p209-10
**20.** Ganda Singh (1990 tr.) *Sardar Jassa Singh Ahluwalia. Patiala:* Punjabi University.p133
**21.** Ibid. p134
**22.** Alexander Cunningham (1871) Archaeological Survey of India Four Reports made during the years 1862-63-64-65 Vol II. Simla:
Government Central Press p209
**23.** William Lloyd & Alexander Gerard (1840) Narrative of a Journey from Caunpoor to the Boorendo Pass in the Himalaya Mountains via Gwalior, Agra, Delhi & Sirhind. Vol 1. London: J. Madden & Co. p74-75
**24.** Alexander Cunningham (1871) op. cit. p208-09
**25.** Kulwant Singh (tr.2006) *Sri Gur Panth Prakash (Rattan SinghBhangoo)* Vol 1 (Episodes 1 to 81). Chandigarh: Institute ofSikh Studies. p245
**26.** Balwant Singh Dhillon (ed.2004) *Sri Gur Panth Prakash* Kirt S. Rattan Singh Bhangu (Punjabi). Amritsar: Singh Brothers. p95
**27.** John Gordon (1904) *The Sikhs.* London: William Blackwood& Sons p47
**28.** Ganda Singh (1935) *Life of Banda* Singh Bahadur based onContemporary and Original Records. Amritsar: Khalsa College p70-71
**29.** Balwant Singh Dhillon (2022) *Banda Singh Bahadur Farsi Sarot* (Punjabi). Amritsar: Singh Brothers.p55
**30.** Bhagat Singh (1984) *Akhbar-i-Darbar-i-Mualla. The Panjab Past and Present.* Vol XVIII. No.2. pp27-28
**31.** Ibid.p63
**32.** Subhash Parihar (2006) op. cit. p222

# ਗੁਰਦੁਆਰਾ ਸ੍ਰੀ ਰੀਠਾ ਸਾਹਿਬ

*-ਸ੍ਰੀ ਰਮੇਸ਼ ਬੱਗਾ ਚੋਹਲਾ**

ਸਿੱਖ ਇਤਿਹਾਸ ਵਿਚ ਗੁਰਦੁਆਰਾ ਸਾਹਿਬਾਨ ਦਾ ਬੜਾ ਹੀ ਮਹੱਤਵਪੂਰਨ ਅਤੇ ਅਹਿਮਤਰੀਨ ਸਥਾਨ ਹੈ। ਰੂਹਾਨੀਅਤ ਦਾ ਕੇਂਦਰ ਹੋਣ ਦੇ ਨਾਲ-ਨਾਲ ਇਹ ਗੁਰਦੁਆਰਾ ਸਾਹਿਬਾਨ ਸਦੀਆਂ ਤੋਂ ਆਪਸੀ ਭਾਈਚਾਰਕ ਸਾਂਝ ਦੀ ਵੀ ਹਾਮੀ ਭਰਦੇ ਆ ਰਹੇ ਹਨ। ਸਿੱਖ ਗੁਰੂ ਸਾਹਿਬਾਨ ਨੇ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਕਰਵਾ ਕੇ ਅਤੇ ਇਨ੍ਹਾਂ ਦੇ ਚਾਰ ਦਰਵਾਜ਼ੇ ਬਣਵਾ ਕੇ ਚਾਰੇ ਵਰਣਾਂ ਨੂੰ ਸਾਂਝੇ ਅਧਿਆਤਮਕ ਉਪਦੇਸ਼ ਨਾਲ ਜੋੜਨ ਦਾ ਇੱਕ ਮਹਾਨ ਉਪਰਾਲਾ ਕੀਤਾ ਹੈ। ਗੁਰੂ ਸਾਹਿਬ ਦੇ ਇਸ ਪਰਉਪਕਾਰੀ ਉਪਰਾਲੇ ਦੀ ਸਦੀਵੀਂ ਗਵਾਹੀ ਦਿੰਦਾ ਹੈ ਉਤਰਾਖੰਡ ਦੀ ਰਮਣੀਕ ਘਾਟੀ ਵਿਚ ਸੁਭਾਇਮਾਨ 'ਗੁਰਦੁਆਰਾ ਸ੍ਰੀ ਰੀਠਾ ਸਾਹਿਬ'। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਜੀ ਦੀ ਇਤਿਹਾਸਿਕ ਯਾਦ ਨਾਲ ਜੁੜਿਆ ਗੁਰਦੁਆਰਾ ਰੀਠਾ ਸਾਹਿਬ ਉਤਰਾਖੰਡ ਪ੍ਰਦੇਸ਼ ਦੇ ਸਮੁੰਦਰੀ ਤਲ ਤੋਂ ੭੦੦੦ ਫੁੱਟ ਦੀ ਉਚਾਈ 'ਤੇ ਵੱਸੇ ਜ਼ਿਲ੍ਹਾ ਚੰਪਾਵਤ ਵਿਚ ਸਥਿਤ ਹੈ। ਇਸ ਜ਼ਿਲ੍ਹੇ ਦੀਆਂ ਹੱਦਾਂ ਸ਼ਹੀਦ ਊਧਮ ਸਿੰਘ ਨਗਰ ਅਤੇ ਨੈਨੀਤਾਲ ਜ਼ਿਲ੍ਹੇ ਨਾਲ ਲੱਗਦੀਆਂ ਹਨ।

ਇਹ ਉਹ ਪਵਿੱਤਰ ਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸੰਗੀ ਭਾਈ ਮਰਦਾਨਾ ਜੀ ਜਗਤ-ਜਲੰਦੇ ਨੂੰ ਠਾਰਦੇ ਹੋਏ ਸਿੱਧਾਂ ਨੂੰ ਜੋਗ ਦੇ ਅਸਲੀ ਅਰਥ ਸਮਝਾਉਣ ਲਈ ਆਏ ਸਨ। ਇਸ ਸਥਾਨ 'ਤੇ ਉਸ ਵਕਤ ਗੋਰਖ ਨਾਥ ਦਾ ਚੇਲਾ ਢੇਰ ਨਾਥ ਰਿਹਾ ਕਰਦਾ ਸੀ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਢੇਰ ਨਾਥ ਨਾਲ ਜ਼ਿੰਦਗੀ ਦੇ ਅਸਲ ਅਤੇ ਸਾਰਥਕ ਉਦੇਸ਼ ਨੂੰ ਲੈ ਕੇ ਗੋਸ਼ਟੀ ਕਰ ਰਹੇ ਸਨ ਤਾਂ ਉਸ ਸਮੇਂ ਇੱਕ ਆਚੰਭਤ ਅਤੇ ਬੇਮਿਸਾਲ ਕੌਤਕ ਵਾਪਰ ਗਿਆ। ਇਸ ਕੌਤਕ ਨਾਲ ਜਿੱਥੇ ਕੌੜਿਆਂ ਰੀਠਿਆਂ ਵਿਚ ਮਿਠਾਸ ਭਰ ਗਈ,ਉੱਥੇ ਹੰਕਾਰੀਆਂ ਨਾਥਾਂ ਦਾ ਹੰਕਾਰ ਵੀ ਦੂਰ ਹੋ ਗਿਆ। ਹੰਕਾਰ ਦੇ ਦੂਰ ਹੋਣ ਕਰਕੇ ਹੀ ਨਾਥਾਂ-ਜੋਗੀਆਂ ਨੂੰ ਗੁਰੂ ਨਾਨਕ ਸਾਹਿਬ ਦੀ ਕਮਾਈ ਅਤੇ ਵਡਿਆਈ ਨੂੰ ਧੰਨ ਕਹਿਣਾ ਪਿਆ ਸੀ।

ਇਤਿਹਾਸਿਕ ਗਵਾਹੀ ਮੁਤਾਬਿਕ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਸਾਥੀਆਂ ਸਮੇਤ ਜਦੋਂ ਇਸ ਸਥਾਨ 'ਤੇ ਆਏ ਤਾਂ ਉਸ ਵਕਤ ਰੀਠੇ ਦੇ ਇਕ ਭਰੇ ਹੋਏ ਦਰੱਖ਼ਤ ਹੇਠਾਂ ਗੋਰਖ ਨਾਥ ਜੋਗੀ ਦਾ ਚੇਲਾ ਢੇਰ ਨਾਥ

** #੧੩੪੮/੧੭/੧ ਗਲੀ ਨੰ:੮, ਰਿਸ਼ੀ ਨਗਰ ਐਕਸਟੈਨਸ਼ਨ, ਲੁਧਿਆਣਾ। ਮੋ. ੯੪੬੩੧੩੨੭੧੯*

ਡੇਰਾ ਲਾਈ ਬੈਠਾ ਸੀ। ਇਸ ਦਰੱਖ਼ਤ ਦੇ ਦੂਸਰੇ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਸਾਥੀ ਨੇ ਵੀ ਆਸਨ ਲਾ ਲਏ। ਗੁਰੂ ਜੀ ਦੀ ਆਮਦ ਨੂੰ ਦੇਖ ਕੇ ਸਿੱਧ ਹੈਰਾਨ ਹੋ ਗਏ ਅਤੇ ਉਨ੍ਹਾਂ (ਗੁਰੂ ਜੀ) ਨੂੰ ਇੱਥੇ ਆਉਣ ਦਾ ਕਾਰਨ ਪੁੱਛਣ ਲੱਗੇ। ਗੁਰੂ ਸਾਹਿਬ ਨੇ ਜੋਗੀਆਂ ਨੂੰ ਦੱਸਿਆ ਕਿ ਆਪਣੀਆਂ ਪਰਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਉਸ ਨਿਰੰਕਾਰ ਨਾਲ ਜੁੜੇ ਰਹਿਣਾ ਹੀ ਸੱਚਾ ਜੋਗ ਹੈ। ਬਾਹਰੀ ਦਿਖਾਵੇ, ਕਰਮ-ਕਾਂਡੀ ਜੀਵਨ ਅਤੇ ਪਾਖੰਡਬਾਜ਼ੀ ਸਦਕਾ ਕਰਤਾਰ ਦੀਆਂ ਖ਼ੁਸ਼ੀਆਂ ਦਾ ਪਾਤਰ ਨਹੀਂ ਬਣਿਆ ਜਾ ਸਕਦਾ। ਅਜੇ ਵਿਚਾਰ ਗੋਸ਼ਟੀ ਚੱਲ ਰਹੀ ਸੀ ਕਿ ਭਾਈ ਮਰਦਾਨਾ ਜੀ ਨੂੰ ਭੁੱਖ ਲੱਗ ਆਈ। ਜਦੋਂ ਉਨ੍ਹਾਂ ਗੁਰੂ ਸਾਹਿਬ ਕੋਲੋਂ ਕੁਝ ਖਾਣ ਦੀ ਤਲ਼ਬ ਜ਼ਾਹਿਰ ਕੀਤੀ ਗੁਰੂ ਜੀ ਕਹਿਣ ਲੱਗੇ, "ਮਰਦਾਨਿਆ! ਅਸੀਂ ਤਾਂ ਬਾਹਰੋਂ ਆਏ ਹੋਏ ਪ੍ਰਦੇਸੀ ਬੰਦੇ ਹਾਂ ਅਤੇ ਸਿੱਧਾਂ ਦੇ ਮਹਿਮਾਨ ਹਾਂ, ਤੁਸੀਂ ਇਨ੍ਹਾਂ ਕੋਲੋਂ ਹੀ ਕੋਈ ਪਦਾਰਥ ਖਾਣ ਨੂੰ ਮੰਗ ਲਵੋ।"

ਗੁਰੂ ਸਾਹਿਬ ਦਾ ਹੁਕਮ ਪਾ ਕੇ ਜਦੋਂ ਭਾਈ ਮਰਦਾਨਾ ਜੀ ਨੇ ਬੜੀ ਨਿਮਰਤਾ-ਪੂਰਵਕ ਸਿੱਧਾਂ ਕੋਲੋ ਭੋਜਨ ਦੀ ਮੰਗ ਕੀਤੀ ਤਾਂ ਹੰਕਾਰ ਨਾਲ ਨੱਕੋ-ਨੱਕ ਭਰੇ ਸਿੱਧਾਂ ਨੇ ਕਿਹਾ ਕਿ, "ਜੇ ਤੇਰਾ ਗੁਰੂ ਸਰਬ ਕਲਾ ਸਮਰੱਥ ਹੈ ਤਾਂ ਉਹ ਬਿਨਾਂ ਕਿਤੇ ਜਾਏ ਭੋਜਨ ਦਾ ਵਸੀਲਾ ਕਿਉਂ ਨਹੀਂ ਕਰ ਦਿੰਦਾ? ਇਸ ਤਰ੍ਹਾਂ ਅਸੀਂ ਵੀ ਉਸ ਦੀ ਸ਼ਕਤੀ ਨੂੰ ਦੇਖ ਲਵਾਂਗੇ।" ਸਿੱਧਾਂ ਦਾ ਕਠੋਰ ਅਤੇ ਹੰਕਾਰ ਭਰਿਆ ਵਿਹਾਰ ਦੇਖ ਕੇ ਗੁਰੂ ਨਾਨਕ ਪਾਤਸ਼ਾਹ ਨੇ ਰੀਠੇ ਦੇ ਫ਼ਲਾਂ ਵੱਲ ਇਸ਼ਾਰਾ ਕਰ ਕੇ ਭਾਈ ਮਰਦਾਨਾ ਜੀ ਨੂੰ ਕਿਹਾ ਕਿ, "ਭਾਈ! ਇਹ ਫ਼ਲ ਤੋੜ ਕੇ ਛੱਕ ਲਓ ਕਰਤਾਰ ਭਲੀ ਕਰੇਗਾ।"

ਗੁਰੂ ਬਾਬੇ ਦਾ ਬਚਨ ਸੁਣ ਕੇ ਭਾਈ ਮਰਦਾਨਾ ਜੀ ਸੋਚਾਂ ਵਿਚ ਪੈ ਗਏ ਅਤੇ ਕਹਿਣ ਲੱਗੇ, "ਗੁਰੂ ਜੀ ਮੈਨੂੰ ਕਿਉਂ ਮਾਰਨਾ ਚਾਹੁੰਦੇ ਹੋ, ਮੈਂ ਤਾਂ ਅਜੇ ਜਿਊਣਾ ਚਾਹੁੰਦਾ ਹਾਂ। ਇਹ ਰੀਠੇ ਤਾਂ ਜ਼ਹਿਰ ਵਰਗੇ ਕੌੜੇ ਹਨ ਅਤੇ ਲੋਕਾਂ ਦੇ ਵਸਤਰ ਧੋਣ ਦੇ ਕੰਮ ਆਉਂਦੇ ਹਨ।"ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਵਾਲੇ ਪਾਸੇ ਦੀਆਂ ਰੀਠੇ ਦੀਆਂ ਟਹਿਣੀਆਂ ਵੱਲ ਮਿਹਰ ਦੀ ਨਦਰ ਕਰਦਿਆਂ ਹੱਸ ਕੇ ਫੁਰਮਾਇਆ, "ਭਾਈ ਮਰਦਾਨਾ ਜੀ! ਸਤਿ ਕਰਤਾਰ ਕਹਿ ਕੇ ਰੀਠੇ ਦੇ ਦਰੱਖ਼ਤ 'ਤੇ ਚੜ੍ਹ ਜਾਉ, ਆਪ ਫ਼ਲ ਛਕੋ ਅਤੇ ਇਨ੍ਹਾਂ ਸਿੱਧਾਂ ਨੂੰ ਵੀ ਤੋੜ-ਤੋੜ ਕੇ ਛਕਾਓ।" ਸਤਿ ਬਚਨ ਕਹਿ ਕੇ ਭਾਈ ਮਰਦਾਨਾ ਜੀ ਗੁਰੂ ਜੀ ਵਾਲੇ ਪਾਸੇ ਦੇ ਇੱਕ ਟਹਿਣੇ 'ਤੇ ਚੜ੍ਹ ਗਏ ਅਤੇ ਰੀਠੇ ਤੋੜ ਕੇ ਖਾਣ ਲੱਗ ਪਏ। ਭਾਈ ਮਰਦਾਨਾ ਜੀ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਗੁਰੂ ਸਾਹਿਬ ਦੀ ਕਿਰਪਾ ਨਾਲ ਜ਼ਹਿਰ ਵਰਗੇ ਰੀਠੇ ਮਿੱਠੇ ਹੋ ਗਏ। ਪਹਿਲਾਂ ਭਾਈ ਸਾਹਿਬ ਨੇ ਆਪ ਰੱਜ ਕੇ ਰੀਠੇ ਛਕੇ ਅਤੇ ਫਿਰ ਸਿੱਧਾਂ ਨੂੰ ਵੀ ਛਕਣ ਲਈ ਦਿੱਤੇ। ਛੁਆਰਿਆਂ ਵਰਗਾ ਅਨੰਦ ਦੇਣ ਵਾਲੇ ਰੀਠੇ ਜਦੋਂ ਨਾਥ-ਜੋਗੀਆਂ ਦੀ ਜੀਭ ਨੂੰ ਲੱਗੇ ਤਾਂ ਉਹ ਵੀ ਹੈਰਾਨ ਹੋਣੋ ਨਾ ਰਹਿ ਸਕੇ। ਇਸ ਤਰ੍ਹਾਂ ਸਿੱਧਾਂ ਵੱਲੋਂ ਵੀ ਆਪਣੀਆਂ ਤਾਂਤ੍ਰਿਕ

ਸ਼ਕਤੀਆਂ ਨਾਲ ਆਪਣੇ ਵਾਲੇ ਪਾਸੇ ਦੇ ਰੀਠੇ ਮਿੱਠੇ ਕਰਨ ਲਈ ਹੱਥ-ਪੱਲੇ ਮਾਰੇ ਗਏ, ਪਰ ਗੁਰੂ ਨਾਨਕ ਸਾਹਿਬ ਦੇ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ।

ਦਰੱਖ਼ਤ ਤਾਂ ਦੁਨੀਆ ਵਿਚ ਹੋਰ ਵੀ ਬਹੁਤ ਹਨ। ਬਹੁਤ ਸੁੰਦਰ ਅਤੇ ਸਜੀਲੇ ਵੀ ਹਨ, ਪਰ ਜਿਹੜੇ ਦਰੱਖ਼ਤ ਉੱਪਰ ਗੁਰੂ ਨਾਨਕ ਸਾਹਿਬ ਦੀ ਕਿਰਪਾ-ਦ੍ਰਿਸ਼ਟੀ ਹੋ ਗਈ ਉਸ ਦਾ ਫ਼ਲ ਨਾ ਸਿਰਫ਼ ਕੌੜੇ ਤੋਂ ਮਿੱਠਾ ਹੀ ਹੋਇਆ, ਸਗੋਂ ਨਾਨਕ ਨਾਮ-ਲੇਵਾ ਸੰਗਤ ਦੇ ਸਤਿਕਾਰ ਦਾ ਪਾਤਰ ਵੀ ਬਣ ਗਿਆ। ਇਸ ਪਾਤਰਤਾ ਕਾਰਨ ਹੀ ਸੰਗਤ ਇਸ ਰੀਠੇ ਨੂੰ ਰੀਠਾ ਸਾਹਿਬ ਆਖ ਕੇ ਪਿਆਰਦੀਆਂ ਅਤੇ ਸਤਿਕਾਰਦੀਆਂ ਹਨ। ■

# ਜੂਨ ਅਤੇ ਜੁਲਾਈ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਜਨਮ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਵਾਲੇ | ੨੦ ਜੇਠ ੦੨ ਜੂਨ |
| ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (੧੯੮੪) | ੨੨ ਜੇਠ ੦੪ ਜੂਨ |
| ਸ਼ਹੀਦੀ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਵਾਲੇ ਤੇ ਭਾਈ ਅਮਰੀਕ ਸਿੰਘ ਜੀ | ੨੪ ਜੇਠ ੦੬ ਜੂਨ |
| ਜੋੜ-ਮੇਲਾ ਗੁਰਦੁਆਰਾ ਸ੍ਰੀ ਰੀਠਾ ਸਾਹਿਬ | ੨੯ ਜੇਠ ੧੧ ਜੂਨ |
| ਜਨਮ ਦਿਹਾੜਾ ਭਗਤ ਕਬੀਰ ਜੀ | ੨੯ ਜੇਠ ੧੧ ਜੂਨ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੩੦ ਜੇਠ ੧੨ ਜੂਨ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | ੦੨ ਹਾੜ ੧੬ ਜੂਨ |
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਬਹਾਦਰ | ੧੧ ਹਾੜ ੨੫ ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ੧੫ ਹਾੜ ੨੯ ਜੂਨ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | ੨੧ ਹਾੜ ੦੫ ਜੁਲਾਈ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | ੨੫ ਹਾੜ ੦੯ ਜੁਲਾਈ |
| ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ | ੦੧ ਸਾਵਣ ੧੬ ਜੁਲਾਈ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੦੪ ਸਾਵਣ ੧੯ ਜੁਲਾਈ |
| ਸ਼ਹੀਦੀ ਦਿਹਾੜਾ ਸ. ਊਧਮ ਸਿੰਘ | ੧੬ ਸਾਵਣ ੩੧ ਜੁਲਾਈ |
| **ਪੂਰਨਮਾਸੀ** | ੨੯ ਜੇਠ ੧੧ ਜੂਨ |
| **ਸੰਗਰਾਂਦ** | ੦੧ ਹਾੜ ੧੫ ਜੂਨ |
| **ਮੱਸਿਆ** | ੧੧ ਹਾੜ ੨੫ ਜੂਨ |
| **ਪੂਰਨਮਾਸੀ** | ੨੬ ਹਾੜ ੧੦ ਜੁਲਾਈ |
| **ਸੰਗਰਾਂਦ** | ੦੧ ਸਾਵਣ ੧੬ ਜੁਲਾਈ |
| **ਮੱਸਿਆ** | ੦੯ ਸਾਵਣ ੨੪ ਜੁਲਾਈ |

■

# ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਸਭ ਤੋਂ ਸ਼ੁਭ ਕਰਮ ਬਾਣੀ ਪੜ੍ਹਨਾ, ਸੁਣਨਾ, ਕਥਾ ਕੀਰਤਨ ਕਰਨਾ ਅਤੇ ਗੁਰਬਾਣੀ ਦੇ ਅਰਥਾਂ ਨੂੰ ਲਿਖ-ਲਿਖ ਕੇ ਸੰਗਤ ਵਿਚ ਵੰਡਣਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਗੁਰੂ ਕੇ ਸਿੱਖਾਂ ਦੀ ਸਭ ਤੋਂ ਵੱਡੀ ਜਾਇਦਾਦ ਹੈ। ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ਾਂ ਵਿਚ ਪਾਵਨ ਗੁਰਬਾਣੀ ਨੂੰ ਜਿੱਥੇ ਬਹੁਤ ਹੀ ਪਿਆਰ ਨਾਲ ਪੜ੍ਹਨ ਅਤੇ ਸੁਣਨ ਦਾ ਵੱਡਾ ਫ਼ਲ ਦੱਸਿਆ ਹੈ, ਉੱਥੇ ਪਾਵਨ ਗੁਰਬਾਣੀ ਦੇ ਅਰਥਾਂ ਨੂੰ ਲਿਖ-ਲਿਖ ਕੇ ਗੁਰੂ ਕੀ ਪਿਆਰੀ ਸੰਗਤ ਵਿਚ ਵੰਡਣ ਦਾ ਵੀ ਬਹੁਤ ਵੱਡਾ ਕਰਮ ਲਿਖਿਆ ਹੈ। ਸੰਗਤ ਵਿਚ ਵਿਚਰਨ 'ਤੇ ਕਈ ਸਿੱਖ ਆਮ ਹੀ ਕਹਿ ਦਿੰਦੇ ਹਨ ਕਿ ਗੁਰਬਾਣੀ ਦੇ ਅਰਥਾਂ ਰਾਹੀਂ ਵਾਹਿਗੁਰੂ ਜੀ ਦੇ ਨਾਮ ਦੀ ਵੱਡੀ ਮਹਿਮਾ ਲਿਖ-ਲਿਖ ਕੇ ਵੰਡਣੀ ਨਹੀਂ ਚਾਹੀਦੀ, ਬੇਅਦਬੀ ਹੁੰਦੀ ਹੈ। ਪਿਆਰਿਓ, ਮਹਾਨ ਸਤਿਗੁਰੂ ਜੀ ਦੀ ਵੱਡੀ ਮਹਿਮਾ ਦੀ ਲਿਖੀ ਗਈ ਲਿਖਤ ਨੂੰ ਉਹ ਮਨੁੱਖ ਘੱਟ ਹੀ ਸੰਭਾਲੇਗਾ, ਜਿਸ ਮਨੁੱਖ ਨੂੰ ਸਤਿਗੁਰੂ ਜੀ ਦੀ ਪਾਵਨ ਗੁਰਬਾਣੀ ਬਾਰੇ ਕੋਈ ਸੋਝੀ ਨਹੀਂ ਹੁੰਦੀ, ਇੱਥੇ ਇਹ ਲਿਖਣ ਵਾਲੇ ਲਿਖਾਰੀ ਦਾ ਵੱਡਾ ਫ਼ਰਜ਼ ਬਣਦਾ ਹੈ ਕਿ ਇਹ ਵਾਹਿਗੁਰੂ ਜੀ ਦੇ ਨਾਮ ਸਿਮਰਨ ਦੀ ਲਿਖੀ ਗਈ ਪਿਆਰੀ ਲਿਖਤ ਸਿਰਫ ਤੇ ਸਿਰਫ ਸਤਿਗੁਰੂ ਜੀ ਦੇ ਪ੍ਰਤੀ ਭਾਵਨਾ ਅਤੇ ਪਿਆਰ ਰੱਖਣ ਵਾਲੇ ਸਿੱਖ ਨੂੰ ਹੀ ਦਿੱਤੀ ਜਾਵੇ ਜੀ। ਸੋ ਕੋਈ ਵੀ ਗੁਰੂ ਕਾ ਪਿਆਰਾ ਸਿੱਖ ਜਦੋਂ ਵੀ ਕੋਈ ਪਾਵਨ ਗੁਰਬਾਣੀ ਦੇ ਅਰਥਾਂ ਰਾਹੀਂ ਵਾਹਿਗੁਰੂ ਜੀ ਦੇ ਨਾਮ ਜਪਣ ਸਬੰਧੀ ਗੁਰਮਤਿ ਦੀ ਕਿਤਾਬ, ਕੈਲੰਡਰ ਜਾਂ ਹੋਰ ਕੋਈ ਵੀ ਗੁਰਮਤਿ ਦੀ ਲਿਖਤ ਲਿਖ ਕੇ ਸੰਗਤ ਵਿਚ ਵੰਡਣ ਦਾ ਯਤਨ ਕਰੇ ਤਾਂ ਉਹ ਸਿੱਖ ਆਪਣੀ ਬਹੁਤ ਹੀ ਬਰੀਕ ਬੁੱਧੀ ਨਾਲ ਸਿੱਖ ਦੇ ਚਿਹਨ ਚੱਕਰ ਵੱਲ ਵੇਖ ਕੇ ਅਤੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਭਾਵਨਾ ਰੱਖਣ ਵਾਲੇ ਸਿੱਖ ਨੂੰ ਹੀ ਇਹ ਪਿਆਰੀ ਲਿਖਤ ਦਿੱਤੀ ਜਾਵੇ ਜੀ। ਸੋ ਗੁਰੂ ਕੇ ਪਿਆਰਿਓ, ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਆਪਣੇ ਪਾਵਨ ਉਪਦੇਸ਼ਾਂ ਵਿਚ ਵਾਹਿਗੁਰੂ ਜੀ ਦੇ ਨਾਮ ਜਪਣ ਸਬੰਧੀ ਪਿਆਰੀਆਂ ਲਿਖਤਾਂ ਲਿਖ ਕੇ ਗੁਰੂ ਕੀ ਪਿਆਰੀ ਸੰਗਤ ਵਿਚ ਵੰਡਣ ਬਾਰੇ ਆਪਣੇ ਬਹੁਤ ਹੀ ਪਿਆਰੇ ਉਪਦੇਸ਼ ਅੰਕਿਤ ਕੀਤੇ ਹਨ। ਸੋ ਨਾਮ ਜਪਣ, ਬਾਣੀ ਪੜ੍ਹਨ-ਸੁਣਨ, ਕਥਾ ਕੀਰਤਨ ਕਰਨ ਅਤੇ ਗੁਰਬਾਣੀ ਦੀਆਂ ਪਿਆਰੀਆਂ ਲਿਖਤਾਂ ਲਿਖਣ ਸੰਬੰਧੀ ਸਤਿਗੁਰੂ ਜੀ ਦੇ ਬਹੁਤ ਹੀ ਪਿਆਰੇ ਉਪਦੇਸ਼ ਪੜ੍ਹੋ ਜੀ:

*ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ॥*
*ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੯)

* #੨, ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਪਿਆਰੇ ਬਚਨਾਂ ਰਾਹੀਂ ਸੰਗਤ ਨੂੰ ਸਮਝਾ ਰਹੇ ਹਨ ਕਿ ਪਿਆਰਿਓ, ਜਿਹੜੇ ਵੀ ਪਿਆਰੇ ਸਿੱਖ ਮਹਾਨ ਸਤਿਗੁਰੂ ਜੀ ਦੇ ਹਰ ਰੋਜ਼ ਸਮਾਂ ਕੱਢ ਕੇ ਦਰਸ਼ਨ ਕਰਦੇ ਹੋਏ ਸੀਸ ਨਿਵਾਉਂਦੇ ਹਨ, ਐਸੇ ਪਿਆਰੇ ਸਿੱਖ ਸਤਿਗੁਰੂ ਜੀ ਦੀ ਪਵਿੱਤਰ ਨਜ਼ਰ ਵਿਚ ਬਹੁਤ ਹੀ ਉੱਚੇ-ਸੁੱਚੇ ਅਤੇ ਮੁਖੀ ਸਿੱਖ ਹੋ ਜਾਂਦੇ ਹਨ ਅਤੇ ਉਹ ਪਿਆਰੇ ਗੁਰਸਿੱਖ ਜਿਹੜੇ ਪਾਵਨ ਗੁਰਬਾਣੀ ਦੇ ਪਿਆਰੇ ਅਰਥਾਂ ਨੂੰ ਆਪਣੇ ਹੱਥੀਂ ਲਿਖ-ਲਿਖ ਕੇ ਗੁਰੂ ਕੀ ਪਿਆਰੀ ਸੰਗਤ ਵਿਚ ਵੰਡਦੇ ਰਹਿੰਦੇ ਹਨ, ਐਸੇ ਪਿਆਰੇ ਗੁਰਸਿੱਖਾਂ ਦੇ ਹੱਥ ਸਤਿਗੁਰੂ ਜੀ ਨੂੰ ਬਹੁਤ ਹੀ ਪਿਆਰੇ, ਸੋਹਣੇ ਅਤੇ ਸੁਚੱਜੇ ਲੱਗਦੇ ਹਨ, ਜਿਸ ਸਦਕਾ ਸਤਿਗੁਰੂ ਜੀ ਐਸੇ ਗੁਰਸਿੱਖ ਦਾ ਸਰੀਰ ਹੀ ਪਵਿੱਤਰ ਕਰ ਦਿੰਦੇ ਹਨ:

*ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੧)*

ਸਤਿਗੁਰੂ ਜੀ ਅੱਗੇ ਉਪਦੇਸ਼ ਕਰ ਰਹੇ ਹਨ ਕਿ ਪਾਵਨ ਗੁਰਬਾਣੀ ਬਹੁਤ ਹੀ ਪਿਆਰ ਨਾਲ ਪੜ੍ਹਨ ਅਤੇ ਸੁਣਨ ਵਾਲੇ ਗੁਰਸਿੱਖਾਂ ਦਾ ਹਿਰਦਾ ਬਹੁਤ ਪਵਿੱਤਰ ਹੋ ਜਾਂਦਾ ਹੈ ਅਤੇ ਉਹ ਗੁਰਸਿੱਖ ਧੰਨਤਾ ਦੇ ਯੋਗ ਹੋ ਜਾਂਦੇ ਹਨ। ਜਿਹੜੇ ਪਿਆਰੇ ਗੁਰਸਿੱਖ ਪਾਵਨ ਗੁਰਬਾਣੀ ਦੇ ਪਿਆਰੇ ਅਰਥਾਂ ਰਾਹੀਂ ਵਾਹਿਗੁਰੂ ਜੀ ਦਾ ਵੱਡਾ ਜਸ ਆਪਣੇ ਹੱਥੀਂ ਲਿਖ-ਲਿਖ ਕੇ ਗੁਰੂ ਕੀ ਪਿਆਰੀ ਸੰਗਤ ਵਿਚ ਵੰਡਦੇ ਰਹਿੰਦੇ ਹਨ, ਐਸੇ ਪਰਉਪਕਾਰੀ ਗੁਰਸਿੱਖਾਂ ਦੀਆਂ ਮਹਾਨ ਸਤਿਗੁਰੂ ਜੀ ਪਿਛਲੀਆਂ ਅਗਲੀਆਂ ਕੁਲ੍ਹਾਂ ਹੀ ਤਾਰ ਦਿੰਦੇ ਹਨ, ਸਤਿਗੁਰੂ ਜੀ ਅੱਗੇ ਆਪਣੇ ਪਾਵਨ ਉਪਦੇਸ਼ ਰਾਹੀਂ ਫੁਰਮਾ ਰਹੇ ਹਨ ਕਿ:

*ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ*
*ਹਰਿ ਭਉਜਲੁ ਪਾਰਿ ਉਤਾਰੀ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੯)*

ਸੋ ਪਿਆਰਿਓ, ਜਿਹੜੇ ਵੀ ਪਿਆਰੇ ਸਿੱਖ ਪਾਵਨ ਬਾਣੀ ਰਾਹੀਂ ਵਾਹਿਗੁਰੂ ਜੀ ਦਾ ਸਿਮਰਨ ਕਰਦੇ ਹਨ, ਪਾਵਨ ਗੁਰਬਾਣੀ ਦਾ ਪਾਠ ਬਹੁਤ ਹੀ ਸਹਿਜ ਅਵਸਥਾ ਵਿਚ ਕਰਦੇ ਰਹਿੰਦੇ ਹਨ, ਕਥਾ ਕੀਰਤਨ ਰਾਹੀਂ ਹਰੀ ਜਸ ਕਰਦੇ ਅਤੇ ਸੁਣਾਉਂਦੇ ਰਹਿੰਦੇ ਹਨ, ਰੱਬੀ ਨਾਮ ਦੀਆਂ ਲਿਖਤਾਂ ਲਿਖ-ਲਿਖ ਕੇ ਸੰਗਤ ਵਿਚ ਵੰਡਦੇ ਹੀ ਰਹਿੰਦੇ ਹਨ, ਐਸੇ ਗੁਰੂ ਕੇ ਪਿਆਰੇ ਸਿੱਖਾਂ ਨੂੰ ਮਹਾਨ ਸਤਿਗੁਰੂ ਜੀ ਇਸ ਭਵਸਾਗਰ ਤੋਂ ਸਦਾ-ਸਦਾ ਲਈ ਪਾਰ ਕਰ ਦਿੰਦੇ ਹਨ ਅਤੇ ਐਸੇ ਗੁਰਸਿੱਖ ਹੋਰਨਾਂ ਸਿੱਖਾਂ ਦੇ ਜੀਵਨ ਨੂੰ ਗੁਰਸਿੱਖੀ ਵਾਲਾ ਬਣਾ ਕੇ, ਉਨ੍ਹਾਂ ਨੂੰ ਵੀ ਇਸ ਭਵਸਾਗਰ ਤੋਂ ਤਾਰ ਦਿੰਦੇ ਹਨ:

*ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ॥*
*ਹਰਿ ਜਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੨)*

ਸਤਿਗੁਰੂ ਜੀ ਅੱਗੇ ਫੁਰਮਾਅ ਰਹੇ ਹਨ ਕਿ ਪਿਆਰਿਓ, ਜਿਹੜੇ ਵੀ ਪਿਆਰੇ ਸਿੱਖ ਆਪਣੀ ਰਸਨਾ ਨਾਲ ਪਾਵਨ ਗੁਰਬਾਣੀ ਰਾਹੀਂ ਹਰੀ ਦਾ ਜਸ ਕਰਦੇ ਹਨ, ਐਸੇ ਪਿਆਰੇ ਸਿੱਖਾਂ ਦਾ ਮਹਾਨ ਸਤਿਗੁਰੂ ਜੀ ਇਸ ਜਨਮ ਵਿਚ ਹੀ ਉੱਧਾਰ ਕਰ ਦਿੰਦੇ ਹਨ ਅਤੇ ਜਿਹੜੇ ਗੁਰੂ ਕੇ ਪਿਆਰੇ ਸਿੱਖ ਗੁਰਬਾਣੀ ਦੇ ਅਰਥਾਂ ਰਾਹੀਂ ਵਾਹਿਗੁਰੂ ਜੀ ਦਾ ਵੱਡਾ ਜਸ ਗੁਰੂ ਕੀ ਪਿਆਰੀ ਸੰਗਤ ਵਿਚ ਆਪਣੇ ਹੱਥੀਂ ਲਿਖ ਲਿਖ ਕੇ ਸਦਾ ਵੰਡਦੇ ਰਹਿੰਦੇ ਹਨ, ਐਸੇ ਸਿੱਖਾਂ ਦੇ ਹੱਥ ਸਤਿਗੁਰੂ ਜੀ ਦੀ ਦਇਆ-ਦ੍ਰਿਸ਼ਟੀ ਸਦਕਾ ਬਹੁਤ ਪਵਿੱਤਰ ਹੋ ਜਾਂਦੇ ਹਨ:

*ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ*
*ਜੋ ਸਾਧੂ ਸਤਿਗੁਰੁ ਦੇਖਹਿ ਰਾਮ॥*
*ਤੇ ਹਸਤ ਪੁਨੀਤ ਪਵਿਤੁ ਹਹਿ ਮੇਰੀ ਜਿੰਦੁੜੀਏ*
*ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੪੦)*

ਸਤਿਗੁਰੂ ਜੀ ਅੱਗੇ ਉਪਦੇਸ਼ ਕਰ ਰਹੇ ਹਨ ਕਿ ਪਿਆਰਿਓ, ਜੋ ਗੁਰਸਿੱਖ ਹਰ ਰੋਜ਼, ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦੇ ਹਨ, ਉਹ ਸਿੱਖ ਸਾਧੂ ਜੋ ਸਦਾ ਗੁਰੂ ਜੀ ਦੇ ਭੈ ਵਿਚ ਰਹਿੰਦੇ ਹਨ,ਉਨ੍ਹਾਂ ਦੇ ਦਰਸ਼ਨ ਕਰਦੇ ਹਨ, ਐਸੇ ਪਿਆਰੇ ਸਿੱਖਾਂ ਦੇ ਨੇਤ੍ਰ (ਅੱਖਾਂ) ਬਹੁਤ ਹੀ ਸ਼ੋਭਨੀਕ ਹੋ ਜਾਂਦੀਆਂ ਹਨ ਅਤੇ ਜਿਹੜੇ ਪਿਆਰੇ ਸਿੱਖ ਆਪਣੇ ਹੱਥਾਂ ਨਾਲ ਪਾਵਨ ਗੁਰਬਾਣੀ ਰਾਹੀਂ ਵਾਹਿਗੁਰੂ ਜੀ ਦੀ ਵੱਡੀ ਸੋਭਾ ਦੀਆਂ ਲਿਖਤਾਂ ਲਿਖ-ਲਿਖ ਕੇ ਗੁਰੂ ਕੀ ਪਿਆਰੀ ਸਿੱਖ ਸੰਗਤ ਵਿਚ ਵੰਡਦੇ ਰਹਿੰਦੇ ਹਨ, ਐਸੇ ਪਿਆਰੇ ਸਿੱਖਾਂ ਦੇ ਹੱਥਾਂ ਨੂੰ ਸਤਿਗੁਰੂ ਜੀ ਆਪਣੀ ਦਇਆ-ਦ੍ਰਿਸ਼ਟੀ ਸਦਕਾ ਪਵਿੱਤਰ ਕਰ ਦਿੰਦੇ ਹਨ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

*ਗੁਰਸਿਖੀ ਦਾ ਸਿਖਣਾ ਸਬਦਿ ਸੁਰਤਿ ਸਤਸੰਗਤਿ ਸਿਖੈ।*
*ਗੁਰਸਿਖੀ ਦਾ ਲਿਖਣਾ ਗੁਰਬਾਣੀ ਸੁਣਿ ਸਮਝਿ ਲਿਖੈ।* *(ਵਾਰ: ੨੮:੫)*

ਮਹਾਨ ਸਤਿਗੁਰੂ ਜੀ ਮਹਾਨ ਲਿਖਾਰੀ ਅਤੇ ਮਹਾਨ ਬ੍ਰਹਮ ਗਿਆਨੀ ਭਾਈ ਗੁਰਦਾਸ ਜੀ ਦੀ ਇਸ ਪਵਿੱਤਰ ਪਉੜੀ ਦੀ ਵਾਰ ਰਾਹੀਂ ਆਪਣੀ ਮੋਹਰ ਲਾ ਰਹੇ ਹਨ ਕਿ ਬਹੁਤ ਪਿਆਰੇ ਗੁਰਸਿੱਖ ਜਦੋਂ ਸਤਿ-ਸੰਗਤ ਵਿਚ ਬੈਠ ਕੇ ਆਪਣੀ ਸੁਰਤ ਨੂੰ ਗੁਰੂ-ਸ਼ਬਦ ਵਿਚ ਜੋੜ ਕੇ ਬਹੁਤ ਹੀ ਇਕਾਗਰ ਚਿਤ ਹੋ ਕੇ ਸਿਮਰਨ ਕਰਦੇ ਹਨ ਤਾਂ ਐਸੇ ਪਿਆਰੇ ਗੁਰਸਿੱਖਾਂ ਵੱਲ ਵੇਖ ਕੇ, ਹੋਰ ਸਿੱਖ ਵੀ ਸਤਿ-ਸੰਗਤ ਵਿਚ ਬੈਠਣ ਦੀ ਸਿੱਖਿਆ ਲੈ ਲੈਂਦੇ ਹਨ ਅਤੇ ਕਈ ਪਿਆਰੇ ਗੁਰਸਿੱਖ ਪਾਵਨ ਗੁਰਬਾਣੀ ਨੂੰ ਪੜ੍ਹ-ਪੜ੍ਹ ਅਤੇ ਸੁਣ-ਸੁਣ ਕੇ ਇਤਨੀ ਬਰੀਕ ਬੁੱਧੀ ਰਾਹੀਂ ਮਹਾਨ ਸਤਿਗੁਰੂ ਜੀ ਦੀ ਬਖ਼ਸ਼ਿਸ਼ ਦੇ ਪਾਤਰ ਬਣ ਜਾਂਦੇ ਹਨ ਕਿ ਉਹ ਪਾਵਨ ਗੁਰਬਾਣੀ ਦੇ ਗੁਹਜ ਅਰਥਾਂ ਨੂੰ ਗੁਰਬਾਣੀ ਦੀਆਂ ਸਟੀਕਾਂ, ਗੁਰਮਤਿ ਦੀਆਂ ਕਿਤਾਬਾਂ, ਕੈਲੰਡਰਾਂ ਆਦਿ ਦੀਆਂ

ਆਪਣੇ ਹੱਥੀ ਲਿਖਤਾਂ ਲਿਖ-ਲਿਖ ਕੇ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਤੇ ਗੁਰੂ ਕੇ ਪਿਆਰੇ ਸਿੱਖਾਂ ਦੀਆਂ ਸਦਾ ਵੱਡੀਆਂ ਅਸੀਸਾਂ ਲੈਂਦੇ ਹੀ ਰਹਿੰਦੇ ਹਨ।

ਸੋ ਐਸੇ ਪਿਆਰੇ ਗੁਰਸਿੱਖ ਜੋ ਪਾਵਨ ਗੁਰਬਾਣੀ ਨੂੰ ਬਹੁਤ ਹੀ ਪਿਆਰ ਨਾਲ ਪੜ੍ਹਦੇ, ਸੁਣਦੇ, ਕਥਾ ਕੀਰਤਨ ਕਰਦੇ ਹਨ ਜਾਂ ਪਾਵਨ ਗੁਰਬਾਣੀ ਦੇ ਗੂਹਜ ਅਰਥਾਂ ਰਾਹੀਂ ਵਾਹਿਗੁਰੂ ਜੀ ਦੇ ਸਿਮਰਨ ਦਾ ਵੱਡਾ ਜਸ ਆਪਣੀਆਂ ਗੁਰਮਤਿ ਦੀਆਂ ਲਿਖਤਾਂ ਰਾਹੀਂ ਗੁਰੂ ਕੀ ਪਿਆਰੀ ਸਿੱਖ ਸੰਗਤ ਵਿਚ ਆਪਣੇ ਹੱਥੀਂ ਲਿਖ-ਲਿਖ ਕੇ ਵੰਡਣ ਦਾ ਹਰ ਵਕਤ ਯਤਨ ਕਰਦੇ ਰਹਿੰਦੇ ਹਨ, ਅਜਿਹੇ ਗੁਰੂ ਕੇ ਪਿਆਰੇ ਸਿੱਖਾਂ ਨੂੰ ਐਸੇ ਨੇਕ ਅਤੇ ਸ਼ੁਭ ਕਰਮ ਕਰਨ 'ਤੇ ਸਾਨੂੰ ਹੋਰ ਵੀ ਜ਼ਿਆਦਾ ਉਤਸ਼ਾਹ ਦਿੰਦੇ ਰਹਿਣਾ ਚਾਹੀਦਾ ਹੈ ਤਾਂ ਜੋ ਐਸੇ ਗੁਰੂ ਕੇ ਸਿੱਖ ਸਤਿਗੁਰੂ ਜੀ ਦੀ ਲਾਈ ਹੋਈ ਸਿੱਖੀ ਦੀ ਫੁਲਵਾੜੀ ਨੂੰ ਹੋਰ ਵੀ ਵਧਾ ਕੇ, ਮਹਾਨ ਸਤਿਗੁਰੂ ਜੀ ਦੀਆਂ ਸਦਾ ਖੁਸ਼ੀਆਂ ਪ੍ਰਾਪਤ ਕਰਦੇ ਹੀ ਰਹਿਣ ਅਤੇ ਗੁਰੂ ਕੇ ਸਿੱਖਾਂ ਨੂੰ ਪਾਵਨ ਗੁਰਬਾਣੀ ਅਤੇ ਗੁਰਸਿੱਖੀ ਨਾਲ ਜੋੜਨ ਦੇ ਹੋਰ ਵੀ ਸਦਾ ਉਪਰਾਲੇ ਕਰਦੇ ਰਹਿਣ ਜੀ।

ਦਾਸ ਇੱਥੇ ਇਹ ਵੀ ਜ਼ਰੂਰੀ ਲਿਖਣਾ ਚਾਹੁੰਦਾ ਹੈ ਕਿ ਆਮ ਹੀ ਸਿੱਖ ਸੰਗਤ ਵਿਚ ਜਦੋਂ ਕੋਈ ਸਿੱਖ ਲਿਖਾਰੀ ਗੁਰਮਤਿ ਦੀਆਂ ਪਿਆਰੀਆਂ ਲਿਖਤਾਂ ਵੰਡਦੇ ਹਨ ਤਾਂ ਕਈ ਸਿੱਖਾਂ ਨੂੰ ਕੁਝ ਕੁ ਕੱਟੜ ਆਗੂ ਵੀਰਾਂ ਨੇ ਸਿਖਾਇਆ ਹੁੰਦਾ ਹੈ ਕਿ ਭਾਈ, ਕਿਸੇ ਕੋਲੋਂ ਕੋਈ ਗੁਰਮਤਿ ਜਾਂ ਗੁਰਬਾਣੀ ਦੀ ਕਿਤਾਬ ਜਾਂ ਲਿਖਤ ਫੜਨੀ ਨਹੀਂ, ਵੱਡੀ ਬੇਅਦਬੀ ਹੁੰਦੀ ਹੈ। ਸਾਡੀ ਸਿੱਖ ਕੌਮ ਅੱਜ ਇੱਥੋਂ ਬਹੁਤ ਹੀ ਵੱਡੀ ਮਾਤ ਖਾ ਰਹੀ ਹੈ। ਜ਼ਰਾ ਈਸਾਈ ਧਰਮ ਵੱਲ ਵੇਖੋ, ਉਹ ਸਭ ਦੁਨੀਆ ਨੂੰ ਆਪਣੇ ਈਸਾਈ ਧਰਮ ਦੀਆਂ ਫ੍ਰੀ (ਭੇਟਾ-ਰਹਿਤ) ਲਿਖਤਾਂ ਦੇ-ਦੇ ਕੇ ਆਪਣੇ ਧਰਮ ਨੂੰ ਦੁਨੀਆ ਵਿਚ ਫੈਲਾ ਚੁੱਕੇ ਹਨ।

ਸੰਤ ਬਾਬਾ ਜਰਨੈਲ ਸਿੰਘ ਜੀ ਦੀ ਕਥਾ ਵਿੱਚੋਂ ਦਾਸ ਨੇ ਇਕ ਸਾਖੀ ਸੁਣੀ ਸੀ ਕਿ ਇਕ ਚੰਗੇ ਆਦਮੀ ਦੇ ਦੋ ਪੁੱਤਰ ਸਨ। ਦੋਨੋਂ ਪੁੱਤਰ ਆਪਣੇ ਪਿਉ ਦੇ ਘਰ ਤੋਂ ਬਾਹਰ ਦੂਰ-ਦੁਰਾਡੇ ਕਾਰੋਬਾਰ ਜਾਂ ਨੌਕਰੀ ਕਰਦੇ ਸਨ। ਇਕ ਦਿਨ ਪਿਉ ਨੇ ਆਪਣੇ ਦੋਹਾਂ ਪੁੱਤਰਾਂ ਨੂੰ ਵੱਖ-ਵੱਖ ਚਿੱਠੀ ਲਿਖੀ ਕਿ ਪੁੱਤਰ, ਮੈਂ ਕੁਝ ਬਿਮਾਰ ਹੋ ਗਿਆ ਹਾਂ, ਮੇਰੇ ਲਈ ਚਿੱਠੀ ਵਿਚ ਆਹ ਲਿਖੀਆਂ ਦਵਾਈਆਂ, ਦੋ ਸੂਟ ਅਤੇ ਹੋਰ ਆਹ ਇਕ ਦੋ ਵਸਤੂਆਂ ਭੇਜ ਦਿਉ। ਇਨ੍ਹਾਂ ਦੋਹਾਂ ਪੁੱਤਰਾਂ ਵਿੱਚੋਂ ਇਕ ਬਹੁਤ ਸਤਿਬਚਨੀ, ਆਗਿਆਕਾਰੀ, ਸਿਆਣਾ ਅਤੇ ਬਰੀਕ ਬੁੱਧੀ ਵਾਲਾ ਸੀ ਅਤੇ ਦੂਜਾ ਕੁਝ ਮੋਟੀ ਮੱਤ ਵਾਲਾ ਸੀ, ਸੋ ਜਦੋਂ ਦੋਹਾਂ ਪੁੱਤਰਾਂ ਕੋਲ ਪਿਉ ਦੀਆਂ ਚਿੱਠੀਆਂ ਪਹੁੰਚ ਗਈਆਂ ਤਾਂ ਜਿਹੜਾ ਆਗਿਆਕਾਰੀ ਅਤੇ ਬਹੁਤ ਸਿਆਣਾ ਪੁੱਤਰ ਸੀ, ਉਹ ਉਸੇ ਵਕਤ ਬਜ਼ਾਰ ਵਿਚ ਗਿਆ ਅਤੇ ਪਿਤਾ ਨੇ ਜੋ ਚਿੱਠੀ ਵਿਚ ਦਵਾਈਆਂ ਅਤੇ ਹੋਰ

ਵਸਤੂਆਂ ਲਿਖੀਆਂ ਸਨ, ਖਰੀਦ ਕੇ ਅਗਲੇ ਦਿਨ ਹੀ ਕਿਸੇ ਦੇ ਹੱਥ ਆਪਣੇ ਪਿਤਾ ਜੀ ਦੇ ਪਾਸ ਪਹੁੰਚਾ ਦਿੱਤੀਆਂ। ਪਿਤਾ ਉਸ ਆਗਿਆਕਾਰੀ ਅਤੇ ਸਿਆਣੇ ਪੁੱਤ 'ਤੇ ਬਹੁਤ ਪ੍ਰਸੰਨ ਚਿਤ ਹੋਇਆ।

ਉੱਧਰ ਦੂਜਾ ਪੁੱਤਰ, ਜੋ ਜ਼ਿਆਦਾ ਸਿਆਣਾ ਨਹੀਂ ਸੀ, ਉਸ ਨੇ ਆਪਣੇ ਪਿਤਾ ਜੀ ਦੀ ਉਹ ਲਿਖੀ ਚਿੱਠੀ ਆਪਣੇ ਘਰ ਵਿਚ ਬਣਾਈ ਹੋਈ ਧਾਰਮਿਕ ਅਲਮਾਰੀ ਵਿਚ ਉੱਚੇ ਥਾਂ 'ਤੇ ਰੱਖ ਲਈ ਅਤੇ ਇਕ ਨਵਾਂ ਵਧੀਆ ਸਾਫ ਕੱਪੜਾ ਲੈ ਕੇ ਉਸ ਲਿਖੀ ਹੋਈ ਚਿੱਠੀ 'ਤੇ ਪਾ ਦਿੱਤਾ। ਹਰ ਰੋਜ਼ ਉਹ ਪਿਤਾ ਦੀ ਲਿਖੀ ਚਿੱਠੀ ਤੇ ਸਵੇਰੇ ਉੱਠ ਕੇ ਧੂਫ-ਬੱਤੀ ਕਰਦਾ ਪਰ ਉਸ ਨੇ ਪਿਤਾ ਜੀ ਦੀ ਲਿਖਤ ਨੂੰ ਪੜ੍ਹ ਕੇ ਨਾ ਤਾਂ ਵੀਚਾਰਿਆ ਅਤੇ ਨਾ ਹੀ ਉਸ 'ਤੇ ਅਮਲ ਕੀਤਾ। ਦੋ-ਚਾਰ ਮਹੀਨੇ ਬਾਅਦ ਦੋਵੇਂ ਪੁੱਤਰ ਸਲਾਹ ਕਰ ਕੇ ਬਹੁਤ ਦੂਰੀ ਤੋਂ ਆਪਣੇ ਪਿਤਾ ਨੂੰ ਇਕੱਠੇ ਹੀ ਮਿਲਣ ਆ ਗਏ ਤਾਂ ਪਿਤਾ ਨੇ ਉਸ ਘੱਟ ਸਿਆਣੇ ਪੁੱਤਰ ਨੂੰ ਪੁੱਛਿਆ "ਕਿ ਪੁੱਤਰ! ਮੈਂ ਤੈਨੂੰ ਇਕ ਚਿੱਠੀ ਲਿਖੀ ਸੀ ਕਿ ਮੈਂ ਬਿਮਾਰ ਹਾਂ, ਮੈਨੂੰ ਆਹ ਦਵਾਈਆਂ ਅਤੇ ਆਹ ਜ਼ਰੂਰੀ ਸਾਮਾਨ ਜਲਦੀ ਭੇਜ ਦੇ, ਤੂੰ ਕਿਉਂ ਨਹੀਂ ਭੇਜਿਆ?" ਤਾਂ ਉਸ ਪੁੱਤ ਨੇ ਆਪਣੇ ਪਿਤਾ ਦੇ ਪੈਰੀਂ ਹੱਥ ਲਾ ਕੇ ਕਿਹਾ ਕਿ, "ਪਿਤਾ ਜੀ! ਤੁਸੀਂ ਮੇਰੇ ਨਾਲ ਚੱਲੋ ਅਤੇ ਘਰ ਜਾ ਕੇ ਵੇਖੋ ਕਿ ਮੈਂ ਤੁਹਾਡੇ ਵੱਲੋਂ ਲਿਖੀ ਹੋਈ ਚਿੱਠੀ ਨੂੰ ਕਿਸ ਤਰ੍ਹਾਂ ਸਤਿਕਾਰ ਨਾਲ ਰੱਖਿਆ ਹੋਇਆ ਹੈ, ਮੈਂ ਹਰ ਰੋਜ਼ ਤੁਹਾਡੀ ਲਿਖੀ ਹੋਈ ਚਿੱਠੀ ਨੂੰ ਸਵੇਰੇ ਉੱਠ ਕੇ ਨਮਸਕਾਰ ਕਰ ਕੇ ਬੜਾ ਹੀ ਸਤਿਕਾਰ ਕਰਦਾ ਹਾਂ।" ਤਾਂ ਇਹ ਗੱਲ ਸੁਣ ਕੇ ਪਿਤਾ ਉਸ 'ਤੇ ਅਤਿ ਨਾਰਾਜ਼ ਹੋ ਗਿਆ ਅਤੇ ਕਿਹਾ ਕਿ, "ਭਾਈ! ਤੂੰ ਆਪਣੇ ਵੱਡੇ ਭਰਾ ਵੱਲ ਵੇਖ, ਉਸ ਨੇ ਚਿੱਠੀ ਪੜ੍ਹ ਕੇ ਅਮਲ ਕਰਦੇ ਹੋਏ ਅਗਲੇ ਦਿਨ ਹੀ ਮੇਰੀਆਂ ਦਵਾਈਆਂ ਅਤੇ ਸਾਮਾਨ ਭੇਜ ਦਿੱਤਾ। ਮੈਂ ਉਸ 'ਤੇ ਬਹੁਤ ਪ੍ਰਸੰਨ ਹਾਂ ਪਰ ਤੂੰ ਕੋਈ ਸਿਆਣਪ ਨਹੀਂ ਕੀਤੀ।"

ਸੋ ਗੁਰੂ ਕੇ ਪਿਆਰਿਓ, ਸਿੱਖ ਸੰਗਤ ਵਿਚ ਵੀ ਵਿਚਰਦਿਆਂ ਆਮ ਹੀ ਵੇਖਿਆ ਜਾਂਦਾ ਹੈ ਕਿ ਜੇ ਕਿਤੇ ਕੋਈ ਸਿੱਖ ਜਿਸ ਦਾ ਸਰੂਪ ਬਹੁਤ ਹੀ ਗੁਰਸਿੱਖੀ ਵਾਲਾ ਲੱਗਦਾ ਹੋਵੇ, ਉਸ ਨੂੰ ਜਦੋਂ ਕੋਈ ਗੁਰਬਾਣੀ ਜਾਂ ਗੁਰਮਤਿ ਦੀ ਪਿਆਰੀ ਕਿਤਾਬ ਦੇਈਦੀ ਹੈ ਤਾਂ ਕਈ ਤਾਂ ਬੜੇ ਹੀ ਨਿਰਾਦਰ ਭਰੇ ਹੰਕਾਰ ਵਿਚ ਮਾੜੇ ਬੋਲ ਦਿੰਦੇ ਹਨ ਅਤੇ ਉਸ ਗੁਰਮਤਿ ਦੀ ਲਿਖੀ ਕਿਤਾਬ ਵੱਲ ਵੇਖ ਕੇ ਕਹਿ ਦਿੰਦੇ ਹਨ ਕਿ ਅਸੀਂ ਨਹੀਂ ਲੈਣੀ, ਬੇਅਦਬੀ ਹੁੰਦੀ ਹੈ। ਪਿਆਰਿਓ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਨੰਦ ਲਾਲ ਜੀ ਅਤੇ ਹੋਰ ਅਨੇਕਾਂ ਬ੍ਰਹਮ ਗਿਆਨੀ ਸਿੱਖਾਂ ਦੀ ਪੱਕੀ ਡਿਊਟੀ ਲਗਾ ਦਿੱਤੀ ਸੀ ਕਿ ਤੁਸੀਂ ਹਰ ਵਕਤ ਗੁਰਬਾਣੀ ਦੇ ਅਰਥ ਕਰ ਕਰ ਕੇ ਅਤੇ ਲਿਖ ਲਿਖ ਕੇ ਗੁਰੂ ਕੀ ਪਿਆਰੀ ਸਿੱਖ ਸੰਗਤ ਵਿਚ ਵੰਡਦੇ ਰਹਿਣਾ ਹੈ। ਪਿਆਰਿਓ, ਤੁਸੀਂ ਵੀ ਤਾਂ

ਉੱਪਰ ਦਿੱਤੇ ਇਸ ਗੁਰਮਤਿ ਦੀ ਕਿਤਾਬ ਵਿਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀਆਂ ਲਿਖਤਾਂ ਵੰਡਣ ਵਾਲੇ ਗੁਰਸਿਖ ਲਿਖਾਰੀਆਂ ਦੀ ਵੱਡੀ ਸੋਭਾ ਬਾਰੇ ਸਤਿਗੁਰੂ ਜੀ ਦੇ ਮਹਾਨ ਉਪਦੇਸ਼ ਤਾਂ ਪੜ੍ਹ ਲਏ ਹਨ।

ਸੋ ਗੁਰੂ ਸਵਾਰਿਓ, ਸਾਰੀ ਸਿੱਖ ਸੰਗਤ ਨੂੰ ਦੋਵੇਂ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਹੈ ਕਿ ਹਿੰਦੁਸਤਾਨ ਦੀਆਂ ਸਿੱਖ-ਵਿਰੋਧੀ ਏਜੰਸੀਆਂ ਜੋ ਕੁਝ ਕੁ ਸਿੱਖੀ ਦੇ ਭੇਸ ਵਿਚ ਸਾਡੇ ਵਿਚ ਰਲੇ ਹੋਏ ਹਨ, ਉਨ੍ਹਾਂ ਨੇ ਤਾਣਿਆ ਹੋਇਆ ਹੈ ਕਿ ਸਿੱਖ ਨੂੰ ਗੁਰਬਾਣੀ ਨਾਲੋਂ ਕਿਸ ਤਰ੍ਹਾਂ ਤੋੜਨਾ ਹੈ, ਉਹ ਬਹੁਤ ਵੱਡੇ-ਵੱਡੇ ਯਤਨ ਕਰ ਰਹੇ ਹਨ। ਸੋ ਕਈ ਸਿੱਖ ਉਨ੍ਹਾਂ ਦੀ ਚਾਲ ਨੂੰ ਨਾ ਸਮਝਦੇ ਹੋਏ, ਉਨ੍ਹਾਂ ਦੇ ਪਿੱਛੇ ਲੱਗ ਕੇ, ਗੁਰਬਾਣੀ ਅਤੇ ਗੁਰਮਤਿ ਦੀਆਂ ਕਿਤਾਬਾਂ ਜਾਂ ਹੋਰ ਲਿਖਤਾਂ ਨੂੰ ਨਾ ਲੈ ਕੇ ਆਪਣੀ ਨਾ-ਸਮਝੀ ਨੂੰ ਜਗ ਜਾਹਰ ਕਰ ਦਿੰਦੇ ਹਨ, ਜਿਸ ਸਦਕਾ ਅੱਜ ਸਿੱਖੀ ਦਾ ਵੱਡਾ ਨੁਕਸਾਨ ਹੋ ਰਿਹਾ ਹੈ।

ਪਿਆਰਿਓ, ਦਾਸ ਨੇ ਮਹਾਨ ਗੁਰਸਿੱਖ ਭਾਈ ਵੀਰ ਸਿੰਘ ਜੀ ਦੀ ਇਕ ਲਿਖਤ ਪੜ੍ਹੀ ਸੀ, ਜਿਸ ਲਿਖਤ ਨੇ ਦਾਸ ਦੀ ਜ਼ਿੰਦਗੀ 'ਤੇ ਗਹਿਰਾ ਅਸਰ ਕੀਤਾ, ਉਨ੍ਹਾਂ ਲਿਖਿਆ ਕਿ ਮੈਨੂੰ ਜਦੋਂ ਵੀ ਕੋਈ ਪਿਆਰਾ ਮਨੁੱਖ ਗੁਰਬਾਣੀ ਦੀ ਲਿਖਤ ਜਾਂ ਹੋਰ ਵੀ ਕਿਸੇ ਧਰਮ ਦੀ ਕਿਤਾਬ ਜਾਂ ਲਿਖਤ ਦਿੰਦਾ ਹੈ ਤਾਂ ਮੈਂ ਉਸ ਕਿਤਾਬ ਨੂੰ ਜ਼ਰੂਰੀ ਹੀ ਲੈ ਲੈਂਦਾ ਹਾਂ, ਕਿਉਂਕਿ ਹਰ ਇਕ ਅੰਦਰ ਰੱਬੀ ਜੋਤ ਹੈ ਪਤਾ ਨਹੀਂ ਉਸ ਲਿਖਾਰੀ ਨੇ ਉਸ ਗੁਰਮਤਿ ਦੀ ਕਿਤਾਬ ਜਾਂ ਲਿਖਤ ਵਿਚ ਕਿਹੜਾ ਪਿਆਰਾ ਬਚਨ ਲਿਖਿਆ ਹੋਵੇਗਾ ਜੋ ਸਿੱਖ ਦੇ ਜੀਵਨ ਵਿਚ ਹੋਰ ਵੀ ਸਹਾਇਕ ਹੋ ਕੇ ਉਸ 'ਤੇ ਅਸਰ ਕਰ ਜਾਂਦਾ ਹੈ।

ਸੋ ਗੁਰੂ ਕੇ ਪਿਆਰਿਓ, ਸਿੱਖ ਜਗਤ ਵਿਚ ਵਿਚਰਦਿਆਂ ਹੋਇਆਂ ਕੋਈ ਵੀ ਸਿੱਖ ਤੁਹਾਨੂੰ ਗੁਰਮਤਿ ਦੀ ਸਟੀਕ, ਕਿਤਾਬ ਜਾਂ ਹੋਰ ਲਿਖਤ ਦੇਵੇ ਤਾਂ ਖਿੜੇ ਮੱਥੇ ਉਸ ਨੂੰ ਪ੍ਰਵਾਨ ਕਰੋ ਜੀ। ਤੁਸੀਂ ਲਿਖਤ ਲਵੋ ਜਾਂ ਨਾ ਲਵੋ ਪਰ ਕਿਸੇ ਵੀ ਸਿੱਖ ਨੇ ਇਹ ਬਚਨ ਨਹੀਂ ਕਰਨਾ ਕਿ, ਬੇਅਦਬੀ ਹੁੰਦੀ ਹੈ। ਇਸ ਤੋਂ ਸਾਫ ਜ਼ਾਹਰ ਹੋ ਜਾਂਦਾ ਹੈ ਕਿ ਐਸੇ ਸਿੱਖ ਦਾ ਜੀਵਨ ਗੁਰੂ ਜੀ ਵੱਲੋਂ ਦੱਸੇ ਹੋਏ ਮਾਰਗ ਨਾਲ ਮੇਲ ਨਹੀਂ ਖਾਂਦਾ ਕਿਉਂਕਿ ਉਹ ਗੁਰਬਾਣੀ ਦੀ ਲਿਖਤ ਨੂੰ ਨਾ ਲੈ ਕੇ 'ਬੇਅਦਬੀ' ਲਫਜ਼ ਕਹਿ ਕੇ ਉਹ ਗੁਰੂ ਜੀ ਦੇ ਸਿੱਖਾਂ ਨੂੰ ਵੱਡੀ ਠੇਸ ਪਹੁੰਚਾ ਰਹੇ ਹੁੰਦੇ ਹਾਂ। ਉਹ ਕੱਟੜਵਾਦ ਵਿਚ ਉਂਜ ਤਾਂ ਕਿਤਾਬ ਜਾਂ ਲਿਖਤ ਲੈਂਦਾ ਨਹੀਂ ਜੇ ਲੈ ਹੀ ਲੈਂਦਾ ਹੈ ਤਾਂ ਉਸ ਮੋਟੀ ਮੱਤ ਵਾਲੇ ਪੁੱਤਰ ਵਾਂਗੂੰ ਸਿਰਫ ਬਾਪ ਦੀ ਚਿੱਠੀ 'ਤੇ ਸਾਫ ਕੱਪੜਾ ਪਾ ਕੇ ਸਦਾ ਸਤਿਕਾਰ ਕਰਦਾ ਰਹਿੰਦਾ ਹੈ ਪਰ ਉਸ ਗੁਰਮਤਿ ਦੀ ਕਿਤਾਬ ਨੂੰ ਨਾ ਤਾਂ ਪੜ੍ਹਦਾ ਹੈ ਤੇ ਨਾ ਉਸ 'ਤੇ ਕੋਈ ਅਮਲ ਕਰਦਾ ਹੈ, ਉਹ ਤਾਂ ਸਿਰਫ ਗੁਰਬਾਣੀ ਅਤੇ ਗੁਰਮਤਿ ਦੀਆਂ ਲਿਖਤਾਂ ਦਾ ਸਤਿਕਾਰ ਕਰਨ ਤਕ ਹੀ ਸੀਮਿਤ ਹੋ ਕੇ ਰਹਿ ਜਾਂਦਾ ਹੈ, ਜਿਸ ਸਦਕਾ

ਉਹ ਗੁਰਸਿੱਖੀ ਦੇ ਅਨੰਦ ਖੇੜੇ ਤੋਂ ਵਾਂਝਾ ਰਹਿ ਜਾਂਦਾ ਹੈ।

ਪਿਆਰਿਓ, ਦੁਨੀਆ ਵਿਚ ਜਿਸ ਤਰ੍ਹਾਂ ਕੋਈ ਵਿਅਕਤੀ ਇਕ ਪ੍ਰੋਫ਼ੈਸਰ, ਇੰਜੀਨੀਅਰ, ਡਾਕਟਰ ਜਾਂ ਹੋਰ ਡਿਗਰੀਆਂ ਕਰਦਾ ਹੈ ਤਾਂ ਉਹ ਕਿਤਾਬਾਂ ਨੂੰ ਪੜ੍ਹ ਪੜ੍ਹ ਕੇ ਅਤੇ ਇਨ੍ਹਾਂ ਡਿਗਰੀਆਂ ਨੂੰ ਪ੍ਰਾਪਤ ਕਰ ਕੇ ਹੀ ਉੱਚ ਅਹੁਦਿਆਂ 'ਤੇ ਪਹੁੰਚਦਾ ਹੈ, ਇਸੇ ਤਰ੍ਹਾਂ ਜੇ ਕਿਸੇ ਸਿੱਖ ਨੇ ਆਪਣਾ ਜੀਵਨ ਗੁਰਸਿੱਖੀ ਵਾਲਾ ਜਾਂ ਬੰਦਗੀ ਵਾਲਾ ਬਣਾਉਣਾ ਹੋਵੇ ਤਾਂ ਉਹ ਸਤਿਗੁਰੂ ਜੀ ਵੱਲੋਂ ਸਿੱਖਾਂ ਕੋਲੋਂ ਲਿਖਵਾਈਆਂ ਹੋਈਆਂ ਗੁਰਮਤਿ ਦੀਆਂ ਕਿਤਾਬਾਂ, ਕੈਲੰਡਰਾਂ ਅਤੇ ਹੋਰ ਗੁਰਮਤਿ ਦੀਆਂ ਲਿਖਤਾਂ ਨੂੰ ਜ਼ਰੂਰੀ ਹੀ ਪੜ੍ਹੇ।

ਸੋ ਗੁਰੂ ਸਵਾਰਿਓ, ਆਪਣੇ ਸਿੱਖੀ ਦੇ ਮਾਣਮੱਤੇ ਇਤਿਹਾਸ ਨੂੰ ਜ਼ਰੂਰ ਹੀ ਪੜ੍ਹੋ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਪਾਉਂਟਾ ਸਾਹਿਬ ਜੀ ਦੀ ਪਵਿੱਤਰ ਧਰਤੀ 'ਤੇ ੫੨ ਕਵੀਆਂ (ਲਿਖਾਰੀਆਂ) ਨੂੰ ਵੱਡਾ ਸਨਮਾਨ ਦੇ ਕੇ ਨਿਵਾਜਿਆ ਸੀ ਅਤੇ ਉਨ੍ਹਾਂ ਨੇ ਗੁਰਬਾਣੀ ਦੇ ਅਰਥ, ਗੁਰੂ ਇਤਿਹਾਸ ਅਤੇ ਗੁਰਮਤਿ ਦੀਆਂ ਹੋਰ ਲਿਖਤਾਂ ਲਿਖਣ ਦੀਆਂ ਆਪਣੀਆਂ ਸ਼ੁਭ ਅਸੀਸਾਂ ਦੇ ਕੇ, ਉਨ੍ਹਾਂ ਨੂੰ ਗੁਰਸਿੱਖੀ ਦੇ ਪ੍ਰਚਾਰ ਕਰਨ ਦੀਆਂ ਮਹਾਨ ਸੇਵਾਵਾਂ ਬਖਸ਼ੀਆਂ ਸਨ, ਸੋ ਸਾਨੂੰ ਵੀ ਜੋ ਗੁਰਸਿੱਖ ਲਿਖਾਰੀ ਗੁਰਮਤਿ ਦੀਆਂ ਪਿਆਰੀਆਂ ਲਿਖਤਾਂ ਰਾਹੀਂ ਸਿੱਖ ਸੰਗਤ ਦੀਆਂ ਮਹਾਨ ਸੇਵਾਵਾਂ ਕਰਦੇ ਹਨ, ਉਨ੍ਹਾਂ ਦਾ ਦਿਲੋਂ ਸਤਿਕਾਰ ਕਰਕੇ, ਉਨ੍ਹਾਂ ਨੂੰ ਹੋਰ ਵੀ ਵੱਡੀ ਸੇਵਾ ਕਰਨ ਤੇ ਵੱਡਾ ਉਤਸ਼ਾਹ ਦਿੰਦੇ ਰਹਿਣਾ ਚਾਹੀਦਾ ਹੈ ਜੀ। ■

---

## ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਅੰਮ੍ਰਿਤ-ਸੰਚਾਰ

ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ. ਹਰਜਿੰਦਰ ਸਿੰਘ ਧਾਮੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ੦੬ ਅਪ੍ਰੈਲ, ੨੦੨੫ ਈ. ਨੂੰ ਗੁਰਦੁਆਰਾ ਸਾਹਿਬ, ਬੋਰਡਿੰਗ, ਤਰਾਲ, (ਕਸ਼ਮੀਰ) ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੩੫੫ ਪ੍ਰਾਣੀ ਅਤੇ ੦੯ ਅਪ੍ਰੈਲ, ੨੦੨੫ ਈ. ਨੂੰ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੋਬਿੰਦਪੁਰਾ, ਚੱਠਾ (ਜੰਮੂ) ਵਿਖੇ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੭੭ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਨ੍ਹਾਂ ਅੰਮ੍ਰਿਤ-ਸੰਚਾਰ ਸਮਾਗਮਾਂ ਲਈ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਕਤ ਸਮਾਗਮਾਂ ਦੌਰਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਗਏ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੁੱਝਣ ਸੰਬੰਧੀ ਵਿਚਾਰ

*-ਡਾ. ਅਜੈ ਪਾਲ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਅਜਿਹੇ ਸ਼ਬਦਾਂ ਦੀ ਵਰਤੋਂ ਹੋਈ ਹੈ ਜਿਨ੍ਹਾਂ ਦੇ ਅੰਤਰੀਵੀ ਭਾਵ ਬੜੇ ਹੀ ਡੂੰਘੇ ਜਾਪਦੇ ਹਨ। ਕਈ ਵਾਰ ਬੇਧਿਆਨੀ ਵਿਚ ਅਜਿਹੇ ਸ਼ਬਦਾਂ ਦਾ ਪਾਠ ਕਰਦਿਆਂ ਅੱਗੇ ਲੰਘ ਜਾਈਦਾ ਹੈ ਪਰੰਤੂ ਬਾਣੀ ਦਾ ਪਾਠ ਹੀ ਆਪਣੇ ਆਪ ਵਿਚ ਏਨਾ ਸਮਰੱਥ ਹੈ ਕਿ ਜੇਕਰ ਇਸ ਦੇ ਪਾਠ ਨੂੰ ਇਕਾਗਰਤਾ ਸਹਿਤ ਕਰ ਲਿਆ ਜਾਵੇ ਤਾਂ ਇਹ ਸਾਡੇ ਜੀਵਨ ਲਈ ਬਹੁਤ ਸਿੱਖਿਆਦਾਇਕ ਅਤੇ ਅਸਰਦਾਇਕ ਹੁੰਦੇ ਹਨ। ਕਈ ਵਾਰ ਤਾਂ ਇਸ ਤਰ੍ਹਾਂ ਦੇ ਸ਼ਬਦ ਰੂਪੀ ਅਣੀਆਲੇ ਤੀਰ ਵੱਜ ਜਾਂਦੇ ਹਨ ਕਿ ਇਨਸਾਨ ਦਾ ਗੁਰਮਤਿ ਅਨੁਸਾਰੀ ਨਵਾਂ ਜੀਵਨ ਅਰੰਭ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਸ਼ਬਦਾਂ ਵਿੱਚੋਂ ਹੀ ਗੁਰੂ ਬਾਬਾ ਜੀ ਨੇ ਗੁਰਬਾਣੀ ਵਿਚ ਇਕ ਸ਼ਬਦ 'ਬੁਝੈ' ਦੀ ਵਿਸ਼ੇਸ਼ ਰੂਪ ਵਿਚ ਵਰਤੋਂ ਕੀਤੀ ਹੈ। ਬੁੱਝਣ ਦੇ ਪੱਖ ਨੂੰ ਅਤਿ ਮਹੱਤਵਪੂਰਨ ਬਿਆਨਦੇ ਹੋਏ ਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਕਿ ਬੁੱਝਣਾ ਜਾਂ ਸ਼ਬਦ ਦਾ ਅਨੁਭਵ ਅਧਿਆਤਮਿਕ ਉੱਚਤਾ ਲਈ ਬਹੁਤ ਜਰੂਰੀ ਪੱਖ ਹੈ। ਗੁਰੂ ਸਾਹਿਬ ਅਨੁਸਾਰ ਤਾਂ ਬੁੱਝਣ ਦੀ ਅਣਹੋਂਦ ਵਿਚ ਇਨਸਾਨ ਪਸ਼ੂ ਦੀ ਨਿਆਈਂ ਹੀ ਹੈ। ਭਾਵ ਜੀਵ ਇਨਸਾਨੀ ਜਾਮਾ ਪ੍ਰਾਪਤ ਕਰ ਕੇ ਵੀ ਜੇਕਰ ਵਾਹਿਗੁਰੂ ਦੀ ਅਗੰਮੀ ਖੇਡ ਨੂੰ ਨਾਂ ਬੁੱਝ ਸਕਿਆ ਤਾਂ ਉਹ ਪਸ਼ੂ ਦੀ ਨਿਆਈ ਹੀ ਹੈ।[੧]

ਬੁੱਝਣਾ ਸ਼ਬਦ ਆਮ ਤੌਰ 'ਤੇ ਦੋ ਤਰ੍ਹਾਂ ਦੇ ਅਰਥ ਪੇਸ਼ ਕਰਦਾ ਹੈ, ਜਿਵੇਂ ਕਿ ਅਨੁਭਵ ਜਾਂ ਸਮਝ ਤੇ ਦੂਸਰਾ (ਬੁਝਣਾ) ਮਿੱਟ ਜਾਣਾ ਜਾਂ ਖਤਮ ਹੋ ਜਾਣਾ, ਜਿਵੇਂ ਮੋਮਬੱਤੀ ਜਾਂ ਦੀਵੇ ਆਦਿ ਦਾ ਬੁੱਝ ਜਾਣਾ। ਅਧਿਆਤਮਿਕ ਜੀਵਨ ਵਿਚ ਕਈ ਪੜਾਅ ਆਉਂਦੇ ਹਨ ਜਿਵੇਂ- ਸੁਣਨਾ, ਮੰਨਣਾ, ਨਿਧਿਆਸਣ ਜਾਂ ਆਤਮ ਪਦ ਆਦਿ ਪ੍ਰੰਤੂ ਕਈ ਵਾਰ ਜੀਵ ਸ਼ਬਦ, ਗੁਰਬਾਣੀ, ਧਾਰਮਿਕ ਲੈਕਚਰ ਆਦਿ ਸੁਣ ਤਾਂ ਲੈਂਦਾ ਹੈ ਪਰੰਤੂ ਮੰਨਦਾ ਨਹੀਂ। ਕਈ ਵਾਰ ਮਨ ਦੇ ਉਪਰਲੇ ਤਲ ਤੋਂ ਮੰਨ ਵੀ ਲੈਂਦਾ ਹੈ ਪਰੰਤੂ ਜਦੋਂ ਹੀ ਕੋਈ ਮਾਇਆਵੀ ਜਾਂ ਦੁਨਿਆਵੀ ਛਲ ਦਾ ਹੜ੍ਹ ਆਉਂਦਾ ਹੈ ਤਾਂ ਉਹ ਡੋਲ ਜਾਂਦਾ ਹੈ। ਅਜਿਹੀਆਂ ਅਨੇਕਾਂ ਹੀ ਉਦਾਹਰਨਾਂ ਹਨ ਕਿ ਕੋਈ ਆਦਮੀ ਸਾਧ ਬਣਨ ਗਿਆ ਪਰੰਤੂ ਕੁਝ ਸਮੇਂ ਬਾਅਦ ਹੀ ਕੋਈ ਧਾਰਮਿਕ ਤਰੱਕੀ ਜਾਂ ਅਧਿਆਤਮਿਕ ਪ੍ਰਾਪਤੀ ਨਾਂ ਹੋਣ ਕਾਰਨ ਵਾਪਸ ਮੁੜ ਆਇਆ। ਕਹਿਣ ਤੋਂ ਭਾਵ ਅਧਿਆਤਮਿਕ ਤਰੱਕੀ ਲਈ ਹਿਰਦੇ ਦੇ ਡੂੰਘੇ ਤਲ ਤੋਂ ਪਕੜ ਜਾਂ ਵਾਹਿਗੁਰੂ ਉੱਪਰ ਨਿਸ਼ਚਾ ਅਤਿ ਜ਼ਰੂਰੀ ਹੈ। ਕਈ ਵਾਰ ਅਸਾਡੇ ਚੰਗੇ ਸੁਣੇ ਦਾ ਵੀ ਸਾਡੇ ਉੱਪਰ ਪੂਰੀ ਤਰ੍ਹਾਂ ਅਸਰ ਨਹੀਂ ਹੁੰਦਾ ਪਰੰਤੂ ਬੁੱਝਣਾ ਇਕ ਬੜਾ ਮਹੱਤਵਪੂਰਨ ਪਹਿਲੂ ਹੈ। ਅਸਲ ਵਿਚ

** ਸਹਾਇਕ ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ। ਮੋ. ੯੪੧੭੧੬੪੦੦੫*

ਇਹ ਅਧਿਆਤਮਿਕ ਮਾਰਗ ਦੀ ਟੀਸੀ ਜਾਂ ਅਭੇਦਤਾ ਹੈ। ਬੁੱਝਣਾ ਵੀ ਕਿਸਨੂੰ? ਕਿਸੇ ਬੁਝਾਰਤ ਨੂੰ ਨਹੀਂ ਬਲਕਿ ਉਸਨੂੰ, ਜਿਸਨੂੰ ਬੁੱਝਣ ਤੋਂ ਵੀ ਪਰ੍ਹੇ ਦਾ ਕਿਹਾ ਜਾਂਦਾ ਹੈ। ਉਹ, ਜੋ ਸੋਚਣ ਤੋਂ ਪਰ੍ਹੇ ਹੈ, ਖਿਆਲਾਂ ਤੋਂ ਪਰ੍ਹੇ ਹੈ, ਇੱਥੋਂ ਤਕ ਕਿ ਜੋ ਪੂਰੀ ਤਰ੍ਹਾਂ ਸਮਝਣ ਤੋਂ ਵੀ ਪਰ੍ਹੇ ਮੰਨਿਆ ਜਾਂਦਾ ਹੈ। ਕਿਸੇ ਦੁਨਿਆਵੀ ਪੜ੍ਹਾਈ, ਕਿਸੇ ਮੈਥ (ਗਣਿਤ) ਦੇ ਫਾਰਮੂਲੇ ਜਾਂ ਕਿਸੇ ਪਹੇਲੀ ਆਦਿ ਨੂੰ ਹੀ ਬੁੱਝਣਾ ਬੜੀ ਵੱਡੀ ਗੱਲ ਮੰਨੀ ਜਾਂਦੀ ਹੈ ਪਰ ਓਸਨੂੰ ਬੁੱਝਣਾ, ਜਿਸ ਦਾ ਕੋਈ ਰੂਪ ਜਾਂ ਰੇਖ[੨] ਨਹੀਂ, ਚਕ੍ਰ ਜਾਂ ਚਿਹਨ ਨਹੀਂ।[੩] ਉਸ ਨੂੰ ਬੁੱਝਣਾ, ਜਿਸ ਲਈ ਅਥਾਹ, ਅਗੰਮ ਜਾਂ ਅਗੋਚਰ ਵਰਗੇ ਵਿਸ਼ੇਸ਼ਣ ਵਰਤੇ ਜਾਂਦੇ ਹਨ। ਕਿਉਂਕਿ ਮਨੁੱਖੀ ਬੁੱਧੀ ਸੀਮਿਤ ਹੈ ਤੇ ਕਿਸੇ ਸੀਮਤ ਪੱਖ ਦਾ ਅਸੀਮਤ, ਅਗਮ, ਅਕਥ, ਜਾਂ ਅਕਹਿ ਪਦ ਤਕ ਪਹੁੰਚਣਾ ਬੜੀ ਹੀ ਅਸੰਭਵ ਜਿਹੀ ਗੱਲ ਹੈ। ਭਾਵ ਕਰੜੀ ਘਾਲ ਹੈ ਜਾਂ ਕਹਿ ਲਵੋ ਨਿਰੀ ਮਿਹਰਾਮਤਿ ਹੀ ਇਸਦੀ ਪ੍ਰਾਪਤੀ ਦਾ ਇਕਮਾਤਰ ਉਪਾਅ ਹੈ ਪਰ ਫਿਰ ਵੀ ਗੁਰਬਾਣੀ ਕਿਸੇ ਜੀਵ ਦੇ ਉਸ ਬੁਝਾਰਤ ਨੂੰ ਬੁੱਝਣ ਤੋਂ ਪੂਰੀ ਤਰ੍ਹਾਂ ਇਨਕਾਰੀ ਨਹੀਂ ਹੈ। ਮੂਲਮੰਤਰ ਦਾ ਵਿਸ਼ੇਸ਼ ਪੱਖ 'ਗੁਰਪ੍ਰਸਾਦਿ' ਹੀ ਇਸ ਦੀ ਪੁਸ਼ਟੀ ਲਈ ਕਾਫੀ ਹੈ ਭਾਵ ਗੁਰੂ ਦੀ ਕਿਰਪਾ ਹਰੇਕ ਪਹੇਲੀ ਨੂੰ ਬੁਝਾਉਣ ਦੇ ਸਮਰੱਥ ਹੈ।

ਗੁਰਬਾਣੀ 'ਕਰਤੇ ਕੀਆਂ ਬਾਤਾਂ' ਅਤੇ ਧੁਰੋਂ ਆਈ ਹੋਣ ਕਾਰਨ ਧੁਰ ਨਾਲ ਸੰਬੰਧ ਰੱਖਦੀ ਹੈ ਅਤੇ ਇਹ ਗੱਲ ਬਿਲਕੁਲ ਸਤਿ ਹੈ ਕਿ ਜੋ ਵੀ ਧੁਰ ਦੀ ਬਾਣੀ ਨੂੰ ਆਪਣੇ ਮਸਤਕ ਦਾ ਭਾਗ ਬਣਾਉਂਦਾ ਹੈ ਤਾਂ ਸਹਿਜੇ ਹੀ ਉਸ ਦਾ ਸੰਬੰਧ ਵੀ ਧੁਰ ਨਾਲ ਹੀ ਬਣ ਜਾਂਦਾ ਹੈ। ਜਿਸ ਤਰ੍ਹਾਂ ਕਿਸੇ ਕਮਾਂਡਰ ਦੀ ਕਮਾਂਡ ਜਾਂ ਹੁਕਮ ਵੀ ਕਮਾਂਡਰ ਦਾ ਹੀ ਰੂਪ ਹੁੰਦੀ ਹੈ ਉਸੇ ਤਰ੍ਹਾਂ ਜਗਿਆਸੂ ਵੀ 'ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ' ਵਾਲੀ ਅਵਸਥਾ ਹਾਸਲ ਕਰ ਲੈਂਦਾ ਹੈ। ਗੁਰਬਾਣੀ ਯਥਾਰਥ ਦੇ ਅਜਿਹੇ ਗਿਆਨ ਨਾਲ ਓਤਪੋਤ ਹੈ, ਜਿਸ ਗਿਆਨ ਨਾਲ ਜੁੜ ਕੇ ਸਿੱਖ ਬੁੱਝਣ ਵਰਗੇ ਔਖੇ ਪੱਖ ਨੂੰ ਸਹਿਜੇ ਸਮਝ ਸਕਦਾ ਹੈ। ਗੁਰਬਾਣੀ ਦੇ ਮਹਾਨ ਉਪਦੇਸ਼ ਜਗਿਆਸੂ ਨੂੰ ਅਜਿਹੇ ਪੱਥ ਪ੍ਰਦਾਨ ਕਰਦੇ ਹਨ ਜਿਸ ਦੁਆਰਾ ਸਾਧਕ ਓਸ ਸਦੀਵੀਂ ਸ਼ਕਤੀ ਨੂੰ ਬੁੱਝ ਸਕਦਾ ਹੈ ਭਾਵ ਕਰਤਾਰੀ ਕੌਤਕਾਂ ਨੂੰ ਮਾਣ ਸਕਦਾ ਹੈ। ਧਿਆਨ ਦੇਣ ਯੋਗ ਪੱਖ ਹੈ ਕਿ ਅਜਿਹੀਆਂ ਅੱਖੜੀਆਂ ਨੂੰ ਬਿਅੰਨ ਕਿਹਾ ਗਿਆ ਹੈ।[੪] ਗੁਰਬਾਣੀ ਇਕ ਤਰ੍ਹਾਂ ਨਾਲ ਖੁਦ ਹੀ ਮੰਜ਼ਿਲ ਵੀ ਹੈ ਤੇ ਪ੍ਰਾਪਤੀ ਵੀ ਜਾਂ ਕਹਿ ਲਵੋ ਪ੍ਰਤੱਖ ਜਦੋਂ ਗੁਰੂ ਖੁਦ ਮਾਰਗ ਦਰਸ਼ਨ ਕਰ ਕੇ ਅਧਿਆਤਮਿਕਤਾ ਦੀ ਟੀਸੀ ਤੇ ਪਹੁੰਚਾਅ ਦਿੰਦਾ ਹੈ ਤਾਂ '*ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ*'ਦਾ ਵਰਤਾਰਾ ਸਾਡੇ ਸਾਹਮਣੇ ਆ ਜਾਂਦਾ ਹੈ। ਗੁਰਬਾਣੀ ਦਾ ਅਰਸ਼ੀ ਗਿਆਨ ਜਾਂ ਬੁੱਝਣ ਦਾ ਪੱਖ ਇਕ ਤਰ੍ਹਾਂ ਨਾਲ ਸਮੁੰਦਰ ਵਿਚ ਡੁੱਬਕੀ ਲਗਾਉਣ ਵਾਂਗ ਹੈ ਪਰੰਤੂ ਜਿਸ ਨੂੰ ਬੁੱਝ ਜਾਂਦਾ ਹੈ ਫੇਰ ਏਸ ਅਕਹਿ ਰਸ ਦੇ ਸਮੁੰਦਰ ਤੋਂ ਬਾਹਰ ਨਹੀਂ ਆਉਂਦਾ ਬਲਕਿ ਸਮੁੰਦਰ ਦਾ ਹੀ ਰੂਪ ਭਾਵ '*ਜਲ ਕਾ ਜਲੁ ਹੂਆ ਰਾਮ*' ਤਥਾ '*ਸੰਪੂਰਨੁ ਥੀਆ ਰਾਮ*' ਜਾਂ '*ਜੋਤੀ ਜੋਤਿ ਰਲੀ*' ਵਰਗੇ ਵਿਸ਼ੇਸ਼ਣਾਂ ਦਾ ਭਾਗੀ ਹੋ ਜਾਂਦਾ ਹੈ। ਗੁਰਬਾਣੀ ਦਾ ਸਮੁੰਦਰ ਤਾਂ ਹੋਰ ਗੱਲ ਹੈ, ਵੇਈਂ ਨਦੀ ਵਿਚ ਵੀ ਅਨੇਕਾਂ ਲੋਕਾਂ ਨੇ ਇਸ਼ਨਾਨ ਕੀਤੇ ਹੋਣਗੇ

ਪਰੰਤੂ ਗੁਰੂ ਨਾਨਕ ਪਾਤਸ਼ਾਹ ਵਰਗਾ ਇਸ਼ਨਾਨ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਏਸ ਤਰ੍ਹਾਂ ਪਹਿਲੇ ਪਾਤਸ਼ਾਹ ਤੋਂ ਬਾਅਦ ਇਕ ਇਕ ਕਰਕੇ ਸਾਰੇ ਗੁਰੂ ਜੋਤਿ ਬੁੱਝਣ ਦਾ ਹੀ ਰੂਪ ਹੋ ਗਏ।

ਗੁਰੂ ਪਾਤਸ਼ਾਹ ਜੀ ਨੇ ਆਮ ਲੋਕਾਂ ਵਾਂਗ ਜਿਉਂ ਕੇ ਮਿਸਾਲ ਸਥਾਪਿਤ ਕੀਤੀ ਕਿ ਗੁਰਬਾਣੀ ਦੇ ਰਹੱਸ ਜਾਂ ਵਾਹਿਗੁਰੂ ਜੀ ਦੇ ਓਸ ਅਗੰਮੀ ਭੇਦ ਨੂੰ ਬੁੱਝਿਆ ਜਾ ਸਕਦਾ ਹੈ। ਅਨੇਕਾਂ ਹੀ ਗੁਰਸਿੱਖਾਂ, ਸੰਤਾਂ-ਮਹਾਂਪੁਰਖਾਂ ਦੀ ਮਿਸਾਲ ਉਪਰੋਕਤ ਪੱਖ ਲਈ ਦਿੱਤੀ ਜਾ ਸਕਦੀ ਹੈ। ਹੁਣ ਜਿਸ ਨੇ ਏਸ ਸਮੁੰਦਰ ਵਿਚ ਜਾਣਾ ਹੀ ਨਹੀਂ ਉਸ ਨੇ ਤੈਰਨਾ, ਡੁੱਬਣਾ ਜਾਂ ਗਿੱਲਾ ਵੀ ਕਿਵੇਂ ਹੋਣੈ? ਇਹ ਵਿਚਾਰ ਤਾਂ ਉਨ੍ਹਾਂ ਲਈ ਹੈ ਜੋ ਸਮੁੰਦਰ ਵਿਚ ਛਾਲ ਮਾਰਨ ਦਾ ਹੌਂਸਲਾ ਰੱਖਦੇ ਹਨ, ਗਿੱਲਾ ਹੋਣ ਜਾਂ ਇੱਥੋਂ ਤੱਕ ਡੁੱਬਣ ਦਾ ਵੀ ਹੌਂਸਲਾ ਰੱਖਦੇ ਹਨ। ਅਸਲ ਵਿਚ ਅੰਦਰੋਂ ਨੇਹੁ ਤੋਂ ਖਾਲੀ ਜੀਵਾਂ ਲਈ ਇਹ ਡੁੱਬਣਾ ਹੋਵੇਗਾ ਗੁਰਮੁਖਾਂ ਲਈ ਤਾਂ ਇਹ ਡੁੱਬਣਾ ਸਦ ਜੀਵਾਲੇ ਤੇ ਅਮਰਤਾ ਦੀ ਅਵਸਥਾ ਹੈ। ਜਿਸ ਤਰ੍ਹਾਂ ਨੀਂਹਾਂ ਵਿਚ ਚਿਣਨ ਦੇ ਬਾਵਜੂਦ ਪਿਆਰੇ ਸਾਹਿਬਜ਼ਾਦੇ ਸਦਾ ਜੀਵਾਲ ਦੀ ਅਵਸਥਾ 'ਤੇ ਜਾ ਪਹੁੰਚੇ। ਸੋ ਏਸ ਤਰ੍ਹਾਂ ਦੇ ਹੋਰ ਵੀ ਕਈ ਗੁਰਮੁਖ ਰੂਹਾਂ ਬੁੱਝਣ ਦੀ ਅਵਸਥਾ ਦੇ ਧਾਰਨੀ ਹੋਏ। ਸਿੱਖ ਇਤਿਹਾਸ ਤਾਂ ਏਸ ਪੱਖ ਨਾਲ ਭਰਿਆ ਪਿਆ ਹੈ ਪਰ ਅਸੀਂ ਸ਼ਾਇਦ ਅਜੇ ਪੜ੍ਹਨ ਵਾਲੇ ਪਾਸੇ ਵੀ ਤੁਰੇ ਨਹੀਂ, ਬੁੱਝਣਾ ਤਾਂ ਬਹੁਤ ਦੂਰ ਦੀ ਮੰਜ਼ਿਲ ਹੈ। ਅਸੀਂ ਬਹੁਤ ਵਾਰ ਬਾਣੀ ਨੂੰ ਪੜ੍ਹਦੇ ਹਾਂ ਪਰ ਯਾਦ ਕਰੀਏ ਉਸ ਬੁੱਝਣ ਦੀ ਅਵਸਥਾ ਨੂੰ, ਜੋ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਉੱਤੇ ਵਾਪਰੀ। ਇੱਕੋ ਵਾਰ ਗੁਰਬਾਣੀ ਦਾ ਪਾਠ ਕਿਸੇ ਪਾਸੋਂ ਸੁਣਿਆ ਤੇ ਗੁਰਬਾਣੀ ਦੇ ਹੀ ਬਣ ਕੇ ਰਹਿ ਗਏ ਜਾਂ ਕਹਿ ਲਵੋ ਖੁਦ ਬਾਣੀ ਰੂਪ ਹੋ ਗਏ। ਇਹੀ ਤਾਂ ਹੈ ਬੁੱਝਣ ਦੀ ਅਵਸਥਾ।

ਇੱਕ ਗੱਲ ਤਾਂ ਨਿਸ਼ਚਿਤ ਹੈ ਕਿ ਅਜਿਹਾ ਸੂਰਬੀਰ ਜੋ ਏਸ ਗੁਰ ਉਪਦੇਸ਼ 'ਤੇ ਅਮਲ ਕਰੇਗਾ, ਉਹ ਪਰਮ ਖੁਸ਼ੀ (ਬੁੱਝਣ) ਦਾ ਜ਼ਰੂਰ ਭਾਗੀਦਾਰ ਬਣੇਗਾ। ਅਜਿਹਾ ਸੂਰਬੀਰ *'ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ'* ਦੇ ਉਪਦੇਸ਼ ਅਨੁਸਾਰ ਸਤਿ ਦਾ ਹੀ ਰੂਪ ਹੋ ਜਾਂਦਾ ਹੈ। ਇਸ ਪੱਖ ਸੰਬੰਧੀ ਖੇਡ ਦੇ ਮੈਦਾਨ ਅਤੇ ਖਿਡਾਰੀ ਦੀ ਉਦਾਹਰਨ ਵੀ ਦਿੱਤੀ ਜਾ ਸਕਦੀ ਹੈ। ਇਹ ਗੱਲ ਪੱਕੀ ਹੈ ਕਿ ਇਸ ਵਿਚ ਭਾਗ ਲੈਣ ਵਾਲੇ ਹੀ ਜਿੱਤਣ ਜਾਂ ਹਾਰਨ ਦੀ ਸਥਿਤੀ ਤੇ ਪਹੁੰਚਣਗੇ ਤੇ ਆਪਾਂ ਵੀਚਾਰੀਏ ਕਿ ਉਹਨੂੰ ਕੌਣ ਹਰਾ ਸਕਦਾ ਹੈ ਜਿਸ ਉੱਪਰ *'ਗੁਰ ਥਾਪੀ ਦਿਤੀ ਕੰਡਿ ਜੀਉ'* ਦੀ ਬਖਸ਼ਿਸ਼ ਹੋ ਗਈ ਹੋਵੇ। ਛੱਜੂ ਝਿਉਰ ਨੂੰ ਕੌਣ ਨਹੀਂ ਜਾਣਦਾ? ਕਹਿੰਦੇ ਹਨ ਕਿ ਬਿਲਕੁਲ ਨਿਰਅੱਖਰ ਸੀ ਪਰ ਗੁਰੂ ਦੀ ਛੜੀ ਨੇ ਅਜਿਹਾ ਕੌਤਕ ਵਰਤਾਇਆ ਕਿ ਗੀਤਾ ਦੇ ਅਰਥ ਕਰ ਦਿੱਤੇ। ਹੁੰਦੈ! ਵਿਸ਼ਵਾਸ ਕਰਕੇ ਦੇਖੋ ਗੁਰੂ ਉੱਤੇ, ਹੁਣ ਵੀ ਹੁੰਦੈ ਅਜਿਹਾ ਬਹੁਤ ਕੁਝ। ਇਹ ਛੜੀ ਅੱਜ ਵੀ ਸਾਡੇ ਆਸ ਪਾਸ ਹੀ ਘੁੰਮ ਰਹੀ ਹੈ। ਬਸ ਸਾਡੀਆਂ ਬਿਰਤੀਆਂ ਅਜੇ ਹੋਰ ਨੇ। ਸਾਡਾ ਮਨ ਹੀ ਨਹੀਂ ਕਬੂਲਦਾ ਕਿ ਇਹ ਛੜੀ ਸਾਡੇ ਸਿਰ ਉੱਪਰ ਵੀ ਟਿਕ ਸਕਦੀ ਹੈ।

ਛੱਜੂ ਭਾਵੇਂ ਕੋਰਾ ਅਨਪੜ ਸੀ ਪਰ ਅੰਦਰੋਂ ਖਾਲੀ ਸੀ। ਅਸੀਂ ਤਾਂ ਬਹੁਤ ਭਰੇ ਹੋਏ ਹਾਂ ਅਜੇ ਤਕ। ਸੋ ਉੱਚਾ ਉੱਡਣਾ ਸਾਨੂੰ ਨਸੀਬ ਕਿਵੇਂ ਹੋਵੇ? ਅਸੀਂ ਭਾਰੇ ਜੋ ਹੋਏ। ਅਜੇ ਅਸੀਂ ਬਹੁਤ ਕੁਝ ਸ਼ਾਇਦ ਕੁਝ ਹੋਰ ਚਾਹੁੰਦੇ ਹਾਂ। ਏਸੇ ਲਈ ਬੁੱਝਣ ਦੀ ਬਖਸ਼ਿਸ਼ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ। ਬੁੱਝਣ ਦੀ ਪ੍ਰਕਿਰਿਆ ਦੌਰਾਨ ਸਾਧਕ "ਵਾਹਿਗੁਰੂ ਵਾਹਿਗੁਰੂ" ਧਿਆਉਂਦਾ ਧਿਆਉਂਦਾ ਧਿਆਨ ਦਾ ਹੀ ਇਕ ਰੂਪ ਬਣ ਜਾਂਦਾ ਹੈ। ਬੁੱਝਣ ਵਾਲਾ ਸੂਰਮਾ ਭਾਵੇਂ ਦੁਨੀਆ ਵਿਚ ਹੀ ਵਿਚਰਦਾ ਹੈ ਪਰੰਤੂ ਉਸਦੀ ਹਾਲਤ- *ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ* ਵਾਲੀ ਹੁੰਦੀ ਹੈ। ਇਹ ਉਹੀ ਬਲੀ ਹਨ ਜੋ ਪੰਜਾਂ ਨੂੰ ਮਾਰਨ ਦਾ ਹੀਆ ਰੱਖਦੇ ਹਨ।

ਗੁਰਬਾਣੀ ਵਿਚ ਸੁਣਨ ਜਾਂ ਮੰਨਣ ਨੂੰ ਜਿੱਥੇ ਅਧਿਆਤਮਿਕ ਤਰੱਕੀ ਦੇ ਪੜਾਅ ਮੰਨਿਆ ਗਿਆ ਹੈ, ਉੱਥੇ ਬੁੱਝਣ ਦੀ ਪ੍ਰਕ੍ਰਿਆ ਨੂੰ ਮੰਜ਼ਿਲ ਪ੍ਰਾਪਤੀ ਦੱਸਿਆ ਹੈ। ਭਾਵ ਬੁੱਝਣਾ ਮੁਕਤੀ ਤੁਲ ਦਰਸਾਇਆ ਹੈ। ਓਸ ਹੁਕਮੀ ਦੇ ਹੁਕਮ ਨੂੰ ਬੁੱਝ ਲੈਣਾ ਪ੍ਰਵਾਨਤਾ ਦੀ ਨਿਸ਼ਾਨੀ ਹੀ ਤਾਂ ਹੈ। ਹੁਕਮ ਬੁੱਝ ਲੈਣਾ ਤੇ ਅੰਮ੍ਰਿਤ ਰੂਪ ਹੋ ਜਾਣਾ, ਅਮਰਤਾ ਦਾ ਧਾਰਨੀ ਹੋਣਾ ਮਨੁੱਖਾ ਜਨਮ ਦਾ ਪਰਮ ਉਦੇਸ਼ ਹੀ ਤਾਂ ਹੈ। ਉਦਾਹਰਣ ਵਜੋਂ ਕਿਸੇ ਫਲ ਦੀ ਕੈਲਰੀ (Callories) ਨੂੰ ਮਾਪਣਾ ਜਾਂ ਓਸ ਵਿਚਲੇ ਅਲੱਗ-ਅਲੱਗ ਤੱਤਾਂ ਨੂੰ ਬਿਆਨਣਾ ਹੋਰ ਗੱਲ ਹੈ ਪਰ ਓਸ ਫਲ ਨੂੰ ਖਾ ਲੈਣਾ ਜਾਂ ਸਵਾਦ ਚਖਣਾ ਬੁੱਝਣ ਦੀ ਪ੍ਰਕਿਰਿਆ ਹੈ। ਬੁੱਝਣ ਦੀ ਪ੍ਰਕਿਰਿਆ ਤਾਂ ਗੂੰਗੇ ਨੂੰ ਮਠਿਆਈ ਖਵਾਉਣ ਉਪੰਰਤ ਉਸ ਦਾ ਰਸ ਬਿਆਨਣ ਵਾਲੀ ਸਥਿਤੀ ਹੈ ਜੋ ਕਿ ਜ਼ਿਆਦਾਤਰ ਮਾਣਨ ਵਾਲੀ ਪ੍ਰਕਿਰਿਆ ਸਿੱਧ ਹੁੰਦੀ ਹੈ।

ਬੁੱਝਣਾ ਇਕ ਅਤਿ ਮਹੱਤਵਪੂਰਨ ਪਹਿਲੂ ਹੈ ਜੋ ਕਿ ਗੁਰਬਾਣੀ ਗਿਆਨ ਦੁਆਰਾ ਸਹਿਜੇ ਪੂਰਨ ਹੋ ਸਕਦਾ ਹੈ। ਗੁਰਬਾਣੀ ਵਿਚ ਜਿੱਥੇ ਇਕ ਪਾਸੇ 'ਅਕਲੀ ਪੜਿ ਕੈ ਬੁਝੀਐ' ਦੀ ਧਾਰਨਾ ਹੈ ਉੱਥੇ ਹੀ 'ਪੜਿਐ ਨਾਹੀ ਭੇਦੁ ਬੁਝਿਐ ਪਾਵਣਾ' ਦਾ ਉਪਦੇਸ਼ ਹੈ। ਇਨ੍ਹਾਂ ਉਪਦੇਸ਼ਾਂ ਨੂੰ ਆਪਣੇ ਮਸਤਕ ਦਾ ਭਾਗ ਬਣਾ ਕੇ ਵਿਹਾਰਕ ਰੂਪ ਵਿਚ ਲਿਆਉਣਾ ਹੀ ਬੁੱਝਣ ਦਾ ਮਾਪਦੰਡ ਹੈ। ਬੁੱਝਣ ਦੀ ਧਾਰਨਾ ਬੜੇ ਡੂੰਘੇ ਅਰਥ ਆਪਣੇ ਵਿਚ ਸਮੋਈ ਬੈਠੀ ਹੈ। ਅਸੀਂ ਗੁਰਬਾਣੀ ਨੂੰ ਪੜ੍ਹਦੇ ਜ਼ਰੂਰ ਹਾਂ ਪਰੰਤੂ ਬੁੱਝਦਾ ਕਿਸੇ ਵਿਰਲੇ ਨੂੰ ਹੀ ਹੈ।

ਸਪੱਸ਼ਟ ਲਿਖਿਆ ਹੈ ਕਿ- *ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥* ਤਥਾ *ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮ॥* ਪ੍ਰੰਤੂ ਏਸ ਗੱਲ ਦਾ ਅਹਿਸਾਸ ਕਰਨ ਵਾਲੇ ਬਹੁਤ ਹੀ ਵਿਰਲੇ ਹਨ ਜਿਨ੍ਹਾਂ ਨੇ ਇਹ ਅਨੁਭਵ ਕੀਤਾ ਕਿ ਨਾਮ ਰੂਪੀ ਖ਼ਜ਼ਾਨਾ ਹਿਰਦੇ ਰੂਪੀ ਘਰ ਵਿਚ ਹੀ ਹੈ ਤੇ ਜੋ ਬਾਹਰ ਇਹ ਲੱਭ ਰਿਹਾ ਹੈ ਉਹ ਭਰਮ ਵਿਚ ਹੈ। ਬੁੱਝਣ ਵਾਲੇ ਦੀ ਅਵਸਥਾ- *ਹਰਿ ਹਰਿ ਜਨ ਦੁਇ ਏਕ ਹੈ* ਤਥਾ *ਗੁਣ ਕਹਿ ਗੁਣੀ ਸਮਾਵਣਿਆ* ਵਾਲੀ ਹੋ ਜਾਂਦੀ ਹੈ। ਬੁੱਝਣਾ ਤੇ ਬੁਝਣਾ ਦੋਨੋਂ ਹੀ ਸਮਾਧੀ ਦੀਆਂ ਉੱਚਤਮ ਟੀਸੀਆਂ ਹਨ ਭਾਵ ਜਿਸ ਦੇ ਤ੍ਰਿਸ਼ਨਾ[੫] ਆਦਿਕ ਵਿਕਾਰ ਸ਼ਾਂਤ ਹੋ ਜਾਵਣ ਤੇ ਦੂਸਰਾ ਜਿਸ ਨੂੰ ਪਰਮੇਸ਼ਰ ਦੇ ਸਬਦ ਜਾਂ ਨਾਮ ਦਾ ਉਹ ਰਹੱਸ ਬੁੱਝ ਜਾਵੇ। ਬੁੱਝਣਾ

ਸਮਾਧੀ ਦੀ ਉਹ ਸਿਖਰੀ ਅਵਸਥਾ ਹੈ ਜਿਸ ਦੌਰਾਨ ਸਾਧਕ ਕਿਸੇ ਪ੍ਰਕਾਰ ਦੀ ਵੀ ਇੱਛਾ, ਤ੍ਰਿਸ਼ਨਾ, ਵਾਸ਼ਨਾ, ਸੰਕਲਪ, ਵਿਕਲਪ, ਵਿਕਾਰ, ਤਰਕ-ਵਿਤਰਕ, ਪ੍ਰਸ਼ਨ, ਸ਼ੰਕੇ ਆਦਿ ਤੋਂ ਉੱਪਰ ਉੱਠ ਕੇ ਨਿੱਜ ਘਰ ਵਿਚ ਸਥਾਪਤੀ ਕਰਦਾ ਹੈ। ਇਹ ਉਹ ਅਵਸਥਾ ਹੈ ਜਿੱਥੇ ਅਡੋਲਤਾ ਹੈ, ਪਰਵਾਨਗੀ ਹੈ, ਦਰਸ਼ਨ ਹੈ, ਮੇਲ ਹੈ, ਹਜ਼ੂਰੀ ਹੈ, ਅਨੰਤਤਾ ਹੈ, ਵਿਸ਼ਾਲਤਾ ਹੈ, ਵਿਸਮਾਦ ਹੈ, ਵਿਸ਼ਵਾਸ ਹੈ, ਦ੍ਰਿੜਤਾ ਹੈ, ਪ੍ਰੇਮ ਹੈ, ਸ਼ਹਾਦਤ ਹੈ, ਅਖੰਡ ਕੀਰਤਨ ਹੈ, ਅਜੱਪਾ ਜਾਪ ਹੈ ਤੇ ਇਕ ਵਿਸ਼ੇਸ਼ ਗੱਲ ਸਬਦ ਸੁਰਤਿ ਦਾ ਮੇਲ ਹੈ। ਅਸੀਂ ਆਮ ਹੀ ਇਹ ਬੋਲ ਸੁਣਦੇ ਹਾਂ ਕਿ ਪਰਮੇਸ਼ਰ ਅੰਦਰ ਹੈ ਬਾਹਰ ਹੈ ਭਾਵ ਸਰਗੁਣ ਨਿਰਗੁਣ ਹੈ ਤੇ ਸਭ ਨੂੰ ਇਹ ਵੀ ਪਤਾ ਹੈ ਕਿ *ਜੋ ਖੋਜੈ ਸੋ ਪਾਵੈ* ਵੀ ਕਿਹਾ ਗਿਆ ਹੈ ਪਰ ਅਜਿਹੇ ਬੜੇ ਵਿਰਲੇ ਨੇ ਜੋ ਅੰਦਰੋਂ ਖੋਜ ਲਹੁ ਦੀ ਕਾਰ ਕਰਦੇ ਨੇ। ਇਸ ਦਾ ਵੱਡਾ ਕਾਰਨ ਨਾਮੀ ਦ੍ਰਿੜ੍ਹਤਾ ਦਾ ਨਾ ਹੋਣਾ ਹੈ। ਪ੍ਰੰਤੂ ਬੁੱਝਣ ਦੀ ਅਵਸਥਾ ਵੇਲੇ ਮਨ ਨੂੰ ਏਸ ਗੱਲ ਦੀ ਦ੍ਰਿੜ੍ਹ ਪ੍ਰਤੀਤੀ ਤੇ ਆਭਾਸ ਹੁੰਦਾ ਹੈ ਜੋ ਗੁਰੂ ਬਾਬਾ ਜੀ ਨੇ ਏਸ ਉਪਦੇਸ਼ ਵਿਚ ਪ੍ਰਗਟਾਇਆ ਹੈ- *ਜਾ ਕੈ ਰਿਦੈ ਬਿਸ੍ਵਾਸ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥*

ਬੁੱਝਣਾ ਤਾਂ ਕੀਰਤਨ ਕਰ ਕੇ ਕੀਰਤਨ ਰੂਪ ਹੋਣਾ ਹੈ, ਸਿਮਰਨ ਕਰ ਕੇ ਸਿਮਰਨ ਰੂਪ ਹੋਣਾ ਹੈ, ਧਿਆਨ ਦੁਆਰਾ ਧਿਆਨ ਰੂਪ ਹੋਣਾ ਹੈ, ਸੇਵਾ ਦੁਆਰਾ ਸੇਵਾ ਰੂਪ ਹੋਣਾ ਹੈ। ਬੁੱਝਣ ਦੀ ਅਵਸਥਾ ਵਿਚ ਕਿਸੇ ਮਾਇਆ, ਮਮਤਾ, ਮੋਹ ਆਦਿ ਜਾਲ ਨਹੀਂ ਬਲਕਿ ਦਇਆ ਖਿਮਾ ਤਨ ਪ੍ਰੀਤ ਦਾ ਵਰਤਾਰਾ ਹੈ। ਧੰਨ ਸੀ ਭਾਈ ਲਹਿਣਾ ਜੀ, ਜਿਨ੍ਹਾਂ ਨੇ ਪਰਉਪਕਾਰੀ ਜੀ ਦੇ ਹੁਕਮ ਨੂੰ ਬੁੱਝ ਕੇ ਆਪਣੇ ਮਸਤਕ ਦਾ ਭਾਗ ਬਣਾ ਲਿਆ ਫੇਰ ਤੁਹਾਨੂੰ ਪਤਾ ਈ ਹੈ ਏਸ ਬੁੱਝਣ ਦੀ ਪ੍ਰਕਿਰਿਆ ਕਿੱਥੇ ਲੈ ਗਈ ਉਨ੍ਹਾਂ ਨੂੰ। ਗੁਰੂ ਬਣ ਗਏ, ਇੱਥੋਂ ਤੱਕ ਖੁਦ ਗੁਰੂ ਨਾਨਕ ਰੂਪ ਬਣ ਗਏ। ਕਿੰਨੀਆਂ ਪ੍ਰੀਖਿਆਵਾਂ ਆਈਆਂ ਪਰ ਨਹੀਂ ਡੋਲੇ, ਕਿਉਂ? ਬੁੱਝ ਜੋ ਲਿਆ। ਸੋ ਅਭੇਦਤਾ ਦੀ ਨਿਸ਼ਾਨੀ ਏਹੋ ਬੁੱਝਣਾ ਹੀ ਤਾਂ ਹੈ।

ਧਰਮ ਗ੍ਰੰਥਾਂ ਵਿਚ ਪ੍ਰਭੂ ਪ੍ਰਾਪਤੀ ਦੇ ਅਨੇਕਾਂ ਸਾਧਨ ਦੱਸੇ ਹਨ, ਸਾਰੇ ਹੀ ਵਿਸ਼ੇਸ਼ ਹਨ। ਪਰੰਤੂ ਬੁੱਝਣਾ ਇਕ ਤਰ੍ਹਾਂ ਨਾਲ ਸਾਰੇ ਹੀ ਧਰਮ ਗ੍ਰੰਥਾਂ ਦੇ ਸਾਰ ਤੱਤ ਹੈ ਤੇ ਅਧਿਆਤਮਿਕ ਟੀਸੀ ਦੀ ਪੂਰਤੀ ਹੈ। ਇਹ ਨਦਰਿ ਜਾਂ ਗੁਰਪ੍ਰਸਾਦਿ ਦਾ ਵਿਹਾਰਕ ਰੂਪ ਹੈ। ਮਹਾਤਮਾ ਬੁੱਧ ਜੀ ਕੋਲ ਕੀ ਕੋਈ ਕਿਸੇ ਧਨ ਪਦਾਰਥ ਦੀ ਕਮੀ ਸੀ। ਪ੍ਰੰਤੂ ਮਹਿਲ ਤੋਂ ਨਿਕਲਣ ਉਪਰੰਤ ਜਦੋਂ ਹੀ ਸਾਰੀਆਂ ਨਾਸ਼ਵਾਨ ਚੀਜ਼ਾਂ ਨਾਲ ਵਾਹ ਪੈਣ ਉਪਰੰਤ ਸਾਧੂ ਦੇ ਮੁੱਖੜੇ ਦਾ ਨੂਰ ਅਤੇ ਲਾਲੀ ਨੂੰ ਦੇਖਿਆ ਤਾਂ ਉਸੇ ਵਕਤ ਉਸ ਦੈਵੀ ਜਾਂ ਸ਼ਾਂਤੀ ਨੂੰ ਬੁੱਝ ਲਿਆ ਕਿ ਏਹ ਸਰੀਰ ਤਾਂ ਨਾਸ਼ਮਾਨ ਹੈ ਤੇ ਜੇਕਰ ਜਨਮ ਲੈ ਕੇ ਵੀ ਉਸ ਅੰਤਿਮ ਸਚਾਈ ਨੂੰ ਨਾ ਬੁੱਝਿਆ ਤਾਂ ਇਹ ਜਨਮ ਹੀ ਵਿਅਰਥ ਹੈ। ਏਹੀ ਤਾਂ ਗੁਰਬਾਣੀ ਵਿਚ ਦਰਜ ਹੈ- *ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ* ਹੁਣ ਢੋਰ ਤਾਂ ਸਾਰਿਆਂ ਨੂੰ ਪਤੈ ਕਿਹਨੂੰ ਕਹਿੰਦੇ ਨੇ।

ਗੁਰਬਾਣੀ ਨੂੰ ਪੜ੍ਹਨਾ ਜਾਂ ਬਿਆਨਣਾ ਬਹੁਤ ਮਹੱਤਵਪੂਰਨ ਹੈ ਪ੍ਰੰਤੂ ਉਸ ਗੁਰਬਾਣੀ

ਦੇ ਅਲੌਕਿਕ ਗਿਆਨ ਨੂੰ ਬੁੱਝਣਾ ਹੋਰ ਪ੍ਰਕਿਰਿਆ ਭਾਵ ਵਿਸ਼ੇਸ਼ ਪ੍ਰਾਪਤੀ ਹੈ। ਬੁੱਝਣ ਵਾਲੇ ਦੀ ਅਵਸਥਾ ਵਿਚ ਤਾਂ ਉਸ ਨੂੰ ਹਰੇਕ ਜਗ੍ਹਾਂ ਉਹ ਪਰੀਪੂਰਨ ਪਰਮੇਸ਼ਰ ਭਾਸਦਾ ਹੈ। ਜਿਵੇਂ ਕਿ ਗੁਰੂ ਹੁਕਮ ਹੈ *ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥ ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥* ਗੁਰੂ ਪਾਤਸ਼ਾਹ ਜੀ ਨੂੰ ਬੁੱਝਣ ਦੀ ਪ੍ਰਕਿਰਿਆ ਤੇ ਸ਼ਬਦ ਏਨ੍ਹਾ ਪਿਆਰਾ ਲੱਗਾ ਕਿ ਉਨ੍ਹਾਂ ਨੇ ਗੁਰਬਾਣੀ ਵਿਚ ਅਨੇਕਾਂ ਜਗ੍ਹਾਂ ਏਸ ਨੂੰ ਵਿਭਿੰਨ ਰੂਪਾਂ ਵਿਚ ਦਰਜ ਕੀਤਾ ਤਾਂ ਜੋ ਜਗਿਆਸੂ ਨੂੰ ਚੰਗੀ ਤਰ੍ਹਾਂ ਸਮਝ ਪੈ ਜਾਵੇ। ਜੇਕਰ ਇਕ ਵਾਰ ਪਾਠ ਕਰਦਿਆਂ ਨਾ ਸਮਝ ਆਵੇ ਤਾਂ ਫੇਰ ਦੁਬਾਰਾ ਜਦੋਂ ਏਸ ਸ਼ਬਦ ਨਾਲ ਵਾਹ ਪਏ ਤਾਂ ਸਮਝ ਲਵੇ ਅਸਲੀ ਖੇਡ ਤਾਂ ਬੁੱਝਣ ਦੀ ਹੈ। ਭਾਵ ਸਿਰਫ ਪੜ੍ਹਨ-ਲਿਖਨ ਤਕ ਸੀਮਿਤ ਨਹੀਂ ਰਹਿਣਾ। ਬਲਕਿ ਉਸ ਤੱਤ ਨੂੰ ਬੁੱਝਿਆ ਜਾਵੇ ਜੋ ਸਭ ਤੋਂ ਅਹਿਮ ਹੈ। ਵਾਰ ਵਾਰ ਕਹਿੰਦੇ ਨੇ ਏੱਥੋਂ ਤਕ ਜਪੁਜੀ ਸਾਹਿਬ ਦੇ ਸ਼ੁਰੂ ਵਿਚ ਹੀ ਉਸ ਅਰਸ਼ੀ ਹੁਕਮ[੬] ਦੇ ਬੁੱਝਣ ਦਾ ਸਿਧਾਂਤ ਬਖਸ਼ਦੇ ਹਨ। ਅਸੀਂ ਸਿਰਫ ਦੁਨਿਆਵੀਂ ਪੜ੍ਹਾਈ ਨੂੰ ਹੀ ਜ਼ਿੰਦਗੀ ਦਾ ਅਸਲ ਉਦੇਸ਼ ਮੰਨਦੇ ਹੋਏ ਹੰਕਾਰ ਵਿਚ ਰੱਤੇ ਹੋਏ ਰਹਿੰਦੇ ਹਾਂ ਪਰੰਤੂ ਪੜ੍ਹਾਈ ਦੁਆਰਾ ਹਉਮੈਂ ਤਾਂ ਇਕੱਠੀ ਕਰ ਲਈ ਪਰ ਜੇਕਰ ਏਸ ਹਉਮੈਂ ਨੂੰ ਅਸਲ ਰੂਪ ਵਿਚ ਸਮਝਿਆ ਹੁੰਦਾ ਤਾਂ ਸ਼ਾਇਦ- *ਹਉਮੈ ਬੂਝੈ ਤਾ ਦਰੁ ਸੂਝੈ* ਦਾ ਕਾਰਜ ਸਹਿਜੇ ਹੀ ਹੋ ਜਾਂਦਾ। ਫੇਰ ਇਹ ਪੜ੍ਹਨਾ ਲਿਖਣਾ ਵੀ ਤੇਰੀ ਸੇਵਾ ਬਣਦਾ ਤੇ ਵਿਦਿਆ ਵਿਚਾਰੀ ਤਾ ਪਰਉਪਕਾਰੀ ਹੋ ਜਾਂਦਾ। ਭਲਾ ਪੜ੍ਹਨ ਵਰਗਾ ਨੇਕ ਕੰਮ ਵੀ ਮਾੜਾ ਹੋਇਆ ਕਦੇ। ਹਾਂ! ਸਾਡੀਆਂ ਮਾੜੀਆਂ ਪ੍ਰਵਿਰਤੀਆਂ ਨੇ ਹੀ ਇਸ ਨੂੰ ਹਉਮੈਂ ਵਿਚ ਬਦਲ ਦਿੱਤਾ। ਸਿੱਖ ਜਗਤ ਵਿਚ ਬੜੇ ਗੁਰਮੁਖ ਹੋਏ ਨੇ, ਜਿਨ੍ਹਾਂ ਵਿੱਦਿਆ ਜਾਂ ਪੜ੍ਹਾਈ ਨੂੰ ਹੀ ਸੇਵਾ ਦਾ ਰੂਪ ਬਣਾ ਲਿਆ। ਭਲਾ ਉਹ ਕਿਵੇਂ? ਕਿਉਂਕਿ ਬੁੱਝ ਲਿਆ ਕਿ ਵਿੱਦਿਆ ਪ੍ਰਾਪਤੀ ਦਾ ਅਸਲ ਮਨੋਰਥ ਕੀ ਹੈ। ਜਦੋਂ ਇਹ ਬੁੱਝ ਹੀ ਲਿਆ ਫੇਰ ਤਾਂ- *ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ* ਦਾ ਵਿਹਾਰਕ ਰੂਪ ਹੀ ਸਾਹਮਣੇ ਆਵੇਗਾ ਨਾ?

ਏਹ ਗੱਲ ਸਮਝਣੀ ਬੜੀ ਜ਼ਰੂਰੀ ਹੈ ਕਿ ਬੁੱਝਣ ਦੀ ਪ੍ਰਕਿਰਿਆ ਜਾਂ ਸਫਲਤਾ ਪੂਰੀ ਤਰ੍ਹਾਂ ਓਸ ਕਰਤੇ ਦੀ ਨਦਰਿ ਉੱਪਰ ਨਿਰਭਰ ਹੈ। ਜੀਵ ਦੀ ਸਿਰਫ ਆਪਣੀ ਤਾਕਤ ਹੀ ਏਸ ਲਈ ਕਾਫੀ ਨਹੀਂ।[੭] ਇਸ ਤਰ੍ਹਾਂ ਫੁਰਮਾਇਆ ਹੈ ਜਿਵੇਂ- *ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ* ਪਰੰਤੂ ਏਸ ਪੱਖ ਨੂੰ ਮੁੱਖ ਰੱਖ ਕੇ ਨਿਰਾਸ਼ਾ ਧਾਰਨ ਕਰਨੀ ਵੀ ਠੀਕ ਨਹੀਂ। ਜੇ ਧਿਆਨ ਨਾਲ ਗੁਰੂ ਬਾਬਾ ਜੀ ਨਾਲ ਮੇਲ ਕਰੋ ਭਾਵ ਗੁਰਬਾਣੀ ਨੂੰ ਮਾਣੋ ਤਾਂ ਅਨੇਕਾਂ ਸਾਧਨ ਵੀ ਬਿਆਨੇ ਨੇ ਜੋ ਬੁੱਝਣ ਦਾ ਪੈਂਡਾ ਸਹਿਲ ਕਰ ਸਕਦੇ ਨੇ, ਅਭੇਦਤਾ ਦਾ ਦਰਜਾ ਬਖਸ਼ ਸਕਦੇ ਨੇ। ਭਾਵ ਗੁਰਮਤਿ[੮] ਜੀਵਨ ਦੁਆਰਾ ਬੁੱਝਣ ਦੀ ਪ੍ਰਕਿਰਿਆ ਸਹਿਜੇ ਸਫਲ ਹੋ ਸਕਦੀ ਹੈ, ਏਸ ਵਿਚ ਕੋਈ ਅਤਿਕਥਨੀ ਨਹੀਂ। ਭਾਵੇਂ ਗੁਰਪ੍ਰਸਾਦਿ[੯] ਦੁਆਰਾ ਇਹ ਦਾਤ ਪ੍ਰਾਪਤ ਕਰਨ ਵਾਲੇ ਵਿਰਲੇ[੧੦] ਹਨ ਪ੍ਰੰਤੂ ਹਨ, ਏਸ ਵਿਚ ਕੋਈ ਸ਼ੱਕ ਨਹੀਂ।

ਜਿਹੜਾ ਜੀਵ ਬੁੱਝਣ ਦੀ ਪ੍ਰਕਿਰਿਆ ਤੋਂ ਸੁਚੇਤ ਨਹੀਂ ਉਸ ਨੂੰ ਝੰਝੋੜਦੇ ਹੋਏ ਗੁਰੂ

ਸਾਹਿਬ ਅੰਧਾ[੧੧] ਸ਼ਬਦ ਵੀ ਵਰਤਦੇ ਨੇ ਤੇ ਜਿਸ ਨੂੰ ਬੁੱਝ ਜਾਂਦਾ ਹੈ ਉਸ ਨੂੰ ਨਿਰਮਲ ਦਾ ਦਰਜਾ ਦਿੰਦੇ ਹਨ। ਹਉਮੈਂ ਨਾਲ ਭਰੇ ਮਨੁੱਖ ਕਈ ਵਾਰ ਗੱਲਾਂ ਤਾਂ ਬਹੁਤ ਗਿਆਨ ਦੀਆਂ ਕਰਨਗੇ ਪਰ ਅੰਦਰੋਂ ਉਹ ਬਾਂਸ ਦੀ ਤਰ੍ਹਾਂ ਖੋਖਲੇ ਹੁੰਦੇ ਹਨ। ਜਿਵੇਂ- *ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ*ਅਜਿਹੇ ਕੱਚੇ ਪੁਰਸ਼ਾਂ ਬਾਬਤ ਹੀ ਇਹ ਕਿਹਾ ਹੈ ਕਿ ਇਹ ਬਾਅਦ ਵਿਚ ਪਛਤਾਉਂਦੇ ਹਨ।[੧੨] ਗੁਰਬਾਣੀ ਵਿਚ ਪ੍ਰਕਿਰਿਆ ਨੂੰ ਸਫਲ ਕਰਨ ਲਈ ਨਾਮ ਜਾਂ ਸ਼ਬਦ ਦੀ ਟੇਕ ਬਹੁਤ ਜ਼ਰੂਰੀ ਦੱਸੀ ਗਈ ਹੈ।[੧੩] ਵਿਕਾਰਾਂ ਜਾਂ ਭਰਮਾਂ[੧੪] ਵਿਚ ਖਚਿਤ ਹੋਏ ਮਨੁੱਖ ਨਹੀਂ ਬੁੱਝ ਸਕਦੇ ਕੇ ਪਰਮੇਸ਼ਰ ਅੰਗ ਸੰਗ ਹੀ ਹੈ। ਉਹ ਤਾਂ ਗਵਾਰਾਂ ਵਾਂਗ ਏਧਰ ਉਧਰ ਭਟਕਦੇ ਰਹਿੰਦੇ ਹਨ।[੧੫] ਦੂਸਰੇ ਪਾਸੇ ਗੁਰਮੁਖ ਪਿਆਰਿਆਂ ਨੂੰ ਇਹ ਦ੍ਰਿੜ੍ਹ ਹੁੰਦਾ ਹੈ ਕਿ ਵਾਹਿਗੁਰੂ ਸਦਾ ਅੰਗ-ਸੰਗ ਤੇ ਹਾਜ਼ਰ-ਹਜ਼ੂਰ ਹੈ।[੧੬] ਇਨਸਾਨ ਅਨੇਕਾਂ ਸ਼ਾਸਤ੍ਰ ਜਾਂ ਪੁਸਤਕਾਂ ਪੜ੍ਹ ਕੇ ਵੀ ਬੁੱਝਦ ਬੁੱਝਣ ਦੀ ਅਵਸਥਾ 'ਤੇ ਨਹੀਂ ਪਹੁੰਚਦਾ ਤੇ ਆਵਾਗਵਣ ਵਿਚ ਭਟਕਦਾ ਹੈ।[੧੭] ਗੁਰੂ ਸਾਹਿਬ ਅਨੁਸਾਰ ਸ਼ਬਦ ਦੀ ਵੀਚਾਰ ਦੁਆਰਾ ਇਹ ਸਹਿਜੇ ਹੀ ਬੁੱਝਿਆ ਜਾ ਸਕਦਾ ਹੈ ਕਿ ਹਰੀ ਪਰਮੇਸ਼ਰ ਸਤਿਸੰਗਤ ਵਿਚ ਪਰਤੱਖ ਵਰਤਦਾ ਹੈ।[੧੮] ਇਹ ਵੀ ਕਿਹਾ ਹੈ ਕਿ ਉਸਨੂੰ ਬੁੱਝਣ ਲਈ ਸਾਂਈਂ ਜੀ ਨਾਲ ਪਿਆਰ[੧੯] ਅਤਿ ਜ਼ਰੂਰੀ ਹੈ, ਜੋ ਕਿ ਵੱਡੇ ਭਾਗਾਂ ਨਾਲ ਹੀ ਮਿਲ ਸਕਦਾ ਹੈ।[੨੦] ਬੁੱਝਣ ਵਾਲੇ ਦੀ ਅਵਸਥਾ ਵੀ ਕਮਾਲ ਦੀ ਬਿਆਨੀ ਗਈ ਹੈ ਭਾਵ ਉਸਨੂੰ ਹਰੇਕ ਜਗ੍ਹਾ ਸਤਿ[੨੧] ਭਾਸਦਾ ਹੈ। ਹੋਰ ਸਪੱਸ਼ਟ ਕਰਦੇ ਹਨ- *ਸਭੁ ਸਚੋ ਸਚੁ ਵਰਤਦਾ ਜਿਸੁ ਭਾਵੈ ਤਿਸੈ ਬੁਝਾਇ ਜੀਉ॥*

ਜੋ ਬੋਲ਼ਿਆਂ ਦੀ ਤਰ੍ਹਾਂ ਹੁੰਦੇ ਹਨ ਕਿਉਂਕਿ ਉਹ ਵਿਕਾਰਾਂ ਵਿਚ ਜਿਊਂਦੇ ਹਨ ਤੇ ਬਾਣੀ ਦੀ ਮਹੱਤਤਾ ਨੂੰ ਨਹੀਂ ਬੁੱਝਦੇ, ਭਲਾ ਏਹੋ ਜਿਹੇ ਲੋਕਾਂ ਨੂੰ ਸ਼ਬਦ ਦੀ ਸੋਝੀ ਕਿਸ ਤਰ੍ਹਾਂ ਹੋਵੇ?[੨੨] ਇਹ ਤਾਂ ਬੁੱਝਣ ਵਾਲੇ ਨੂੰ ਹੀ ਪ੍ਰਤੀਤ ਹੁੰਦਾ ਹੈ ਕਿ ਹੁਕਮ ਕੀ ਹੈ? ਭਾਵ ਹੁਕਮ ਨਾਮ ਜਪਣ[੨੩] ਦਾ ਹੈ ਤੇ ਬੁੱਝਣ ਦੀ ਇਹ ਵਡਿਆਈ ਗੁਰਮੁਖ ਦੇ ਹੀ ਹਿੱਸੇ ਆਉਂਦੀ ਹੈ।[੨੪] ਬੁੱਝਣ ਦੀ ਇਸ ਦਾਤ ਬਾਰੇ ਤਾਂ ਇਹ ਕਹਿੰਦੇ ਹਨ ਕਿ ਦੇਵਤੇ ਵੀ ਇਸ ਨੂੰ ਤਰਸਦੇ ਹਨ।[੨੫] ਬੁੱਝਣ-ਬੁਝਾਉਣ ਦੀ ਇਹ ਪ੍ਰਕਿਰਿਆ ਹਰ ਕੋਈ ਨਹੀਂ ਬਲਕਿ ਪੂਰਾ ਗੁਰੂ[੨੬] ਹੀ ਇਹ ਬੁੱਝਾਉਣ ਦੇ ਸਮਰੱਥ ਹੈ। ਬੁੱਝਣ ਵਾਲੇ ਦੀ ਇਹ ਅਵਸਥਾ ਬਣ ਜਾਂਦੀ ਹੈ ਕਿ ਉਹ ਅੱਠੇ ਪਹਿਰ ਵਾਹਿਗੁਰੂ ਦਾ ਨਾਮ ਜਪਦਾ ਤੇ ਉਸਤਤਿ ਕਰਦਾ ਕਰਦਾ ਹੋਇਆ ਆਪਣੇ ਮਨ ਨੂੰ ਨਿਰਮਲ ਕਰਦਾ ਹੈ।[੨੭] ਗੁਰਮੁਖ ਨੂੰ ਅੰਦਰਲੇ ਤੀਰਥ[੨੮] ਬਾਰੇ ਸੁਤੇ ਸਿਧ ਹੀ ਗਿਆਨ ਹੋ ਜਾਂਦਾ ਹੈ। ਉਸ ਨੂੰ ਇਹ ਬੁੱਝ ਜਾਂਦਾ ਹੈ ਕਿ ਸੰਸਾਰ ਤਿਨਾਂ ਗੁਣਾਂ[੨੯] ਵਿਚ ਹੀ ਵਿਚਰਦਾ ਹੈ, ਜਿਸ ਕਾਰਨ ਉਹ ਸੰਸਾਰ ਵਿਚ ਪਲਚਦਾ ਨਹੀਂ ਬਲਕਿ ਵਾਹਿਗੁਰੂ ਨਾਲ ਉਸਨੂੰ ਅਨਮੋਲ ਰਤਨ ਪ੍ਰਤੀਤ ਹੁੰਦਾ ਹੈ।

ਉਪਰਲੀ ਵਿਚਾਰ ਤੋਂ ਸਾਨੂੰ ਗੁਰਬਾਣੀ ਵਿਚ ਦਰਜ ਏਸ ਮਹਾਨ ਸ਼ਬਦ (ਬੁੱਝਣ) ਬਾਰੇ ਸੰਖੇਪ ਜਿਹੀ ਜਾਣਕਾਰੀ ਹਾਸਿਲ ਹੁੰਦੀ ਹੈ। ਅਸਲ ਵਿਚ ਇਹ ਸਿਰਫ ਇੱਕ ਲੇਖ ਲਿਖਣ ਤਕ ਸੀਮਿਤ ਹੋਣ ਵਾਲਾ ਪੱਖ ਨਹੀਂ ਬਲਕਿ ਇਹ ਤਾਂ

ਗੁਰਬਾਣੀ ਨਾਲ ਪੂਰੀ ਇਕਮਿਕਤਾ ਹੋਣ ਦਾ ਪ੍ਰਸੰਗ ਹੈ। ਗੁਰਬਾਣੀ ਦੀ ਰੋਸ਼ਨੀ ਅਤੇ ਨਾਮੀ ਜੀਵਨ ਦੁਆਰਾ ਏਸ ਪੱਖ ਨੂੰ ਬਿਹਤਰ ਰੂਪ ਵਿਚ ਸਮਝਿਆ ਜਾ ਸਕਦਾ ਹੈ।

**ਹਵਾਲੇ :**


੧. *ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੈ ਪਸੁ ਢੋਰ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੧)*

੨. *ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹ ਗੁਣ ਤੇ ਪ੍ਰਭ ਭਿੰਨ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੩)*

੩. *ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥ ਰੂਪ ਰੰਗ ਅਰ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥* *(ਜਾਪੁ ਸਾਹਿਬ)*

੪. *ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੭੭)*

੫. *ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੩)*

੬. *ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

੭. *ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੬)*
*ਤਥਾ, ਨਾਨਕ ਗੁਰ ਪਰਸਾਦੀ ਸੋ ਬੁਝਸੀ ਜਿਸੁ ਆਪਿ ਬੁਝਾਵੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੭)*

੮. *ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੦)*

੯. *ਗੁਰ ਪਰਸਾਦੀ ਬੂਝਹੁ ਭਾਈ॥ ਸਦਾ ਰਹਹੁ ਹਰਿ ਕੀ ਸਰਣਾਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੬੧)*

੧੦. *ਗੁਰਮਤਿ ਵਿਰਲਾ ਬੂਝੈ ਕੋਇ॥ ਨਾਨਕ ਨਾਮਿ ਸਮਾਵੈ ਸੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੧)*

੧੧. *ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੪)*

੧੨. *ਮਨਮੁਖ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ॥ ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੧)*

੧੩. *ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੯)*

੧੪. *ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੨)*

੧੫. *ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੦੭)*

੧੬. *ਮੁਕਤੇ ਸੰਤ ਬੁਝਹਿ ਹਰਿ ਨੇਰਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੮੮)*

੧੭. *ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੨)*

੧੮. *ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੧੪)*

੧੯. *ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੭)*

੨੦. *ਨਾਨਕ ਬੁਝਣੁ ਪੂਰੈ ਭਾਗਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੪)*

੨੧. *ਬੁਝਨਹਾਰ ਕਉ ਸਤਿ ਸਭ ਹੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੫)*

੨੨. *ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ॥ ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੫)*

੨੩. *ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨)*

੨੪. *ਆਪਿ ਵਡਾਈ ਦਿਤੀਅਨੁ ਗੁਰਮੁਖ ਦੇਇ ਬੁਝਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬)*

੨੫. *ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨)*

੨੬. *ਰਾਮ ਰੰਗੁ ਕਦੇ ਉਤਰਿ ਨ ਜਾਇ॥ ਗੁਰੁ ਪੂਰਾ ਜਿਸੁ ਦੇਇ ਬੁਝਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੯੪)*

੨੭. *ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ ਕਉ ਆਪੇ ਦੇਇ ਬੁਝਾਇ॥ ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੫)*

੨੮. *ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੮੭)*

੨੯. *ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੦੩)*

*ਸ਼ਹੀਦੀ ਜੋੜ ਮੇਲੇ 'ਤੇ ਵਿਸ਼ੇਸ਼*

# ਸ਼ਹੀਦੀ ਸਾਕਾ: ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਪਾਤਸ਼ਾਹੀ ਦਸਵੀਂ

*-ਸ. ਰਾਜਾ ਸਿੰਘ ਪੱਟੀ**

ਸਰਬੰਸਦਾਨੀ, ਦੀਨ ਬੰਧੂ, ਕਲਮ ਦੇ ਧਨੀ, ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜ਼ਿਲ੍ਹਾ ਸਿਰਮੌਰ ਦੀ ਰਿਆਸਤ ਨਾਹਨ (ਹਿਮਾਚਲ) ਦੇ ਰਾਜਾ ਮੇਦਨੀ ਪ੍ਰਕਾਸ਼ ਦੀ ਬੇਨਤੀ ਨੂੰ ਪ੍ਰਵਾਨ ਕਰ ਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਨਾਹਨ ਗਏ। ਗੁਰੂ ਜੀ ਦਾ ਸ਼ਰਧਾਲੂ ਰਾਜਾ ਮੇਦਨੀ ਪ੍ਰਕਾਸ਼ ਚਾਹੁੰਦਾ ਸੀ ਕਿ ਗੁਰੂ ਜੀ ਆਪਣਾ ਨਿਵਾਸ ਉਸ ਦੀ ਰਿਆਸਤ ਵਿਚ ਹੀ ਕਰ ਲੈਣ। ਇਸ ਲਈ ਉਸ ਨੇ ਗੁਰੂ ਜੀ ਨੂੰ ਕਈ ਸਥਾਨ ਦਿਖਾਏ। ਇਕ ਦਿਨ ਸੈਰ ਕਰਦੇ ਹੋਏ ਗੁਰੂ ਜੀ ਨੇ ਜਮਨਾ ਕਿਨਾਰੇ ਇੱਕ ਰਮਣੀਕ ਥਾਂ ਪਸੰਦ ਕੀਤੀ। ਇਸ ਜਗ੍ਹਾ ਗੁਰੂ ਜੀ ਦੇ ਨਿਵਾਸ ਅਤੇ ਡੇਰੇ ਦੀ ਰੱਖਿਆ ਵਾਸਤੇ ਇੱਕ ਕਿਲ੍ਹਾ ਉਸਾਰਨ ਦੀ ਵਿਉਂਤ ਬਣਾਈ ਗਈ।

੧੬੮੫ ਈਸਵੀ ਵਿਚ ਸ੍ਰੀ ਪਾਉਂਟਾ ਸਾਹਿਬ ਦੀ ਨੀਂਹ ਰੱਖੀ ਗਈ। ਗੁਰੂ ਜੀ ਨੇ ਜਾਪ ਸਾਹਿਬ ਅਤੇ ਹੋਰ ਬਹੁਤ ਸਾਰੀ ਬਾਣੀ ਵੀ ਇੱਥੇ ਹੀ ਉਚਾਰੀ। ਇਸ ਅਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ੧੬੮੭ ਈਸਵੀ ਵਿਚ ਭੰਗਾਣੀ ਦਾ ਯੁੱਧ ਵੀ ਲੜਨਾ ਪਿਆ ਅਤੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦਾ ਜਨਮ ਵੀ ਮਾਤਾ ਸੁੰਦਰੀ ਜੀ (ਮਾਤਾ ਸੁੰਦਰ ਕੌਰ ਜੀ) ਦੀ ਪਵਿੱਤਰ ਕੁੱਖੋਂ ਇਸੇ ਅਸਥਾਨ ਉੱਤੇ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਪਾਤਸ਼ਾਹੀ ਦਸਵੀਂ ਦੀ ਸਿੱਖ ਇਤਿਹਾਸ ਵਿਚ ਬਹੁਤ ਮਹੱਤਤਾ ਹੈ।

ਭੰਗਾਣੀ ਦੇ ਯੁੱਧ ਤੋਂ ਬਾਅਦ ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਗਏ ਤਾਂ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਦਾ ਕਾਰਜ ਬਾਬਾ ਬਿਸ਼ਨ ਸਿੰਘ ਨੂੰ ਸੌਂਪ ਦਿੱਤਾ। ਬਾਬਾ ਬਿਸ਼ਨ ਸਿੰਘ ਤੋਂ ਬਾਅਦ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਸੇਵਾ-ਸੰਭਾਲ ਦਾ ਪ੍ਰਬੰਧ ਮਹੰਤਾਂ ਰਾਹੀਂ ਹੁੰਦਾ ਰਿਹਾ। ਜਿਨ੍ਹਾਂ ਨੇ ਲਾਲਚ ਵੱਸ ਹੋ ਕੇ ਬੇਅੰਤ ਕੁਰੀਤੀਆਂ ਤੇ ਮਨਮੱਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਪਤਿਤ ਮਹੰਤ ਗੁਰਦਿਆਲ ਸਿੰਘ ਵੱਲੋਂ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਹੱਦ ਅੰਦਰ ਕੀਤੇ ਜਾ ਰਹੇ ਕੁਕਰਮਾਂ ਬਾਰੇ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਜਥੇਦਾਰ ਬਾਬਾ ਹਰਭਜਨ ਸਿੰਘ ਨੂੰ ਸੰਗਤ ਦੁਆਰਾ ਪਤਾ ਲੱਗਾ ਤਾਂ ਉਨ੍ਹਾਂ ਨੇ ਪਾਵਨ ਅਸਥਾਨ ਸ੍ਰੀ ਪਾਉਂਟਾ ਸਾਹਿਬ ਵੱਲ ਵਹੀਰਾਂ ਘੱਤ ਦਿੱਤੀਆਂ ਅਤੇ ਉੱਥੇ ਪਹੁੰਚ ਕੇ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਪਵਿੱਤਰਤਾ

** ਹੁਸ਼ਿਆਰਪੁਰ। ਮੋ. ੯੮੧੫੯੨੫੭੬੬*

ਅਤੇ ਮਰਿਆਦਾ ਬਹਾਲ ਕਰਨ ਦੇ ਉਦੇਸ਼ ਨਾਲ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ੧੦੧ ਸ੍ਰੀ ਅਖੰਡ ਪਾਠਾਂ ਦੀ ਲੜੀ ਆਰੰਭ ਕਰ ਦਿੱਤੀ।

੨੩ਵਾਂ ਸ੍ਰੀ ਅਖੰਡ ਪਾਠ ਸਾਹਿਬ ਚੱਲ ਰਿਹਾ ਸੀ। ੨੨ ਮਈ, ੧੯੬੪ ਈ. ਮੰਗਲਵਾਰ ਵਾਲੇ ਦਿਨ ਸਵੇਰੇ ਹੀ ਤਹਿਸੀਲਦਾਰ ਆਇਆ ਅਤੇ ਉਸ ਨੇ ਕਿਹਾ ਕਿ ਡੀ. ਸੀ. ਸਾਹਿਬ ਮਿਸਟਰ ਆਰ. ਕੇ. ਚੰਡੇਲ ਨੇ ਗੱਲਬਾਤ ਕਰਨ ਲਈ ਬਾਬਾ ਹਰਭਜਨ ਸਿੰਘ ਨੂੰ ਨਾਹਨ ਵਿਖੇ ਬੁਲਾਇਆ ਹੈ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਸਿਰਮੌਰ ਦੇ ਪ੍ਰਸ਼ਾਸਨ ਨੇ ਰੈਸਟ ਹਾਊਸ ਵਿਚ ਬੁਲਾ ਕੇ ਬਾਬਾ ਹਰਭਜਨ ਸਿੰਘ ਨੂੰ ਧੋਖੇ ਨਾਲ ਗ੍ਰਿਫਤਾਰ ਕਰ ਲਿਆ। ਮਿਸਟਰ ਆਰ. ਕੇ. ਚੰਡੇਲ ਨੇ ਭਾਰੀ ਹਥਿਆਰਬੰਦ ਪੁਲਿਸ ਬਲ ਲੈ ਕੇ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਨੂੰ ਘੇਰਾ ਪਾ ਲਿਆ ਅਤੇ ਸਿੰਘਾਂ ਨੂੰ ਬਾਹਰ ਆਉਣ ਦੀ ਚਿਤਾਵਨੀ ਦਿੱਤੀ। ਉਸ ਵੇਲੇ ਗੁਰਦੁਆਰਾ ਸਾਹਿਬ ਅੰਦਰ ੧੫ ਕੁ ਨਿਹੰਗ ਸਿੰਘ ਹਾਜ਼ਰ ਸਨ। ਇਸ ਸ਼ਹੀਦੀ ਸਾਕੇ ਦੇ ਚਸ਼ਮਦੀਦ ਗਵਾਹ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਜੋ ਕਿ ਉਸ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਕਰਨ ਦੀ ਸੇਵਾ ਕਰ ਰਹੇ ਸਨ ਅਤੇ ਤਿੰਨ ਗੋਲੀਆਂ ਲੱਗਣ ਕਰਕੇ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਸਨ, ਦੇ ਦੱਸਣ ਮੁਤਾਬਕ ਪੁਲਿਸ ਅਤੇ ਮਹੰਤ ਗੁਰਦਿਆਲ ਸਿੰਘ ਦੇ ਹਥਿਆਰਬੰਦ ਬਦਮਾਸ਼ਾਂ ਵੱਲੋਂ ਸ਼ਾਂਤੀ-ਪੂਰਵਕ ਢੰਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਕਰ ਰਹੇ ਨਿਹੰਗ ਸਿੰਘਾਂ ਉੱਤੇ ਅੰਨ੍ਹੇਵਾਹ ਚਲਾਈ ਗਈ ਗੋਲੀ ਕਾਰਨ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਜਥੇਬੰਦੀ ਦੇ ੧੧ ਨਿਹੰਗ ਸਿੰਘ ਸ਼ਹੀਦ ਹੋ ਗਏ। ਜਿਨ੍ਹਾਂ ਵਿਚ- ਭਾਈ ਪ੍ਰੀਤਮ ਸਿੰਘ ਫਤਹਿਪੁਰ ਕੋਠੀ (ਹੁਸ਼ਿਆਰਪੁਰ), ਭਾਈ ਮੰਗਲ ਸਿੰਘ ਬਜਰੌਰ, ਭਾਈ ਹਰਭਜਨ ਸਿੰਘ ਚੌਹੜਾ, ਭਾਈ ਦਲੀਪ ਸਿੰਘ, ਭਾਈ ਉਦੈ ਸਿੰਘ ਮੱਤੇਵਾਲ ਸ੍ਰੀ ਅੰਮ੍ਰਿਤਸਰ, ਭਾਈ ਸੰਤੋਖ ਸਿੰਘ ਸ੍ਰੀ ਅੰਮ੍ਰਿਤਸਰ, ਭਾਈ ਲਾਲ ਸਿੰਘ ਫਿਰੋਜ਼ਪੁਰ, ਭਾਈ ਧੰਨਾ ਸਿੰਘ ਭਦੌੜ ਸੰਗਰੂਰ, ਬਾਬਾ ਸੂਬੇਦਾਰ, ਬਾਬਾ ਨਾਮਧਾਰੀਆ ਅਤੇ ਇਕ ਯਾਤਰੀ ਸਿੰਘ ਸ਼ਾਮਲ ਸਨ। ਪੁਲਿਸ ਅਤੇ ਮਹੰਤ ਗੁਰਦਿਆਲ ਸਿੰਘ ਦੇ ਹਥਿਆਰਬੰਦ ਬਦਮਾਸ਼ਾਂ ਵੱਲੋਂ ਸ਼ਾਂਤੀ-ਪੂਰਵਕ ਢੰਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਕਰ ਰਹੇ ਨਿਹੰਗ ਸਿੰਘਾਂ 'ਤੇ ਅੰਨ੍ਹੇਵਾਹ ਚਲਾਈ ਗਈ ਗੋਲੀ ਕਾਰਨ ਜੋ ਨਿਹੰਗ ਸਿੰਘ ਜ਼ਖਮੀ ਹੋਏ, ਉਨ੍ਹਾਂ ਵਿਚ ਖ਼ੁਦ ਜਥੇਦਾਰ ਸੰਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ, ਭਾਈ ਅਜੀਤ ਸਿੰਘ ਹੁਸ਼ਿਆਰਪੁਰ, ਭਾਈ ਗੁਰਬਚਨ ਸਿੰਘ ਘਾਗੋਂ ਰੋੜਾਂਵਾਲੀ ਆਦਿ ਸ਼ਾਮਿਲ ਸਨ। ਇਸ ਸਾਕੇ ਵਿਚ ਸ਼ਹੀਦ ਹੋਏ ਸਮੂਹ ਨਿਹੰਗ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ੨੨ ਮਈ, ੨੦੨੫ ਈ. ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਪਾਉਂਟਾ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵੱਲੋਂ ਜਥੇਬੰਦੀ ਦੇ ਮੌਜੂਦਾ ਮੁਖੀ ਸਿੰਘ ਸਾਹਿਬ ਜਥੇ. ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਦੀ ਅਗਵਾਈ ਵਿਚ ਹਰ ਸਾਲ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਸ਼ਹੀਦੀ ਜੋੜ ਮੇਲਾ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ■

*ਹੱਡੀਂ ਬੀਤਿਆ ਸੱਚ:*

# ਜੂਨ ੧੯੮੪ ਈ. ਦੇ ਫ਼ੌਜੀ ਐਕਸ਼ਨ ਦੀ ਦਰਦ-ਕਹਾਣੀ

*-ਭਾਈ ਹਰਪਾਲ ਸਿੰਘ**

ਮਿਤੀ ੫ ਜੂਨ, ੧੯੮੪ ਸਵੇਰੇ ਅੰਮ੍ਰਿਤ ਵੇਲੇ ਭਾਰਤੀ ਮਿਲਟਰੀ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਸਖ਼ਤ ਗੋਲਾਬਾਰੀ ਸ਼ੁਰੂ ਹੋ ਗਈ। ਮੇਰੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਦੁਪਹਿਰ ੦੧:੦੦ ਵਜੇ ਡਿਊਟੀ ਸ਼ੁਰੂ ਹੋਈ ਸੀ। ਵਰ੍ਹਦੀ ਗੋਲੀ ਵਿਚ ਮੈਂ ਆਪਣੀ ਡਿਊਟੀ ਲਈ ਤਿਆਰ ਹੋ ਕੇ (ਗੁ. ਸ਼ਹੀਦ ਬੁੰਗਾ ਦੇ ਪਿਛਲੇ ਪਾਸੇ ਗਲੀ ਸ਼ਹੀਦ ਬੁੰਗਾ ਵਿਖੇ ਮੇਰਾ ਕੁਆਟਰ ਸੀ) ਗੁ. ਸ਼ਹੀਦ ਬੁੰਗੇ ਦੇ ਨਾਲ ਹੀ ਇਕ ਛੋਟਾ ਜਿਹਾ ਦਰਵਾਜ਼ਾ ਜੋ ਪਰਕਰਮਾ ਵਿਚ ਜਾਣ ਵਾਸਤੇ ਸੀ, ਉਸ ਦਰਵਾਜ਼ੇ ਰਾਹੀਂ ਪਰਕਰਮਾ ਵਿਚ ਦਾਖ਼ਲ ਹੋਇਆ ਤਾਂ ਪਰਕਰਮਾ ਵਿਚ ਸ਼ਹੀਦ ਬੁੰਗਾ ਬਰਾਂਡੇ ਵਿਚ ਚਾਰ-ਪੰਜ ਲਾਸ਼ਾਂ ਪਈਆਂ ਹੋਈਆਂ ਸਨ। ਇਹ ਲਾਸ਼ਾਂ ਦਰਸ਼ਨ ਕਰਨ ਆਏ ਯਾਤਰੂਆਂ ਦੀਆਂ ਸਨ। ਮੈਂ ਅੱਗੇ ਵਧਿਆ ਤਾਂ ਆਟਾ ਮੰਡੀ ਵਾਲੀ ਡਿਉਢੀ ਦੇ ਥੱਲੇ ਪਰਕਰਮਾ ਵਿਚ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਅਤੇ ਇਕ ਹੋਰ ਸਿੰਘ ਬੈਠੇ ਹੋਏ ਸਨ। ਸਿੰਘ ਸਾਹਿਬ ਮੈਨੂੰ ਪੁੱਛਣ ਲੱਗੇ, "ਡਿਊਟੀ ਚੱਲੇ ਓ?" ਮੈਂ ਕਿਹਾ, "ਡਿਊਟੀ ਜਾਣ ਵਾਸਤੇ ਆਇਆ ਹਾਂ।" ਸਿੰਘ ਸਾਹਿਬ ਜੀ ਕਹਿਣ ਲੱਗੇ, "ਅੱਜ ਡਿਊਟੀ 'ਤੇ ਜਾਣਾ ਮੁਸ਼ਕਲ ਆ, ਕਿਉਂਕਿ ਗੋਲੀ ਤੇਜ਼ ਚੱਲ ਰਹੀ ਆ। ਔਹ ਛਬੀਲ ਵੱਲ ਕਿੰਨੀਆਂ ਲਾਸ਼ਾਂ ਪਈਆਂ ਹਨ। ਜਿਹੜਾ ਵੀ ਉਧਰ ਗੁਜ਼ਰ ਜਾਂਦਾ, ਉਹ ਢੇਰੀ ਹੋ ਜਾਂਦਾ ਐ।" ਘੰਟਾ ਘਰ ਵੱਲੋਂ ਸਿੱਧੀ ਸਿਸਤ ਬੰਨ੍ਹੀ ਹੋਈ ਸੀ। ਮੈਂ ਉਨ੍ਹਾਂ ਕੋਲ ਹੀ ਬੈਠ ਗਿਆ। ਉੱਥੇ ਬੈਠਿਆਂ ਸਾਨੂੰ ੦੪:੦੦ ਵਜ ਗਏ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਅੰਦਰੋਂ ਕੀਰਤਨ ਦੀ ਆਵਾਜ਼ ਆ ਰਹੀ ਸੀ। ਠੀਕ ੦੩:੦੦ ਵਜੇ ਭਾਈ ਭਾਨ ਸਿੰਘ ਅਰਦਾਸੀਏ ਨੇ ਅਰਦਾਸ ਕੀਤੀ। ਸਾਢੇ ਚਾਰ ਵਜੇ ਮੈਂ ਵਾਪਸ ਘਰ ਨੂੰ ਚਲਾ ਗਿਆ। ਗੋਲੀ ਬਹੁਤ ਤੇਜ਼ ਚੱਲ ਰਹੀ ਸੀ। ਮੈਂ ਬਰਾਂਡੇ ਵਿਚ ਥੰਮ੍ਹਾਂ ਦੇ ਉਹਲੇ ਹੋ-ਹੋ ਕੇ ਘਰ ਨੂੰ ਗਿਆ। ਤੋਪਾਂ ਨਾਲ ਗੋਲੇ ਬਰਸ ਰਹੇ ਸਨ। ਤਕਰੀਬਨ ੧੦:੦੦ ਵਜੇ ਰਾਤ ਨੂੰ ਟੈਂਕਾਂ ਦੇ ਚੱਲਣ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਸਾਡੇ ਘਰ ਵਿਚ ਕੁਝ ਸਿੰਘਣੀਆਂ ਅਤੇ ਚਾਰ-ਪੰਜ ਪਾਠੀ ਸਿੰਘ ਆ ਗਏ ਸਨ। ਬਿਜਲੀ ਬੁਝੀ ਹੋਈ ਸੀ, ਗਰਮੀ ਬਹੁਤ ਪੈ ਰਹੀ ਸੀ। ਅਸੀਂ ਸਾਰਿਆਂ ਨੇ ਬੈਠ ਕੇ ਰਾਤ ਕੱਟੀ। ਮਿਤੀ ੬ ਜੂਨ, ੧੯੮੪ ਨੂੰ ਸਵੇਰੇ ਕੁਝ ਸਿੰਘ ਗਲੀ ਸ਼ਹੀਦ ਬੁੰਗਾ ਕੋਲ ਚਲੇ ਗਏ। ਅਸੀਂ ਘਰ ਵਿਚ ਹੀ ਸਮਾਂ ਬਿਤਾਉਣ ਲੱਗੇ। ਸ਼ਾਮ ਨੂੰ ਅਸੀਂ ਕਰਫਿਊ ਵਿਚ ਛੋਟ ਹੋਣ

** ਸਾਬਕਾ ਅਰਦਾਸੀਆ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।*

ਕਾਰਨ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਦੇ ਘਰ ਚਲੇ ਗਏ। ਭਾਈ ਅਮਰੀਕ ਸਿੰਘ ਜੀ ਸ਼ਹੀਦ ਦੀ ਸਿੰਘਣੀ, ਭਾਈ ਮੋਹਕਮ ਸਿੰਘ ਜੀ ਦੀ ਸਿੰਘਣੀ, ਭਾਈ ਰਾਮ ਸਿੰਘ ਜੀ (ਜਨਰਲ ਸਕੱਤਰ, ਅਕਾਲੀ ਦਲ-ਮਾਨ) ਦੀ ਸਿੰਘਣੀ ਅਤੇ ਹੋਰ, ਗਿਆਨੀ ਪੂਰਨ ਸਿੰਘ ਜੀ ਦੇ ਘਰ ਚਲੀਆਂ ਗਈਆਂ। ਮਿਤੀ ੭ ਜੂਨ, ੧੯੮੪ ਈ. ਨੂੰ ਅੰਮ੍ਰਿਤ ਵੇਲੇ ੦੫:੦੦ ਵਜੇ ਮੈਂ ਅਤੇ ਮੇਰੀ ਸਿੰਘਣੀ ਗਲੀ ਵਿੱਚੋਂ ਹੁੰਦੇ ਹੋਏ ਆਪਣੇ ਘਰ (ਗਲੀ ਸ਼ਹੀਦ ਬੁੰਗਾ) ਪਹੁੰਚ ਗਏ। ਮੈਂ ਘਰ ਪਹੁੰਚ ਕੇ ਘਰ ਦੀ ਛੱਤ 'ਤੇ ਚਲਾ ਗਿਆ ਜੋ ਕਿ ਚੁਬਾਰਾ ਸੀ। ਉੱਪਰ ਜਾ ਕੇ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਵੱਲ ਧਿਆਨ ਮਾਰਿਆ ਤਾਂ ਦੇਖਿਆ ਕਿ ਬੜੀ ਭਿਆਨਕ ਅੱਗ ਲੱਗੀ ਹੋਈ ਸੀ ਅਤੇ ਇਹ ਅੱਗ ਦੇ ਭਾਂਬੜ ਅਸਮਾਨ ਨੂੰ ਛੂਹ ਰਹੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪ ਵੀ ਅੱਗ ਦੀ ਲਪੇਟ ਵਿਚ ਆ ਗਏ ਸਨ। ਮਨ ਬਹੁਤ ਦੁਖੀ ਹੋਇਆ। ਇਹ ਭਿਆਨਕ ਦ੍ਰਿਸ਼ ਦੇਖ ਕੇ ਮੇਰਾ ਰੋਣ ਨਿਕਲ ਆਇਆ। ਇਧਰ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਅੱਗ ਲੱਗੀ ਹੋਈ ਸੀ। ਮੈਂ ਛੱਤ ਤੋਂ ਥੱਲੇ ਉਤਰ ਕੇ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਦੇ ਘਰ ਵੱਲ ਵੇਖਿਆ ਤਾਂ ਮਿਲਟਰੀ ਹੀ ਮਿਲਟਰੀ ਨਜ਼ਰ ਆ ਰਹੀ ਸੀ। ਉਨ੍ਹਾਂ ਨੇ ਮੈਨੂੰ ਦੇਖ ਲਿਆ। ਮੈਨੂੰ ਕਹਿਣ ਲੱਗੇ, "ਹੈਂਡਜ਼ ਅੱਪ, ਭਾਗੇ ਤੋ ਗੋਲੀ ਮਾਰ ਦੇਂਗੇ।" ਮੈਂ ਉਨ੍ਹਾਂ ਦੀ ਆਵਾਜ਼ ਨੂੰ ਅਣਸੁਣੀ ਕਰ ਕੇ ਥੱਲੇ ਆ ਗਿਆ ਅਤੇ ਘਰ ਵਾਲੀ ਨੂੰ ਨਾਲ ਲੈ ਕੇ ਗਿਆਨੀ ਸਾਹਿਬ ਸਿੰਘ ਦੇ ਘਰ ਚਲਾ ਗਿਆ। ਸਾਡੇ ਪਿੱਛੋਂ ਮਿਲਟਰੀ ਵਾਲਿਆਂ ਨੇ ਸਾਡੇ ਘਰ ਦੇ ਦਰਵਾਜ਼ੇ ਤੋੜ ਦਿੱਤੇ। ਅੰਦਰ ਪੇਟੀਆਂ ਅਤੇ ਹੋਰ ਸਾਮਾਨ ਨੂੰ ਅੰਨ੍ਹੇਵਾਹ ਗੋਲੀਆਂ ਮਾਰੀ ਗਏ। ਉਨ੍ਹਾਂ ਨੇ ਸਾਰਾ ਕੁਝ ਉਥਲ-ਪੁਥਲ ਕਰ ਦਿੱਤਾ। ਸਵੇਰੇ ੦੭:੦੦ ਵਜੇ ਦੇ ਕਰੀਬ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ, ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਨੂੰ ਨਾਲ ਲੈ ਕੇ ਫ਼ੌਜ ਦੇ ਅਫ਼ਸਰ ਅਤੇ ਮਿਲਟਰੀ ਨੇ ਸਾਡੇ ਘਰ ਦਾ ਗੇਟ ਖੜਕਾਇਆ ਤਾਂ ਅਸੀਂ ਸਮਝਿਆ ਕਿ ਸਾਡੇ ਮਗਰ ਫ਼ੌਜ ਲੱਗੀ ਹੈ। ਪਰ ਗਿਆਨੀ ਪੂਰਨ ਸਿੰਘ ਜੀ ਦੀ ਆਵਾਜ਼ ਪਛਾਣ ਕੇ ਮੈਂ ਬੂਹਾ ਖੋਲਿਆ ਤਾਂ ਸਿੰਘ ਸਾਹਿਬ ਅਤੇ ਫੌਜੀ ਅੰਦਰ ਆ ਗਏ। ਫ਼ੌਜੀ ਅਫ਼ਸਰ ਜੋ ਕਿ ਕਰਨਲ ਰੈਂਕ ਦਾ ਸੀ, ਦੀ ਜੇਬ ਦੇ ਬੈਜ਼ 'ਤੇ ਆਰ. ਕੇ. ਸ਼ਰਮਾ ਲਿਖਿਆ ਹੋਇਆ ਸੀ, ਕਹਿਣ ਲੱਗਾ, "ਸਾਹਿਬ ਸਿੰਘ ਕੌਨ ਹੈ?" ਗਿਆਨੀ ਸਾਹਿਬ ਸਿੰਘ ਜੀ ਨੇ ਕਿਹਾ, "ਮੈਂ ਹਾਂ।" ਮਿਲਟਰੀ ਵਾਲਾ ਕਹਿਣ ਲੱਗਾ, "ਚਲੋ ਮੰਦਿਰ ਮੇਂ ਸੇਵਾ ਸੰਭਾਲ ਕਰੋ।" ਗਿਆਨੀ ਸਾਹਿਬ ਸਿੰਘ ਜੀ ਤਿਆਰ ਹੋ ਕੇ ਉਨ੍ਹਾਂ ਦੇ ਨਾਲ ਚਲੇ ਗਏ। ਤਕਰੀਬਨ ਅੱਧੇ ਘੰਟੇ ਬਾਅਦ ਫਿਰ ਉਹੀ ਗਾਰਦ ਆਈ ਅਤੇ ਕਹਿਣ ਲੱਗੇ, "ਹਰਪਾਲ ਸਿੰਘ ਕੌਨ ਹੈ?" ਮੈਂ ਕਿਹਾ, "ਮੈਂ ਹਾਂ।" ਗਾਰਦ ਵਾਲੇ ਕਹਿਣ ਲੱਗੇ, "ਆਪ ਕੋ ਮੰਦਿਰ ਮੇਂ ਬੁਲਾਇਆ ਹੈ।" ਮੈਂ ਕਿਹਾ, "ਮੇਰਾ ਕੁਆਟਰ ਸਾਥ ਹੀ ਹੈ, ਮੈਂ ਕੱਪੜੇ ਪਾ ਲਵਾਂ।" ਉਹ ਮੈਨੂੰ ਨਾਲ ਲੈ

ਕੇ ਮੇਰੇ ਕੁਆਟਰ ਪਹੁੰਚੇ ਤਾਂ ਅੱਗੇ ਦਰਵਾਜ਼ੇ ਖੁੱਲ੍ਹੇ ਪਏ ਸਨ। ਸਭ ਕੁਝ ਬਿਖਰਿਆ ਪਿਆ ਸੀ। ਮਿਲਟਰੀ ਵਾਲੇ ਪਹਿਰਾ ਦੇ ਰਹੇ ਸਨ। ਕਰਨਲ ਨੇ ਉਨ੍ਹਾਂ ਨੂੰ ਪੁੱਛਿਆ, ਯੇ ਕਿਆ ਹੈ?" ਮਿਲਟਰੀ ਵਾਲੇ ਚੁੱਪ ਰਹੇ। ਕਰਨਲ ਨੇ ਫਿਰ ਪੁੱਛਿਆ, "ਕੌਨ ਸੀ ਯੂਨਿਟ ਹੈ?" ਉਨ੍ਹਾਂ ਦੱਸਿਆ, "ਲਾਈਨ ਗੜ੍ਹਵਾਲ" ਮੈਂ ਕੱਪੜੇ ਲੱਭ ਕੇ ਕੁੜਤਾ-ਪਜਾਮਾ ਪਾ ਕੇ ਉਨ੍ਹਾਂ ਦੇ ਨਾਲ ਸ੍ਰੀ ਦਰਬਾਰ ਸਾਹਿਬ ਚਲਾ ਗਿਆ। ਜਦੋਂ ਅਸੀਂ ਜਾ ਰਹੇ ਸੀ ਤਾਂ ਅੱਗੋਂ ਮੈਂ ਦੇਖਿਆ ਕਿ ਮਿਲਟਰੀ ਵਾਲੇ ੫-੭ ਨੌਜਵਾਨ ਸਿੰਘਾਂ ਨੂੰ (ਬੰਨ੍ਹ ਕੇ ਗੋਲੀਆਂ ਮਾਰ ਰਹੇ ਸਨ। ਮੈਂ ਕਰਨਲ ਨੂੰ ਕਿਹਾ, "ਇਨ੍ਹਾਂ ਨੂੰ ਮਾਰੋ ਨਾ, ਗ੍ਰਿਫਤਾਰ ਕਰ ਲਵੋ।" ਕਰਨਲ ਕਹਿਣ ਲੱਗਾ, "ਆਪ ਸੀਧੇ ਚਲੋ, ਇਧਰ-ਉਧਰ ਨਾ ਦੇਖੋ।" ਗੁਰਦੁਆਰਾ ਲਾਚੀ ਬੇਰੀ ਲਾਗੇ ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ। ਇਨ੍ਹਾਂ ਲਾਸ਼ਾਂ ਵਿਚ ਭਾਈ ਅਮਰੀਕ ਸਿੰਘ ਜੀ ਰਾਗੀ, ਭਾਈ ਬਲਵੰਤ ਸਿੰਘ ਜੀ ਰਾਗੀ ਅਤੇ ਭਾਈ ਅਵਤਾਰ ਸਿੰਘ ਜੀ ਰਾਗੀ ਦੀਆਂ ਲਾਸ਼ਾਂ ਵੀ ਮੌਜੂਦ ਸਨ। ਹੋਰਨਾਂ ਲਾਸ਼ਾਂ ਨੂੰ ਮੈਂ ਪਛਾਣ ਨਹੀਂ ਸਕਿਆ। ਕੁਝ ਲਾਸ਼ਾਂ ਸਰੋਵਰ ਵਿਚ ਹੀ ਤੈਰ ਰਹੀਆਂ ਸਨ। ਪਰਕਰਮਾ ਵਿਚ ਖ਼ੂਨ, ਕੱਚ, ਰੋੜੇ, ਇੱਟਾਂ ਆਦਿ ਪਈਆਂ ਹੋਈਆਂ ਸਨ। ਸੰਭਲ ਕੇ ਚੱਲਣਾ ਪੈਂਦਾ ਸੀ। ਫੌਜੀਆਂ ਨੇ ਤਾਂ ਬੂਟ ਪਾਏ ਹੋਏ ਸਨ। ਉਸ ਟਾਈਮ ਫੌਜ ਦੇ ਜਨਰਲ ਸੁੰਦਰਜੀ, ਜਨਰਲ ਬਰਾੜ, ਜਨਰਲ ਦਿਆਲ ਆਦਿ ਸਾਰੇ ਆਏ ਹੋਏ ਸਨ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਸਿੱਖ ਫ਼ੌਜੀਆਂ ਨੂੰ ਨਾਲ ਲੈ ਕੇ ਅੰਦਰਲਾ ਗਲੀਚਾ ਚੁਕਵਾ ਕੇ ਜੋ ਕਿ ਖ਼ੂਨ ਨਾਲ ਲਿੱਬੜਿਆ ਪਿਆ ਸੀ, ਕਿਉਂਕਿ ਅੰਦਰ ਇਕ ਸਿੰਘ ਸ਼ਹੀਦ ਹੋ ਗਿਆ ਸੀ। ਅੰਦਰਲਾ ਇਸ਼ਨਾਨ ਕਰਵਾ ਕੇ ਵਿਛਾਈ ਵਿਛਾ ਕੇ ਗੁਰਦੁਆਰਾ ਇਲਾਚੀ ਬੇਰੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਲਿਆ ਕੇ, ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ ਨੇ ਪ੍ਰਕਾਸ਼ ਕੀਤਾ। ਭਾਈ ਗੁਰਚਰਨ ਸਿੰਘ ਜੀ, ਭਾਈ ਚਰਨਜੀਤ ਸਿੰਘ ਜੀ, ਜੋੜੀਵਾਲ ਸੂਰਮਾ ਸਿੰਘ ਅਤੇ ਹੋਰ ਸਿੰਘ ਜੋ ਕਿ ਭਿੰਡਰਾਂ ਵਾਲੇ ਸੰਤਾਂ ਦਾ ਸਿੰਘ ਸੀ, ਨੇ ਕੀਰਤਨ ਸ਼ੁਰੂ ਕੀਤਾ। ਤਕਰੀਬਨ ੧੦:੦੦ ਵਜੇ ਦਾ ਟਾਈਮ ਸੀ। ਜਦੋਂ ਮੈਂ ਸ੍ਰੀ ਦਰਬਾਰ ਸਾਹਿਬ ਵਿਖੇ ਸੀ, ਤਾਂ ਪਿੱਛੋਂ ਮਿਲਟਰੀ ਵਾਲਿਆਂ ਨੇ ਮੇਰੇ ਕੁਆਟਰ ਨੂੰ ਅੱਗ ਲਗਾ ਦਿੱਤੀ। ਲੱਕੜ ਦੀ ਛੱਤ ਹੋਣ ਕਰਕੇ ਅੱਗ ਦੇ ਭਾਂਬੜ ਮੱਚ ਰਹੇ ਸਨ। ਸ੍ਰੀ ਦਰਬਾਰ ਸਾਹਿਬ ਤੋਂ ਮੈਂ ਵੇਖ ਰਿਹਾ, ਮਨ ਹੀ ਮਨ ਸੋਚ ਰਿਹਾ ਸੀ ਕਿ ਕਿਸੇ ਦੇ ਘਰ ਨੂੰ ਅੱਗ ਲਗਾ ਦਿੱਤੀ ਹੈ। ਮੈਂ ਦੋ ਮਿਲਟਰੀ ਵਾਲਿਆਂ ਨੂੰ ਆਪਣੇ ਨਾਲ ਲੈ ਕੇ ਆਪਣੇ ਘਰ ਪਹੁੰਚਿਆ ਤਾਂ ਪਤਾ ਲੱਗਾ ਕਿ ਮੇਰਾ ਘਰ ਹੀ ਸੜ ਰਿਹਾ ਹੈ। ਕਾਫ਼ੀ ਨੁਕਸਾਨ ਹੋਇਆ ਸੀ। ਘਰ ਵਿਚ ਮੌਜੂਦ ਕੁਝ ਗਹਿਣਾ ਅਤੇ ਕੁਝ ਮਾਇਆ ਮਿਲਟਰੀ ਵਾਲਿਆਂ ਨੇ ਲੁੱਟ ਲਈ ਸੀ ਅਤੇ ਫਿਰ ਅੱਗ ਲਗਾ ਦਿੱਤੀ ਸੀ।

*ਹੱਡੀਂ-ਹੰਢਾਈ ਦਾਸਤਾਨ:*

# ਜੂਨ ੧੯੮੪ ਈ. ਦੌਰਾਨ ਭਾਰਤੀ ਫ਼ੌਜ ਦਾ ਕਹਿਰ

*-ਸ. ਜਸਵੰਤ ਸਿੰਘ ਈਸੇਵਾਲ**

ਜਦ ਸ. ਨਛੱਤਰ ਸਿੰਘ ਜੀ ਦੀ ਮਾਤਾ ਆਪਣੇ ਬੇਟੇ ਨੂੰ ਤੜਫਦਾ ਵੇਖ ਕੇ ਸਹਾਰ ਨਾ ਸਕੀ ਅਤੇ ਉਸ ਨੂੰ ਪਾਣੀ ਪਿਆਉਣ ਲੱਗੀ ਤਾਂ ਫ਼ੌਜੀ ਨੇ ਉਨ੍ਹਾਂ ਨੂੰ ਪੂਰੀ ਸਰੀਰਕ ਤਾਕਤ ਨਾਲ ਬੱਟ ਮਾਰਿਆ ਤੇ ਪਾਣੀ ਪਿਆਉਣ ਤੋਂ ਮਨ੍ਹਾ ਕਰ ਦਿੱਤਾ।...

ਇਕ ਛੋਟਾ ਜਿਹਾ ਬੱਚਾ, ਜਿਸ ਦੀ ਮਾਂ ਬੰਬ ਧਮਾਕੇ ਵਿਚ ਮਰ ਚੁੱਕੀ ਸੀ, ਉਹ ਬੱਚਾ 'ਮੰਮੀ-ਮੰਮੀ' ਪੁਕਾਰਦਾ ਹੋਇਆ ਉੱਚੀ-ਉੱਚੀ ਰੋ ਰਿਹਾ ਸੀ। ਇਕ ਫ਼ੌਜੀ ਨੇ ਉਸ ਬੱਚੇ ਨੂੰ ਚੁੱਕ ਕੇ ਉਸ ਦੀ ਮਾਂ ਉੱਪਰ ਸੁੱਟ ਕੇ ਉੱਪਰੋਂ ਗੋਲੀਆਂ ਵਰ੍ਹਾ ਕੇ ਉਸ ਨੂੰ ਸਦਾ ਲਈ ਵਿਰਲਾਪ ਕਰਨੋਂ ਬੰਦ ਕਰ ਦਿੱਤਾ।...

ਮੈਂ ਸੰਨ ੧੯੬੬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੇਵਾਦਾਰ ਵਜੋਂ ਕੰਮ ਕਰਦਾ ਆ ਰਿਹਾ ਸਾਂ। ਘੱਲੂਘਾਰਾ ਜੂਨ ੧੯੮੪ ਈ. ਦੌਰਾਨ ੧ ਜੂਨ ਤੋਂ ੬ ਜੂਨ ਤਕ ਮੈਂ ਛੇ ਦਿਨ ਦਫਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਸੇਵਾ ਨਿਭਾਉਂਦਾ ਰਿਹਾ। ਇਸ ਸਾਕੇ ਨੂੰ ਮੈਂ ਨੇੜਿਓਂ ਹੋ ਕੇ ਤੱਕਿਆ ਅਤੇ ਆਪਣੀਆਂ ਯਾਦਾਂ 'ਚੋਂ ੬ ਜੂਨ ਦੀਆਂ ਘਟਨਾਵਾਂ ਨੂੰ ਇੱਥੇ ਪੇਸ਼ ਕਰਨ ਦਾ ਨਿਮਾਣਾ ਜਿਹਾ ਜਤਨ ਕੀਤਾ ਹੈ। ਸਿੱਖ ਕੌਮ ਲਈ ਇਹ ਉਹ ਸਮਾਂ ਹੈ ਜੋ ਨਾ ਕਦੇ ਭੁੱਲਿਆ ਹੈ ਤੇ ਨਾ ਹੀ ਕਦੇ ਭੁੱਲਣਾ ਹੈ।

੫ ਜੂਨ ਤੇ ੬ ਜੂਨ, ੧੯੮੪ ਈ. ਦੀ ਦਰਮਿਆਨੀ ਰਾਤ ਨੂੰ ਮੈਂ ਅਤੇ ਹੋਰ ਬਹੁਤ ਸਾਰੇ ਸੱਜਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਦੇ ਦਫ਼ਤਰ ਵਿਚ ਮੌਜੂਦ ਸੀ। ਜਦ ਕਿਸੇ ਨੂੰ ਪਿਆਸ ਲੱਗਦੀ ਤਾਂ ਮੈਂ ਹਰ ਕਿਸੇ ਨੂੰ ਗਿਲਾਸ ਧੋ ਕੇ ਜਲ ਛਕਾਉਂਦਾ ਰਿਹਾ। ਸਾਡੇ ਕੋਲ ਪਾਣੀ ਬਹੁਤ ਥੋੜ੍ਹਾ ਰਹਿ ਗਿਆ ਸੀ। ਸ. ਬਲਵੰਤ ਸਿੰਘ ਰਾਮੂਵਾਲੀਆ ਮੈਨੂੰ ਕਹਿਣ ਲੱਗੇ, "ਭਾਈ ਜਸਵੰਤ ਸਿੰਘ ਜੀ! ਆਪਣੇ ਕੋਲ ਪਾਣੀ ਬਹੁਤ ਥੋੜ੍ਹਾ ਹੈ। ਤੁਸੀਂ ਗਿਲਾਸ ਧੋਵੋ ਨਾ, ਇਸੇ ਤਰ੍ਹਾਂ ਹੀ ਸਾਰਿਆਂ ਨੂੰ ਲੋੜ ਪੈਣ 'ਤੇ ਘੁੱਟ-ਘੁੱਟ ਪਾਣੀ ਦੇਈ ਜਾਵੋ ਕਿਉਂਕਿ ਹੁਣ ਆਪਣਾ ਸਾਰਿਆਂ ਦਾ ਜਨਮ-ਮਰਨ ਇਕੱਠਾ ਹੋ ਚੁੱਕਿਆ ਹੈ।"

੬ ਜੂਨ, ੧੯੮੪ ਈ. ਨੂੰ ਸਵੇਰੇ ਤਕਰੀਬਨ ਸਾਢੇ ਚਾਰ (੪:੩੦) ਵਜੇ ਪ੍ਰਧਾਨ ਸਾਹਿਬ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੇ ਸੰਤ ਹਰਚੰਦ ਸਿੰਘ ਜੀ ਬਾਹਰ

** #੨੬੦, ਗਲੀ ਨੰ.੫, ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ। ਮੋ. ੮੧੯੬੦-੭੧੦੭੮*

ਨਿਕਲੇ। ਸਾਨੂੰ ਪ੍ਰਧਾਨ ਸਾਹਿਬ ਦੇ ਬੋਲਣ ਦੀ ਆਵਾਜ਼ ਸੁਣਾਈ ਦਿੱਤੀ।

ਸ. ਅਬਿਨਾਸ਼ੀ ਸਿੰਘ ਜੀ ਨੇ ਸਾਰਿਆਂ ਨੂੰ ਆਖਿਆ, "ਇਸ ਤਰ੍ਹਾਂ ਲੱਗ ਰਿਹਾ ਹੈ ਕਿ ਜਿਸ ਤਰ੍ਹਾਂ ਪ੍ਰਧਾਨ ਸਾਹਿਬ ਤੇ ਸੰਤ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਹੁਣ ਆਪਾਂ ਵੀ ਬਾਹਰ ਨਿਕਲੀਏ!" ਜਦ ਅਸੀਂ ਸਾਰੇ ਬਾਹਰ ਨਿਕਲੇ ਤਾਂ ਮੈਂ ਦੇਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰ ਇਮਾਰਤ ਨੂੰ ਅੱਗ ਦੀਆਂ ਲਪਟਾਂ ਨੇ ਆਪਣੇ ਕਲਾਵੇ ਵਿਚ ਘੇਰਿਆ ਹੋਇਆ ਸੀ। ਅੱਗੇ ਮਿਲਟਰੀ ਵਾਲੇ ਚੈਕਿੰਗ ਕਰ ਕੇ ਕਿਰਪਾਨਾਂ ਲਾਹ ਕੇ ਨਾਲੀਆਂ (ਖਲੋਤੇ ਪਾਣੀ) ਵਿਚ ਸੁੱਟੀ ਜਾ ਰਹੇ ਸਨ। ਉਹ ਕਹਿ ਰਹੇ ਸਨ ਕਿ ਤੁਸੀਂ ਲਾਈਨ ਵਿਚ ਚੱਲੋ! ਸਾਨੂੰ 'ਗੁਰੂ ਰਾਮਦਾਸ ਸਰਾਂ' ਦੇ ਇਕ ਵਰਾਂਡੇ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਗਿਆ। ਇਕ ਕਮਰੇ ਦੇ ਬਾਹਰ ਮਿੰਨੀ ਤੋਪ ਅਤੇ ਕਾਫੀ ਫੌਜੀ ਆਪੋ-ਆਪਣੀਆਂ ਪੁਜ਼ੀਸ਼ਨਾਂ ਲੈ ਕੇ ਖੜ੍ਹੇ ਸਨ। ਸਾਨੂੰ ਪਤਾ ਲੱਗਾ ਕਿ ਸੰਤ ਜੀ ਤੇ ਪ੍ਰਧਾਨ ਸਾਹਿਬ ਜੀ ਨੂੰ ਇਸ ਕਮਰੇ ਵਿਚ ਹੀ ਡੱਕਿਆ ਹੋਇਆ ਹੈ। ਜਿਸ ਕਮਰੇ ਵਿਚ ਯਾਤਰਾ ਬ੍ਰਾਂਚ ਹੈ ਉਸ ਕਮਰੇ ਵਿੱਚੋਂ ਖ਼ੂਨ ਬਾਹਰ ਆ ਰਿਹਾ ਸੀ।

ਇਸ ਸਮੇਂ ਵਾਪਰੀ ਇਕ ਘਟਨਾ ਕੈਂਪ ਵਿਚ ਜਾਣ ਤੋਂ ਬਾਅਦ ਸ. ਦਰਸ਼ਨ ਸਿੰਘ ਈਸਾਪੁਰ ਨੇ ਮੈਨੂੰ ਦੱਸੀ ਕਿ ਜਦ ਪ੍ਰਧਾਨ ਸਾਹਿਬ ਨੂੰ ਸਰਾਂ ਸ੍ਰੀ ਗੁਰੂ ਰਾਮਦਾਸ ਵਿਖੇ ਲੈ ਕੇ ਗਏ ਤਾਂ ਉੱਥੇ ਮੌਜੂਦ ਇਕ ਫ਼ੌਜੀ ਜਵਾਨ ਸਿਗਰਟ ਪੀ ਰਿਹਾ ਸੀ ਤਾਂ ਪ੍ਰਧਾਨ ਸਾਹਿਬ ਨੇ ਉਸ ਨੂੰ ਕਿਹਾ ਕਿ ਨੋ ਸਮੋਕਿੰਗ (ਸਿਗਰਟ ਪੀਣਾ ਮਨ੍ਹਾ ਹੈ)! ਉਸ ਫ਼ੌਜੀ ਨੇ ਅਣਸੁਣੀ ਕਰਦਿਆਂ ਕਿਹਾ, "ਯੇ ਬੂੜਾ ਕਿਆ ਬੋਲ ਰਹਾ ਹੈ ?" ਸ. ਦਰਸ਼ਨ ਸਿੰਘ ਈਸਾਪੁਰ ਜੀ ਉਸ ਫ਼ੌਜੀ ਨੂੰ ਸਮਝਾ ਰਹੇ ਸਨ ਪਰ ਫੌਜੀ ਉਨ੍ਹਾਂ ਨਾਲ ਬਹਿਸ ਰਿਹਾ ਸੀ। ਬਾਹਰੋਂ ਇਕ ਸਰਦਾਰ ਕਰਨਲ ਆ ਗਏ, ਨੇ ਸਥਿਤੀ ਨੂੰ ਭਾਂਪਦਿਆਂ ਉਸ ਫੌਜੀ ਨੂੰ ਸਿਗਰਟ ਪੀਣ ਤੋਂ ਮਨ੍ਹਾ ਕਰ ਦਿੱਤਾ।

ਕੁਝ ਸੱਜਣ ਜਿਨ੍ਹਾਂ ਵਿਚ ਸ. ਭਾਨ ਸਿੰਘ ਜੀ (ਸਕੱਤਰ, ਸ. ਅਬਨਾਸ਼ੀ ਸਿੰਘ ਜੀ (ਪੀ. ਏ.), ਸ. ਦਿਆਲ ਸਿੰਘ ਜੀ (ਐਡੀ. ਮੈਨੇਜਰ), ਸ. ਰਾਜ ਸਿੰਘ ਜੀ (ਮੀਤ ਮੈਨੇਜਰ) ਗੁਰਦਰਸ਼ਨ ਸਿੰਘ ਜੀ (ਸੁਪਰਵਾਈਜ਼ਰ, ਸ੍ਰੀ ਦਰਬਾਰ ਸਾਹਿਬ) ਅਤੇ ਸ. ਗੁਰਨਾਮ ਸਿੰਘ (ਸੇਵਾਦਾਰ, ਸ਼੍ਰੋਮਣੀ ਕਮੇਟੀ ਸਾਡੇ ਤੋਂ ਪਹਿਲਾਂ ਹੀ ਸਰਾਂ ਦੇ ਵਿਹੜੇ ਵਿਚ ਲਿਜਾ ਕੇ ਬਿਠਾਏ ਸਨ ਅਤੇ ਇਨ੍ਹਾਂ ਤੋਂ ਪਹਿਲਾਂ ਹੀ ਸ. ਨਛੱਤਰ ਸਿੰਘ 'ਭਲਵਾਨ' ਅਤੇ ਸ. ਬੱਗਾ ਸਿੰਘ ਮੈਂਬਰ, ਸ਼੍ਰੋਮਣੀ ਕਮੇਟੀ) ਅਤੇ ਸ. ਗੁਰਚਰਨ ਸਿੰਘ ਜੀ, ਸਕੱਤਰ, ਸ਼੍ਰੋਮਣੀ ਅਕਾਲੀ ਦਲ ਸਰਾਂ ਵਿਚ ਬਿਠਾਏ ਹੋਏ ਸਨ। ਧਰਮ ਯੁੱਧ ਮੋਰਚੇ ਵਿਚ ਗ੍ਰਿਫਤਾਰੀ ਦੇਣ ਆਈ ਸੰਗਤ ਤੇ ਹੋਰ ਯਾਤਰੂ ਸਾਡੇ ਤੋਂ ਪਹਿਲਾਂ ਬਿਠਾਏ ਹੋਏ ਸਨ। ਇਨ੍ਹਾਂ ਉਪਰ ਸਰਾਂ ਦੀ ਉਪਰਲੀ ਮੰਜ਼ਲ ਤੋਂ ਗ੍ਰਨੇਡ ਸੁੱਟਿਆ ਗਿਆ ਜਿਸ ਕਾਰਨ ਤਰਥੱਲੀ ਮੱਚ ਗਈ ਅਤੇ ਚੀਕ-ਚਿਹਾੜਾ ਪੈ ਗਿਆ। ਕਿਸੇ ਨੂੰ ਕੁਝ ਨਹੀਂ ਪਤਾ ਲੱਗਾ ਕਿ ਕਿਸ ਪਾਸੇ

ਜਾਇਆ ਜਾਵੇ! ਉਠਣ 'ਤੇ ਫ਼ੌਜ ਵੱਲੋਂ ਫਾਈਰਿੰਗ ਕੀਤੀ ਗਈ। ਇਨ੍ਹਾਂ ਵਿੱਚੋਂ ਸ. ਦਿਆਲ ਸਿੰਘ ਜੀ, ਸ. ਰਾਜ ਸਿੰਘ ਜੀ, ਸ. ਗੁਰਦਰਸ਼ਨ ਸਿੰਘ, ਭਾਈ ਮਲਕੀਤ ਸਿੰਘ ਜੀ ਮਨਾਵਾਂ, ਸ. ਮਲਕੀਤ ਸਿੰਘ (ਸੇਵਾਦਾਰ, ਸ਼੍ਰੋਮਣੀ ਕਮੇਟੀ) ਅਤੇ ਹੋਰ ਬਹੁਤ ਸਾਰੇ ਲੋਕ ਵੀ ਫੱਟੜ ਹੋ ਚੁੱਕੇ ਸਨ। ਇਨ੍ਹਾਂ ਵਿੱਚੋਂ ਕਈ ਗੰਭੀਰ ਫੱਟੜ ਵੀ ਹੋ ਗਏ ਸਨ।

ਸ. ਨਛੱਤਰ ਸਿੰਘ ਜੀ ਭਲਵਾਨ, ਸ. ਬੱਗਾ ਸਿੰਘ ਜੀ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਗੁਰਚਰਨ ਸਿੰਘ ਜੀ, ਸਕੱਤਰ (ਸ਼੍ਰੋਮਣੀ ਅਕਾਲੀ ਦਲ) ਅਤੇ ਹੋਰ ਬਹੁਤ ਸਾਰੇ ਲੋਕ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਅਲਵਿਦਾ ਕਹਿ ਗਏ। ਜਦ ਸ. ਨਛੱਤਰ ਸਿੰਘ ਜੀ ਦੀ ਮਾਤਾ ਆਪਣੇ ਬੇਟੇ ਨੂੰ ਤੜਫਦਾ ਵੇਖ ਕੇ ਸਹਾਰ ਨਾ ਸਕੀ ਅਤੇ ਉਸ ਨੂੰ ਪਾਣੀ ਪਿਆਉਣ ਲੱਗੀ ਤਾਂ ਫ਼ੌਜੀ ਨੇ ਉਨ੍ਹਾਂ ਨੂੰ ਪੂਰੀ ਸਰੀਰਕ ਤਾਕਤ ਨਾਲ ਬੱਟ ਮਾਰਿਆ ਤੇ ਪਾਣੀ ਪਿਆਉਣ ਤੋਂ ਮਨ੍ਹਾ ਕਰ ਦਿੱਤਾ। ਕੁਝ ਸਾਥੀ ਜ਼ਖ਼ਮਾਂ ਅਤੇ ਪਿਆਸ ਕਾਰਨ ਸ਼ਹੀਦ ਹੋ ਗਏ। ਭਾਈ ਮਲਕੀਤ ਸਿੰਘ ਜੋ ਕਿ ਗੰਭੀਰ ਜ਼ਖ਼ਮੀ ਸੀ, ਨੇ ਮੇਰੇ ਕੋਲੋਂ ਪਾਣੀ ਦੀ ਮੰਗ ਕੀਤੀ। ਜਦ ਮੈਂ ਉਸ ਨੂੰ ਪਾਣੀ ਪਿਲਾਉਣ ਦਾ ਯਤਨ ਕੀਤਾ ਹੀ ਸੀ ਕਿ ਫ਼ੌਜੀਆਂ ਨੇ ਮੇਰੇ ਅਤੇ ਜ਼ਖ਼ਮੀ ਮਲਕੀਤ ਸਿੰਘ ਉੱਪਰ ਬੱਟਾਂ ਦਾ ਮੀਂਹ ਵਰ੍ਹਾ ਦਿੱਤਾ, ਹਾਲਾਂ ਕਿ ਉਹ ਪਾਣੀ ਸਾਫ਼ ਨਹੀਂ ਸੀ ਤੇ ਉਸ ਵਿਚ ਮਲ-ਮੂਤਰ ਤੇ ਖ਼ੂਨ ਮਿਲਿਆ ਹੋਇਆ ਸੀ। ਫ਼ੌਜੀ ਨਲਕੇ ਨੂੰ ਹੱਥ ਵੀ ਨਹੀਂ ਸਨ ਲਗਾਉਣ ਦਿੰਦੇ। ਇੱਥੋਂ ਤਕ ਕਿ ਫ਼ੌਜੀ ਬੁੱਕਾਂ ਨਾਲ ਵੀ ਪਾਣੀ ਨਹੀਂ ਸੀ ਪੀਣ ਦਿੰਦੇ।

ਇਕ ਛੋਟਾ ਜਿਹਾ ਬੱਚਾ, ਜਿਸ ਦੀ ਮਾਂ ਬੰਬ ਧਮਾਕੇ ਵਿਚ ਮਰ ਚੁੱਕੀ ਸੀ, ਉਹ ਬੱਚਾ 'ਮੰਮੀ-ਮੰਮੀ' ਪੁਕਾਰਦਾ ਹੋਇਆ ਉੱਚੀ-ਉੱਚੀ ਰੋ ਰਿਹਾ ਸੀ। ਇਕ ਫ਼ੌਜੀ ਨੇ ਉਸ ਬੱਚੇ ਨੂੰ ਚੁੱਕ ਕੇ ਉਸ ਦੀ ਮਾਂ ਉੱਪਰ ਸੁੱਟ ਕੇ ਉੱਪਰੋਂ ਗੋਲੀਆਂ ਵਰ੍ਹਾ ਕੇ ਉਸ ਨੂੰ ਸਦਾ ਲਈ ਵਿਰਲਾਪ ਕਰਨੋਂ ਬੰਦ ਕਰ ਦਿੱਤਾ, ਜਿਸ ਨੂੰ ਦੇਖ ਕੇ ਮੇਰਾ ਮਨ ਅੰਦਰੋਂ ਬਹੁਤ ਤੜਫਿਆ, ਪਰ ਮੈਂ ਹੋ ਰਹੇ ਅੱਤਿਆਚਾਰਾਂ ਨੂੰ ਅੱਖੀਂ ਦੇਖ ਕੇ ਵੀ ਕੁਝ ਨਹੀਂ ਸੀ ਕਰ ਸਕਦਾ। ਉਪਰੋਕਤ ਸੁੱਟੇ ਗਏ ਗ੍ਰਨੇਡ ਬਾਰੇ ਬਹੁਤ ਸਾਰੇ ਅੰਦਾਜ਼ੇ ਲਗਾਏ ਜਾ ਰਹੇ ਸਨ। ਸਾਨੂੰ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ ਕਿਉਂਕਿ ਸਾਨੂੰ ਪਹਿਰਾ ਦੇ ਰਹੇ ਫ਼ੌਜੀਆਂ ਵੱਲੋਂ ਸਖ਼ਤ ਹਦਾਇਤ ਸੀ ਕਿ ਆਸੇ-ਪਾਸੇ ਘੁੰਮ ਕੇ ਨਹੀਂ ਦੇਖਣਾ! ਫ਼ੌਜੀ ਕਹਿੰਦੇ ਸਨ ਕਿ ਇਹ ਗ੍ਰਨੇਡ ਅੱਤਵਾਦੀਆਂ ਵੱਲੋਂ ਸੁੱਟਿਆ ਗਿਆ ਹੈ। ਇਸ ਤੋਂ ਬਾਅਦ ਮੈਨੂੰ ਤੇ ਹੋਰ ਸੱਜਣਾਂ ਨੂੰ ਜਿੱਥੇ-ਜਿੱਥੇ ਵੀ ਓਹ ਮੌਜੂਦ ਸਨ, ਉੱਥੇ-ਉੱਥੇ ਹੀ ਬੰਦ ਕਰ ਦਿੱਤਾ ਗਿਆ ਅਤੇ ਕੁਝ ਕੁ ਸੱਜਣਾਂ ਨੂੰ ਗੁਰੂ ਰਾਮਦਾਸ ਨਿਵਾਸ ਦੇ ਕਮਰਿਆਂ ਤੇ ਬਰਾਂਡਿਆਂ ਵਿਚ ਬਿਠਾ ਕੇ ਸਖ਼ਤ ਪਹਿਰਾ ਲਗਾ ਦਿੱਤਾ ਗਿਆ। ਅਸੀਂ ਜੋ ਜ਼ਿੰਦਾ ਬਚ ਗਏ ਸੀ, ਤੜਫਦੇ ਜ਼ਖ਼ਮੀਆਂ ਅਤੇ ਖਿੱਲਰੀਆਂ ਮਨੁੱਖੀ ਲਾਸ਼ਾਂ 'ਚ ਹੀ ਬੈਠੇ ਸਾਂ। ਭਾਰਤੀ ਫ਼ੌਜੀ ਬੇਦਰਦ ਅਤੇ ਜਲਮਾਨਾ ਢੰਗ ਨਾਲ ਬੇਗੁਨਾਹ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡ ਰਹੇ ਸਨ। ੬ ਜੂਨ ਦੀ ਦਰਮਿਆਨੀ ਰਾਤ ਤੋਂ ਅਗਲੇ ਦਿਨ ਦੇ ਦੁਪਹਿਰ ਤਕ ਸਾਨੂੰ ਪਾਣੀ ਪੀਣਾ ਵੀ ਨਸੀਬ ਨਾ ਹੋਇਆ। ਬਾਅਦ ਦੁਪਹਿਰ ਤਕਰੀਬਨ ਢਾਈ (੨:੩੦) ਵਜੇ ਰੈੱਡ

ਕਰਾਸ (ਹੈਲਥ) ਵਾਲੇ ਇਕ ਪਾਣੀ ਦਾ ਅਤੇ ਕੁਝ ਛੋਲੇ ਲੈ ਕੇ ਸਾਡੇ ਨਜ਼ਦੀਕ ਪਹੁੰਚੇ। ਉਨ੍ਹਾਂ ਦੇ ਨਾਲ ਸ. ਅਪਾਰ ਸਿੰਘ ਬਾਜਵਾ (ਡੀ. ਐਸ. ਪੀ. ਸ੍ਰੀ ਅੰਮ੍ਰਿਤਸਰ) ਮੌਜੂਦ ਸਨ। ਅਸੀਂ ਕਿਸੇ ਨੇ ਬੁੱਕ ਨਾਲ ਪਾਣੀ ਪੀਤਾ, ਕਿਸੇ ਨੇ ਕੱਪੜਾ ਗਿੱਲਾ ਕਰ ਕੇ ਮੂੰਹ ਉੱਪਰ ਫੇਰ ਕੇ ਗੁਜ਼ਾਰਾ ਕੀਤਾ ਅਤੇ ਕਈਆਂ ਨੇ ਆਪਣੀਆਂ ਜੁੱਤੀਆਂ ਵਿਚ ਪਾਣੀ ਪਵਾ ਕੇ ਪੀਤਾ ਤਾਂ ਕਿ ਪਾਣੀ ਥੱਲੇ ਡਿੱਗ ਕੇ ਬੇਅਰਥ ਨਾ ਚਲਿਆ ਜਾਵੇ। ਇੱਥੋਂ ਤਕ ਕਿ ਜਿੱਥੇ ਲੰਗਰ ਦੇ ਭਾਂਡੇ ਧੋਤੇ ਜਾਂਦੇ ਸਨ, ਉਸ ਹੌਜ ਵਿਚ ਕਈ ਦਿਨਾਂ ਦਾ ਬੁਸਿਆ (ਖਰਾਬ) ਪਾਣੀ ਵੀ ਲੋਕਾਂ ਨੇ ਪੀ-ਪੀ ਕੇ ਖ਼ਤਮ ਕਰ ਦਿੱਤਾ।

ਸ਼ਾਮ ਦੇ ੦੪:੦੦ ਵਜੇ ਦੇ ਕਰੀਬ ਸਾਰਿਆਂ ਨੂੰ ਗੁਰੂ ਰਾਮਦਾਸ ਨਿਵਾਸ ਦੇ ਵਰਾਂਡਿਆਂ ਵਿਚ ਇਕੱਤਰ ਕਰ ਕੇ ਤਿੰਨ-ਤਿੰਨ ਦੀ ਲਾਈਨ ਵਿਚ ਬਿਠਾ ਦਿੱਤਾ ਗਿਆ। ਇਨ੍ਹਾਂ ਵਿਚ ਸ. ਤਾਰਾ ਸਿੰਘ ਤੇ ਸ. ਭਾਨ ਸਿੰਘ ਵੀ ਮੌਜੂਦ ਸਨ। ਉਨ੍ਹਾਂ ਨੇ ਸਾਡੇ 'ਤੇ ਇਕ ਫ਼ੌਜੀ (ਸਿਪਾਹੀ) ਲਗਾ ਦਿੱਤਾ ਜਿਸ ਨੇ ਸਾਨੂੰ ਸਾਰਿਆਂ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਇਧਰ-ਉਧਰ ਕਿਸੇ ਨੇ ਨਹੀਂ ਦੇਖਣਾ! ਸਾਡੇ ਕੋਲ ਸਮਝਾਉਣ ਦਾ ਟਾਈਮ ਨਹੀਂ, ਸਾਡੇ ਕੋਲ ਤਾਂ ਇਹ ਸਰਕਾਰੀ ਗੋਲੀ ਹੈ! ਉੱਥੇ ਬੈਠਿਆਂ, ਜਿੱਥੋਂ ਤਕ ਸਾਡੀ ਨਜ਼ਰ ਪਹੁੰਚ ਸਕਦੀ ਸੀ ਅਸੀਂ ਦੇਖਿਆ ਕਿ ਲਾਸ਼ਾਂ ਨਾਲ ਭਰੇ ਕਮਰਿਆਂ ਵਿੱਚੋਂ ਖ਼ੂਨ ਵਗ ਕੇ ਸਾਡੇ ਬੈਠਿਆਂ ਦੇ ਹੇਠਾਂ ਆ ਰਿਹਾ ਸੀ। ਅਸੀਂ ਰਾਤ-ਗਿਆਰ੍ਹਾਂ ਵਜੇ ਤਕ ਇਸੇ ਤਰ੍ਹਾਂ ਲਾਈਨਾਂ ਵਿਚ ਭੁੱਖਣ-ਭਾਣੇ ਬੈਠੇ ਰਹੇ।

ਇੱਥੇ ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਪਰੋਕਤ ਬੰਬ ਕਾਂਡ ਤੋਂ ਬਾਅਦ ਮਿਲਟਰੀ ਵਾਲਿਆਂ ਨੂੰ ਗੋਲੀਆਂ ਚਲਾਉਣੀਆਂ ਔਖੀਆਂ ਲੱਗ ਰਹੀਆਂ ਸਨ। ਮਿਲਟਰੀ ਵਾਲੇ ਬਚੇ ਹੋਏ ਲੋਕਾਂ ਨੂੰ ਜਿੱਥੇ-ਜਿੱਥੇ ਵੀ ਉਹ ਕਮਰਿਆਂ ਅੰਦਰ ਸਨ, ਉਨ੍ਹਾਂ ਉੱਪਰ ਗ੍ਰਨੇਡ ਸੁੱਟ ਕੇ ਅੰਦਰ ਹੀ ਮਾਰੀ ਜਾ ਰਹੇ ਸਨ। ਲੋਕਾਂ ਦਾ ਚੀਕ-ਚਿਹਾੜਾ ਦਿਲ ਹਿਲਾ ਦੇਣ ਵਾਲਾ ਸੀ।

ਮਿਲਟਰੀ ਕੈਂਪ ਵਿਚ ਲਿਜਾਣ ਤੋਂ ਪਹਿਲਾਂ ਸਾਰਿਆਂ ਤੋਂ ਪੁੱਛ-ਗਿਛ ਕੀਤੀ ਜਾ ਰਹੀ ਸੀ। ਮੇਰੀ ਵਾਰੀ ਆਈ ਤਾਂ ਇਕ ਫ਼ੌਜੀ ਮੈਨੂੰ ਪੁੱਛਣ ਲੱਗਾ ਕਿ ਭਿੰਡਰੀ ਵਾਲਾ (ਸੰਤ ਭਿੰਡਰਾਂ ਵਾਲੇ) ਕਹਾਂ ਹੈ? ਲਾਹੌਰ (ਪਾਕਿਸਤਾਨ) ਕੋ ਸੁਰੰਗ ਕਹਾਂ ਸੇ ਜਾਤੀ ਹੈ? ਮੈਂ ਉਨ੍ਹਾਂ ਨੂੰ ਕਿਹਾ ਕਿ ਜਨਾਬ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਕ ਫ਼ੌਜੀ ਕਹਿਣ ਲੱਗਾ, "ਯੇਹ ਐਸੇ ਨਹੀਂ ਬਤਾਏਗਾ, ਇਸ ਕੋ ਆਗੇ ਲੇ ਜਾਓ!" ਜਿਸ ਜਗ੍ਹਾ 'ਤੇ ਮੈਨੂੰ ਲੈ ਕੇ ਗਏ, ਉਸ ਜਗ੍ਹਾ 'ਤੇ ਪਹਿਲਾਂ ਤਿੰਨ ਨੌਜਵਾਨ ਲੜਕੇ ਲਾਈਨ ਵਿਚ ਖੜ੍ਹੇ ਕੀਤੇ ਹੋਏ ਸਨ। ਮੈਂ ਵੀ ਉਨ੍ਹਾਂ ਦੇ ਪਿੱਛੇ ਜਾ ਕੇ ਖੜ੍ਹਾ ਹੋ ਗਿਆ ਅਤੇ ਵਾਹਿਗੁਰੂ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਮੈਨੂੰ ਇਹ ਅਹਿਸਾਸ ਹੋ ਰਿਹਾ ਸੀ ਕਿ ਹੁਣ ਇਹ ਸਾਨੂੰ ਮਾਰ ਦੇਣਗੇ ਤੇ ਮਰਨ ਤੋਂ ਪਹਿਲਾਂ ਅਕਾਲ ਪੁਰਖ ਦਾ ਨਾਮ ਲੈ ਲੈਣਾ ਚਾਹੀਦਾ ਹੈ। ਕੁਝ ਹੀ ਸਮੇਂ ਬਾਅਦ ਫ਼ੌਜੀਆਂ ਦੇ ਮਨ ਵਿਚ ਪਤਾ ਨਹੀਂ ਕੀ ਆਇਆ, ਤਾਂ ਉਨ੍ਹਾਂ ਮੈਨੂੰ

ਬਾਕੀ ਖੜ੍ਹੇ ਤਿੰਨ ਨੌਜਵਾਨਾਂ ਤੋਂ ਪਾਸੇ ਹੋ ਜਾਣ ਲਈ ਕਿਹਾ। ਇਸ ਤੋਂ ਬਾਅਦ ਫ਼ੌਜ ਦਾ ਇਕ ਕਰਨਲ ਅਤੇ ਬਲਵੰਤ ਸਿੰਘ ਰਾਮੂਵਾਲੀਆ ਮੇਰੇ ਪਾਸ ਆਏ। ਉਹ ਮੈਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਾਲੇ ਪਾਸੇ ਲੈ ਗਏ।

ਮੈਂ ਇੱਥੇ ਆਪ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਭਾਰਤੀ ਫੌਜ ਅਤੇ ਸਰਕਾਰ ਨੇ ਕਾਰਗਿਲ ਦੀ ਲੜਾਈ ਸਮੇਂ ਸਾਡੇ ਦੁਸ਼ਮਣ ਦੇਸ਼ (ਪਾਕਿਸਤਾਨ) ਦੇ ਫ਼ੌਜੀ ਜੋ ਕਿ ਭਾਰਤੀ ਇਲਾਕੇ ਅੰਦਰ ਘੁਸਪੈਠ ਕਰ ਗਏ ਸਨ, ਉਨ੍ਹਾਂ ਨੂੰ ੧੩ ਜੁਲਾਈ, ੧੯੯੯ ਤੋਂ ੧੬ ਜੁਲਾਈ, ੧੯੯੯ ਈ. ਤਕ ਚਾਰ-ਦਿਨ ਦਾ ਸਮਾਂ ਅਸਲੇ ਸਮੇਤ ਇਲਾਕਾ ਖਾਲੀ ਕਰਨ ਲਈ ਸੁਰੱਖਿਅਤ ਰਸਤਾ ਦਿੱਤਾ। ਪਰ ਆਪਣੇ ਹੀ ਦੇਸ਼ ਅੰਦਰ, ਆਪਣੇ ਹੀ ਦੇਸ਼ ਦੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਕੰਪਲੈੱਕਸ ਅੰਦਰ ਘਿਰੀ ਸੰਗਤ (ਆਮ ਜਨਤਾ) ਨੂੰ ੪ ਜੂਨ, ੧੯੮੪ ਤੋਂ ੬ ਜੂਨ, ੧੯੮੪ ਈ. ਤਕ ਪੰਜ ਮਿੰਟ ਦਾ ਸਮਾਂ ਵੀ ਬਾਹਰ ਸੁਰੱਖਿਅਤ ਬਚ ਨਿਕਲਣ ਲਈ ਨਹੀਂ ਦਿੱਤਾ ਫ਼ੌਜ ਅਨਾਊਂਸ ਤਾਂ ਕਰਦੀ ਸੀ ਕਿ ਕਰਫਿਊ ਵਿਚ ਢਿੱਲ ਦੇ ਦਿੱਤੀ ਗਈ ਹੈ ਪਰ ਜੋ ਯਾਤਰੂ ਬਾਹਰ ਨਿਕਲਦੇ, ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਜਾਂਦਾ ਸੀ ਜੇਕਰ ਕੋਈ ਬਚ ਜਾਂਦਾ ਤਾਂ ਉਸ ਦੇ ਹੱਥ-ਪੈਰ ਅਤੇ ਅੱਖਾਂ ਬੰਨ ਕੇ ਫ਼ੌਜੀ ਕੈਂਪ ਵਿਚ ਭੇਜ ਦਿੱਤਾ ਜਾਂਦਾ ਸੀ।

੬ ਜੂਨ, ੧੯੮੪ ਈ. ਦੀ ਦੁਪਹਿਰ ਦੇ ੦੨:੦੦ ਵਜੇ ਦੇ ਕਰੀਬ ਇਕ ਫ਼ੌਜੀ ਟੁੱਕੜੀ, ਜਿਸ ਵਿਚ ਤਿੰਨ ਪੰਜਾਬੀ ਸਨ, ਉਨ੍ਹਾਂ ਨੇ ਸੰਤ ਜੀ (ਸੰਤ ਹਰਚੰਦ ਸਿੰਘ ਲੌਂਗੋਵਾਲ) ਅਤੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੂੰ ਕਿਹਾ ਕਿ ਅਸੀਂ ਤੁਹਾਨੂੰ ਲੈਣ ਲਈ ਆਏ ਹਾਂ।

੬ ਜੂਨ, ੧੯੮੪ ਦੀ ਰਾਤ ਦੇ ਗਿਆਰ੍ਹਾਂ ਵਜੇ ਦੇ ਕਰੀਬ ਸਾਨੂੰ ਮਿਲਟਰੀ ਕੈਂਪ ਲਿਜਾਇਆ ਗਿਆ ਅਤੇ ਜਦ ਮੈਂ ਸ. ਭਾਨ ਸਿੰਘ (ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਕੈਂਪ ਵਿਚ ਪਹੁੰਚੇ ਤਾਂ ਉੱਥੇ ਪ੍ਰਧਾਨ ਸਾਹਿਬ, ਸੰਤ ਜੀ ਅਤੇ ਹੋਰ ਸੱਜਣ ਮੌਜੂਦ ਸਨ। ਉਨ੍ਹਾਂ ਨੂੰ ਸ਼ਾਮੀਂ ੦੪:੦੦ ਵਜੇ ਲਿਜਾਇਆ ਗਿਆ ਸੀ। ਸਾਨੂੰ ਤਾਂ ਇਹ ਖ਼ਦਸ਼ਾ ਸੀ ਕਿ ਉਨ੍ਹਾਂ ਨੂੰ ਮਾਰਨ ਲਈ ਲੈ ਗਏ ਹਨ ਅਤੇ ਜਦ ਸਾਨੂੰ ਕੈਂਪ ਵਿਚ ਲਿਜਾਣ ਲੱਗੇ ਸੀ ਤਾਂ ਅਸੀਂ ਵੀ ਇਹੋ ਸਮਝਿਆ ਕਿ ਹੁਣ ਸਾਡੀ ਵਾਰੀ ਆ ਗਈ ਹੈ। ਉਨ੍ਹਾਂ ਨੂੰ ਵੇਖ ਕੇ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਸਮਝਿਆ ਕਿ ਅਸੀਂ ਕਿਸੇ ਸੁਰੱਖਿਅਤ ਥਾਂ ’ਤੇ ਪਹੁੰਚ ਗਏ ਹਾਂ। ਸਾਡੇ ਪਹੁੰਚਣ ਤੋਂ ਥੋੜ੍ਹੇ ਸਮੇਂ ਬਾਅਦ ਹੀ ਗੋਲੀਆਂ ਚੱਲਣ ਦੀ ਅਵਾਜ਼ ਸੁਣਾਈ ਦਿੱਤੀ। ਅਸੀਂ ਸਾਰੇ ਹੀ “ਵਾਹਿਗੁਰੂ-ਵਾਹਿਗੁਰੂ” ਕਰਨ ਲੱਗ ਪਏ, ਕਿਉਂਕਿ ਅਸੀਂ ਸਾਰੇ ਇਹੋ ਸੋਚ ਰਹੇ ਸੀ ਕਿ ਕੰਪਲੈਕਸ ਅੰਦਰੋਂ ਤਾਂ ਬਚ ਗਏ ਪਰ ਹੁਣ ਨਹੀਂ ਬਚਦੇ! ਦੂਜੇ ਦਿਨ ੭ ਜੂਨ ਸਵੇਰੇ ਪਤਾ ਲੱਗਾ ਕਿ ਦੋ ਨੌਜਵਾਨ ਕੰਧ ਟੱਪ ਰਹੇ ਸਨ, ਉਨ੍ਹਾਂ ਗੋਲੀਆਂ ਨਾਲ ਮਾਰ ਦਿੱਤਾ ਗਿਆ ਹੈ। ■

# ਗੁਰਬਾਣੀ ਕਥਾ: ਇਕ ਅਧਿਐਨ

*-ਡਾ. ਤੇਜਿੰਦਰ ਪਾਲ ਸਿੰਘ**

ਧਰਮ, ਆਦਿ ਕਾਲ ਤੋਂ ਹੀ ਮਨੁੱਖਾ ਜੀਵਨ ਦਾ ਅਨਿੱਖੜ ਅੰਗ ਰਿਹਾ ਹੈ। ਕਿਸੇ ਵੀ ਧਰਮ ਦੀ ਸਥਾਪਨਾ ਦਾ ਆਧਾਰ ਉਸ ਧਰਮ ਦੇ ਸੰਸਥਾਪਕ ਦਾ ਰੱਬੀ ਅਨੁਭਵ ਜਾਂ ਦੈਵੀ ਗਿਆਨ ਹੈ। ਇਸ ਅਨੁਭਵ ਨੂੰ ਵੱਖ-ਵੱਖ ਧਾਰਮਿਕ ਪਰੰਪਰਾਵਾਂ ਦੇ ਪ੍ਰਸੰਗ ਵਿਚ ਰੈਵੀਲੇਸ਼ਨ (Revelation), ਇਲਹਾਮ, ਸ਼ਰੁਤੀ-ਗਿਆਨ, ਬੋਧ, ਕੈਵਲਯ ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ। ਇਹ ਗੁਹਝ ਗਿਆਨ ਪਰਮਾਤਮਾ ਆਪਣੇ ਸੇਵਕ/ਭਗਤ ਨੂੰ ਜਾਂ ਆਪ ਹੀ ਗੁਰੂ ਰੂਪ ਵਿਚ ਪ੍ਰਗਟ ਹੋ ਕੇ ਰਾਹੋਂ ਖੁੰਝੀ ਮਨੁੱਖਤਾ ਦੀ ਅਗਵਾਈ ਲਈ ਪ੍ਰਗਟ ਕਰਦਾ ਹੈ। ਇਸ ਗਿਆਨ ਦਾ ਕੋਈ ਵੀ ਧਾਰਮਿਕ ਆਗੂ ਲੋਕਾਂ ਦੀ ਮੁਕਤੀ ਅਤੇ ਕਲਿਆਣ ਲਈ ਪ੍ਰਚਾਰ ਕਰਦਾ ਹੈ। ਧਾਰਮਿਕ ਆਗੂ ਦੁਆਰਾ ਇਸ ਪ੍ਰਚਾਰੇ ਹੋਏ ਗਿਆਨ ਨੂੰ ਲੋੜ ਪੈਣ 'ਤੇ ਸ਼ਬਦਾਂ ਦਾ ਜਾਮਾ ਪਹਿਨਾਇਆ ਜਾਂਦਾ ਹੈ, ਜਿਸ ਨਾਲ ਇਹ ਗਿਆਨ ਧਾਰਮਿਕ ਗ੍ਰੰਥਾਂ ਦਾ ਰੂਪ ਧਾਰਨ ਕਰ ਲੈਂਦਾ ਹੈ। ਵੱਖ-ਵੱਖ ਧਾਰਮਿਕ ਗ੍ਰੰਥਾਂ ਦੇ ਨਾਮ ਤੋਂ ਹੀ ਇਸ ਪ੍ਰਕਾਰ ਦੇ ਗਿਆਨ ਦੀ ਪ੍ਰਕ੍ਰਿਤੀ ਦਾ ਅੰਦਾਜ਼ਾ ਹੋ ਸਕਦਾ ਹੈ: 'ਵੇਦ' ਦਾ ਅਰਥ ਹੈ ਗਿਆਨ (ਸ਼ਰੁਤੀ), 'ਭਗਵਤ ਗੀਤਾ' ਦਾ ਅਰਥ ਹੈ ਭਗਵਾਨ ਦੇ ਗੀਤ, 'ਧਮਪਦ' ਦਾ ਅਰਥ ਹੈ ਧਰਮ ਦੇ ਪਦ, 'ਟੈਸਟਾਮੈਂਟ' ਦਾ ਅਰਥ ਹੈ ਗਵਾਹੀ/ਸਮਝੌਤਾ ਅਤੇ 'ਕੁਰਾਨ' ਦਾ ਅਰਥ ਹੈ ਪੜ੍ਹਨਾ, ਆਦਿ। ਇਨ੍ਹਾਂ ਧਰਮ ਗ੍ਰੰਥਾਂ ਵਿਚ ਭਾਸ਼ਾ ਦਾ ਸਰੂਪ ਵਿਵਹਾਰਿਕ ਗਿਆਨ ਦੀ ਭਾਸ਼ਾ ਨਾਲੋਂ ਵੱਖਰਾ ਹੁੰਦਾ ਹੈ। ਇਸ ਖੇਤਰ ਵਿਚ ਸ਼ਬਦਾਂ ਦੇ ਸ਼ਾਬਦਿਕ ਅਰਥਾਂ ਨਾਲੋਂ ਚਿੰਨ੍ਹਾਤਮਿਕ ਅਰਥਾਂ ਨੂੰ ਤਵਜੋਂ ਦਿੱਤੀ ਜਾਂਦੀ ਹੈ। ਅਨੁਭਵੀ ਗਿਆਨ ਦੇ ਪ੍ਰਗਟਾਵੇ ਨਾਲ ਹੀ ਵਿਆਖਿਆ ਦਾ ਆਗਾਜ਼ ਹੁੰਦਾ ਹੈ। ਵਿਆਖਿਆ ਦਾ ਅਰਥ ਟੀਕਾ ਜਾਂ ਸ਼ਾਬਦਿਕ ਅਰਥਾਂ ਵਿਚ ਪ੍ਰਗਟਾਵਾ ਨਹੀਂ, ਸਗੋਂ ਇਹ ਮੂਲ ਅਨੁਭਵ ਦੇ ਮੂਲ ਸੰਦੇਸ਼ ਨੂੰ ਵਿਸਥਾਰ ਵਿਚ ਸਪੱਸ਼ਟਤਾ ਸਹਿਤ ਬਿਆਨ ਕਰਨਾ ਹੁੰਦਾ ਹੈ।

ਗੁਰਬਾਣੀ ਦੇ ਪ੍ਰਸੰਗ ਵਿਚ ਜੇਕਰ ਦੇਖੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਬੋਧ ਲਈ ਕਈ ਵਿਧੀਆਂ ਪ੍ਰਚਲਿਤ ਹਨ, ਜਿਵੇਂ- ਕਥਾਕਾਰੀ, ਕੋਸ਼ਕਾਰੀ, ਟੀਕਾਕਾਰੀ, ਵਿਆਖਿਆਕਾਰੀ, ਉਲਥਾਕਾਰੀ ਆਦਿ। ਆਮ ਕਰਕੇ ਇਨ੍ਹਾਂ ਨੂੰ ਰਲਾ-ਮਿਲਾ ਕੇ ਜਾਂ ਸਭ ਨੂੰ ਇੱਕੋ ਹੀ ਸਮਝਿਆ ਜਾਂਦਾ ਹੈ, ਜੋ ਠੀਕ ਨਹੀਂ।

** ਯੂਨੀਵਰਸਿਟੀ ਕਾਲਜ ਮੀਰਾਂਪੁਰ, ਪਟਿਆਲਾ-੧੪੭੧੧੧; ਮੋ. ੯੯੮੮੦੦੪੭੩੩*

ਕਥਾਕਾਰੀ, ਗੁਰਬਾਣੀ ਦੀ ਜ਼ੁਬਾਨੀ ਅਰਥ ਵਿਆਖਿਆ ਕਰਨ ਦਾ ਨਾਂ ਹੈ, ਕੋਸ਼ਕਾਰੀ ਕੇਵਲ ਔਖੇ ਪਦਾਂ ਦੇ ਅਰਥ ਅੱਖਰ-ਕ੍ਰਮ ਅਨੁਸਾਰ ਜਾਂ ਕਿਸੇ ਹੋਰ ਤਰਤੀਬ ਨਾਲ ਪੇਸ਼ ਕਰਦੀ ਹੈ, ਟੀਕਾਕਾਰੀ ਕਿਸੇ ਰਚਨਾ ਦੇ ਲਿਖਤ ਰੂਪ ਤੇ ਸਰਲ ਵਾਰਤਕ ਵਿਚ ਅਰਥ ਦਰਸਾਉਂਦੀ ਹੈ, ਵਿਆਖਿਆਕਾਰੀ ਇਸ ਤੋਂ ਅਗਲਾ ਕਦਮ ਹੈ, ਜੋ ਸ਼ਬਦਾਂ ਦੇ ਅਰਥ ਉਪਰੰਤ ਪਰੰਪਰਾ ਤੇ ਪ੍ਰਸੰਗਾਂ ਸਹਿਤ ਗੁੱਝੇ ਭਾਵ ਵਿਸਥਾਰ ਸਹਿਤ ਪ੍ਰਗਟਾਉਣ ਦਾ ਉਪਰਾਲਾ ਕਰਦੀ ਹੈ। ਉਲਥਾਕਾਰੀ ਕਿਸੇ ਰਚਨਾ ਦੇ ਅਰਥ ਭਾਵ ਨੂੰ ਕਿਸੇ ਦੂਜੀ ਜ਼ੁਬਾਨ ਵਿਚ ਪਲਟਾਉਣ ਦਾ ਨਾਮ ਹੈ।

ਵਿਆਖਿਆ ਧਰਮ ਗ੍ਰੰਥਾਂ ਦੇ ਵਿਚਾਰਾਂ ਨੂੰ ਸਮਝਾਉਣ ਅਤੇ ਸਪੱਸ਼ਟ ਕਰਨ ਲਈ ਕੀਤੀ ਜਾਂਦੀ ਹੈ। ਸਿੱਖ ਧਰਮ ਵਿਚ ਇਹ ਪਰੰਪਰਾ ਗੁਰਬਾਣੀ ਨਾਲ ਜੁੜੀ ਹੋਈ ਹੈ। ਬਦਲਦੇ ਹਾਲਾਤ ਤੇ ਪ੍ਰਸਥਿਤੀਆਂ ਅਨੁਸਾਰ ਜੀਵਨ ਵਿਚ ਧਰਮ ਦਾ ਪ੍ਰਭਾਵ ਤੇ ਪਕੜ ਬਦਲਦੇ ਰਹੇ ਹਨ। ਇਸ ਦੇ ਅਨੇਕਾਂ ਕਾਰਨਾਂ ਵਿੱਚੋਂ ਇਕ ਮੁੱਖ ਕਾਰਨ ਧਰਮ ਗ੍ਰੰਥਾਂ ਵਿਚਲਾ ਸੰਦੇਸ਼ ਤੇ ਉਪਦੇਸ਼ ਆਮ ਲੋਕਾਂ ਦੀ ਸਮਝ ਵਿਚ ਨਾ ਆਉਣਾ ਹੈ। ਇਸੇ ਸਮੱਸਿਆ ਕਾਰਨ ਇਨ੍ਹਾਂ ਧਾਰਮਿਕ ਗ੍ਰੰਥਾਂ ਦੇ ਸੰਦੇਸ਼ ਨੂੰ ਸਮਝਣ-ਸਮਝਾਉਣ ਦੀ ਲੋੜ ਮਹਿਸੂਸ ਕੀਤੀ ਗਈ। ਇਸੇ ਲੋੜ ਦੀ ਪੂਰਤੀ ਦੇ ਮਨੋਰਥ ਤੋਂ ਵਿਆਖਿਆਕਾਰੀ ਨੇ ਜਨਮ ਲਿਆ।

ਇਸ ਲੇਖ ਵਿਚ ਗੁਰਬਾਣੀ ਕਥਾਕਾਰੀ ਦਾ ਅਧਿਐਨ ਪੇਸ਼ ਕੀਤਾ ਗਿਆ ਹੈ, ਜਿਸ ਵਿਚ ਕਥਾ ਦਾ ਅਰਥ, ਪਰਿਭਾਸ਼ਾ, ਮਹਤਤਾ, ਉਦੇਸ਼, ਤੱਤ, ਕਿਸਮਾਂ, ਇਤਿਹਾਸਿਕ ਪ੍ਰਸੰਗ, ਕਥਾਕਾਰ ਦੇ ਗੁਣ, ਸਰੋਤਾ ਦੇ ਗੁਣ ਆਦਿ ਬਾਰੇ ਦੱਸ ਕੇ ਕਥਾਕਾਰੀ ਦੇ ਪਿਛੋਕੜ ਬਾਰੇ ਵੀ ਵਿਸਤ੍ਰਿਤ ਜਾਣਕਾਰੀ ਦਿਤੀ ਗਈ ਹੈ।

**ਕਥਾ: ਅਰਥ**

'ਕਥਾ' ਇਕ ਸੰਸਕ੍ਰਿਤ ਸ਼ਬਦ ਹੈ ਜਿਸ ਦਾ ਅਰਥ ਹੈ 'ਬਿਆਨ ਕਰਨਾ', 'ਦੱਸਣਾ', ਜਾਂ 'ਵਰਣਨ ਕਰਨਾ'। ਪੰਜਾਬੀ ਭਾਸ਼ਾ ਵਿਚ ਇਹ ਸ਼ਬਦ ਆਮ ਤੌਰ 'ਤੇ ਕਿਸੇ ਕਹਾਣੀ, ਵਾਰਤਾਵਾਂ ਜਾਂ ਧਾਰਮਿਕ ਸੰਦੇਸ਼ ਨੂੰ ਵਿਆਖਿਆ ਕਰ ਕੇ ਸਰੋਤਿਆਂ ਤਕ ਪਹੁੰਚਾਉਣ ਲਈ ਵਰਤਿਆ ਜਾਂਦਾ ਹੈ। ਕਥਾ, ਜੀਵਨ ਨੂੰ ਬਹੁਤ ਗਹਿਰਾਈ ਨਾਲ ਸਿਖਾਉਣ ਵਾਲੀ ਕਲਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕਥਾ ਸ਼ਬਦ ਦਾ ਸ਼ਾਬਦਿਕ ਅਰਥ ਹੈ ਬਾਤ, ਪ੍ਰਸੰਗ, ਬਿਆਨ ਆਦਿ।[੧] ਡਾ. ਰਤਨ ਸਿੰਘ ਜੱਗੀ ਅਨੁਸਾਰ ਸ਼ਬਦ 'ਕਥਾ' ਦਾ ਮੂਲ ਸੰਸਕ੍ਰਿਤ ਭਾਸ਼ਾ ਦੇ ਕਥ੍ ਧਾਤੂ ਤੋਂ ਬਣਿਆ ਹੈ, ਜਿਸ ਦਾ ਸ਼ਾਬਦਿਕ ਅਰਥ ਹੈ ਵਰਣਨ ਜਾਂ ਵਿਆਖਿਆ ਜਾਂ ਪ੍ਰਸੰਗ।[੨]

**ਕਥਾ: ਪਰਿਭਾਸ਼ਾ**

ਧਰਮ ਗ੍ਰੰਥਾਂ ਅੰਦਰ ਲੁਪਤ ਧਾਰਮਿਕ ਰਮਜ਼ਾਂ ਨੂੰ ਜਦੋਂ ਸੰਖਿਪਤ ਜਾਂ ਸੰਕੇਤਕ

ਰੂਪ ਵਿਚ ਸਪੱਸ਼ਟ ਕਰਨ ਲਈ ਜੋ ਬ੍ਰਿਤਾਂਤ ਦਿੱਤਾ ਜਾਂਦਾ ਹੈ, ਉਸ ਨੂੰ 'ਕਥਾ' ਕਿਹਾ ਜਾਂਦਾ ਹੈ। ਕਈ ਵਾਰੀ ਅਸੀਂ ਕਥਾ ਨੂੰ ਸਿਰਫ 'ਕਹਾਣੀ' (story) ਜਾਂ 'ਟੇਲ' (tale) ਮੰਨ ਲੈਂਦੇ ਹਾਂ, ਪਰ ਕਥਾ ਇਸ ਤੋਂ ਕਈ ਗੁਣਾਂ ਵਡੀ ਸ਼ੈਅ ਹੈ। ਕਥਾ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਵਿਚਾਰ ਪ੍ਰਗਟ ਕੀਤੇ ਜਾਂਦੇ ਹਨ; ਸੰਸਕਾਰ ਦਿੱਤੇ ਜਾਂਦੇ ਹਨ; ਅਨੁਭਵ ਸਾਂਝੇ ਕੀਤੇ ਜਾਂਦੇ ਹਨ; ਧਾਰਮਿਕ ਜਾਗਰੂਕਤਾ ਫੈਲਾਈ ਜਾਂਦੀ ਹੈ ਅਤੇ ਜੀਵਨ ਦੇ ਸੱਚ ਨੂੰ ਸਮਝਾਇਆ ਜਾਂਦਾ ਹੈ। ਇਹ ਸਿਰਫ ਕਲਪਨਾ ਨਹੀਂ, ਸਗੋਂ ਕਈ ਵਾਰ ਅਸਲ ਜੀਵਨ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਹੁੰਦੀ ਹੈ। ਕਥਾ ਇਕ ਅਜਿਹਾ ਮਾਧਿਅਮ ਹੈ ਜੋ ਮਨੁੱਖ ਦੀ ਰੂਹ ਨਾਲ ਗੱਲ ਕਰਦੀ ਹੈ। ਜਦੋਂ ਕੋਈ ਸੱਚੀ ਕਥਾ ਕਿਸੇ ਦੀ ਰੂਹ ਨੂੰ ਛੂਹ ਜਾਂਦੀ ਹੈ, ਤਾਂ ਉਹ ਅੰਦਰੂਨੀ ਤਬਦੀਲੀ ਦੀ ਵਜ੍ਹਾ ਬਣ ਜਾਂਦੀ ਹੈ। ਇਸ ਪ੍ਰਕਾਰ ਕਥਾ ਮਨ ਨੂੰ ਪ੍ਰੇਰਿਤ ਕਰਦੀ ਹੈ। ਇਹ ਦਿਲ ਨੂੰ ਛੂਹੰਦੀ ਹੈ ਅਤੇ ਸੋਚ ਨੂੰ ਬਦਲਦੀ ਹੈ। ਜੀਵਨ ਤਬਦੀਲੀ ਦਾ ਰਾਹ ਕਥਾ ਹੀ ਦਸਦੀ ਹੈ। ਕਥਾ ਸੁਣਾਉਣ ਵਾਲਾ ਵਿਅਕਤੀ 'ਕਥਾਵਾਚਕ' ਕਹਿਲਾਉਂਦਾ ਹੈ ਅਤੇ ਕਥਾ ਸੁਣਨ ਵਾਲਾ ਸਰੋਤਾ।

**ਕਥਾ: ਮਹੱਤਤਾ**

ਧਾਰਮਿਕ ਸੰਦਰਭ ਵਿਚ ਕਥਾ ਦੀ ਬਹੁਤ ਮਹੱਤਤਾ ਦ੍ਰਿੜ੍ਹ ਕਰਵਾਈ ਗਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚੋਂ ਬੜਾ ਸਪੱਸ਼ਟ ਹਵਾਲਾ ਮਿਲਦਾ ਹੈ ਕਿ ਗੁਰਬਾਣੀ ਦੀ ਕਥਾ ਬਾਣੀ-ਰਚਨਾ ਦੇ ਨਾਲ ਹੀ ਸ਼ੁਰੂ ਹੋ ਗਈ ਸੀ। ਮਾਝ ਰਾਗ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਪਰਮਾਤਮਾ ਦੇ ਗੁਣ ਗਾਉਣ ਨਾਲ ਮਨ ਪ੍ਰਸੰਨ ਹੁੰਦਾ ਹੈ ਤੇ ਕਥਾ ਸੁਣਨ ਨਾਲ ਮਨ ਦੀ ਮੈਲ ਉਤਰ ਜਾਂਦੀ ਹੈ:

*ਗੁਣ ਗਾਵਤ ਮਨੁ ਹਰਿਆ ਹੋਵੈ॥ ਕਥਾ ਸੁਣਤ ਮਲੁ ਸਗਲੀ ਖੋਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੪)*

ਭਾਈ ਕੇਸਰ ਸਿੰਘ ਛਿੱਬਰ ਅਨੁਸਾਰ ਧਰਮਸ਼ਾਲਾ ਸਿੱਖ ਦੇ ਜੀਵਨ ਵਿਹਾਰ ਤੇ ਨਿਤ-ਕਿਰਿਆ ਦਾ ਇਕ ਜ਼ਰੂਰੀ ਅੰਗ ਹੈ; ਸਿੱਖ ਨੂੰ ਪ੍ਰੇਮ ਮੁਹੱਬਤ ਨਾਲ ਇੱਥੇ ਮਿਲ ਬੈਠਣਾ ਚਾਹੀਦਾ ਹੈ; ਸਿੱਖਾਂ ਨੂੰ ਇੱਥੇ ਬੈਠ ਕੇ ਗੁਰਬਾਣੀ, ਕਥਾ, ਕੀਰਤਨ ਜਾਂ ਗੁਰ ਇਤਿਹਾਸ (ਸਾਖੀ) ਦੇ ਚਰਚੇ ਕਰਨੇ ਚਾਹੀਦੇ ਹਨ:

*ਵਾਸੀ ਵਿਚਿ ਜਿਥੇ ਹੋਵੈ ਧਰਮਸਾਲ। ਸਿਖ ਮਿਲ ਬੈਠਨ ਪ੍ਰੇਮ ਮੁਹਬਤਿ ਨਾਲ।*
*ਸਬਦ ਸਾਖੀ ਗ੍ਰੰਥ ਪੋਥੀ ਪੜੀਐ। ਕੀਰਤਨ ਕਥਾ ਗੁਰ ਚਰਚਾ ਕਰੀਐ।*
*ਜਿਸ ਨੂੰ ਸਿਖ ਹੋਵਨ ਦੀ ਹੋਵੈ ਅਤਿ ਚਾਹ। ਸੋ ਉਥੇ ਚਲ ਜਾਵੈ ਖਾਹਮਖਾਹ।*[੩]

**ਕਥਾ: ਉਦੇਸ਼**

ਕਥਾ ਦੇ ਕਈ ਉਦੇਸ਼ ਹੋ ਸਕਦੇ ਹਨ, ਜਿਵੇਂ ਸਿੱਖਿਆ ਦੇਣਾ (ਜਿਵੇਂ ਪੰਚਤੰਤਰ ਦੀਆਂ ਕਥਾਵਾਂ ਤੋਂ ਸਿੱਖਿਆ ਮਿਲਦੀ ਹੈ); ਧਾਰਮਿਕ ਉਪਦੇਸ਼ (ਗੁਰਬਾਣੀ ਦੀ

ਵਿਆਖਿਆ ਰਾਹੀਂ); ਮਨੋਰੰਜਨ (ਲੋਕ ਕਥਾਵਾਂ ਜਾਂ ਕਲਪਨਾਤਮਕ ਕਥਾਵਾਂ ਰਾਹੀਂ) ਅਤੇ ਚੇਤਨਾ ਜਗਾਉਣੀ (ਸਮਾਜਿਕ ਮੁੱਦਿਆਂ ਉਤੇ ਆਧਾਰਿਤ ਕਥਾਵਾਂ)। ਕਥਾ ਆਮ ਕਰਕੇ ਜ਼ੁਬਾਨੀ ਕੀਤੀ ਜਾਂਦੀ ਹੈ।

ਅਜੋਕੇ ਸਮੇਂ ਦੌਰਾਨ ਜਿੱਥੇ ਮਨੁੱਖ ਤਕਨੀਕੀ ਤੌਰ ਉੱਤੇ ਅੱਗੇ ਵਧ ਰਿਹਾ ਹੈ, ਉਥੇ ਸੰਵੇਦਨਾ ਅਤੇ ਅਧਿਆਤਮਿਕਤਾ ਦੀ ਬਹੁਤ ਭਾਰੀ ਕਮੀ ਆ ਰਹੀ ਹੈ। ਇਸ ਸਮੱਸਿਆ ਤੋਂ ਬਚਣ ਲਈ ਅਸੀਂ ਕਥਾਵਾਂ ਦੀ ਸਹਾਇਤਾ ਲੈ ਸਕਦੇ ਹਾਂ।

**ਕਥਾ ਦੇ ਤੱਤ**

ਕਥਾ ਦੇ ਚਾਰ ਮੁੱਖ ਤੱਤ ਹੁੰਦੇ ਹਨ, ਜਿਹੜੇ ਕਥਾ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਈ ਹੁੰਦੇ ਹਨ। ਇਹ ਹਨ:

**੧. ਰਚਨਾ**

ਕਥਾ ਦਾ ਪਹਿਲਾ ਤੱਤ ਬਹੁਤ ਮਹੱਤਵਪੂਰਨ ਹੈ, ਜਿਸ ਵਿਚ ਘਟਨਾਵਾਂ ਦੀ ਲੜੀ ਹੁੰਦੀ ਹੈ। ਤਕਨੀਕੀ ਤੌਰ ਉਤੇ ਇਸ ਨੂੰ ਰਚਨਾ ਕਹਿੰਦੇ ਹਨ। ਇਹ ਕਥਾ ਦੀ ਸ਼ੁਰੂਆਤ, ਉਤਕਰਸ਼ (climax), ਅਤੇ ਅੰਤ ਵਾਲੀ ਵਿਆਖਿਆ ਹੁੰਦੀ ਹੈ।

**੨. ਪਾਤਰ (ਕਿਰਦਾਰ)**

ਕਥਾ ਵਿਚ ਪਾਤਰ ਮੁੱਖ ਭੂਮਿਕਾ ਨਿਭਾਉਂਦੇ ਹਨ। ਪਾਤਰਾਂ ਦੀ ਚੋਣ ਇਤਿਹਾਸਿਕ ਗ੍ਰੰਥਾਂ ਦੀ ਕਥਾ ਦੌਰਾਨ ਕੀਤੀ ਜਾਂਦੀ ਹੈ, ਜਿਹੜੇ ਪਾਤਰ ਸਰੋਤਿਆਂ ਅੰਦਰ ਜੋਸ਼ ਭਰਦੇ ਹਨ।

**੩. ਵਾਤਾਵਰਨ**

ਕਥਾ ਸੁਣਾਉਣ ਵਾਲੇ ਹਾਲ ਅਥਵਾ ਕਮਰੇ ਵਿਚ ਬਣਿਆ ਮਾਹੌਲ ਵਾਤਾਵਰਨ ਹੁੰਦਾ ਹੈ। ਇਹ ਸਰੋਤੇ ਨੂੰ ਉਹ ਸੰਸਾਰ ਮਹਿਸੂਸ ਕਰਾਉਂਦਾ ਹੈ, ਜਿਸ ਬਾਰੇ ਕਥਾ ਚੱਲ ਰਹੀ ਹੁੰਦੀ ਹੈ। ਕਥਾਕਾਰ ਦੇ ਆਪਣੇ ਅਨੁਭਵ ਅਤੇ ਜੀਵਨ ਦਾ ਇਸ ਵਾਤਾਵਰਨ ਨੂੰ ਬਣਾਉਣ ਵਿਚ ਬਹੁਤ ਹੱਥ ਹੁੰਦਾ ਹੈ। ਇਸ ਨਾਲ ਸਰੋਤਿਆਂ ਦੇ ਜੀਵਨ ਘੜੇ ਜਾਂਦੇ ਹਨ।

**੪. ਵਿਸ਼ੇਸ਼ ਸੰਦੇਸ਼**

ਕਥਾ ਪਿੱਛੇ ਕੋਈ ਨਾ ਕੋਈ ਸਿੱਖਿਆ ਜਾਂ ਸੰਦੇਸ਼ ਹੋਣਾ ਲਾਜ਼ਮੀ ਹੁੰਦਾ ਹੈ। ਇਹ ਹੀ ਕਥਾ ਦੀ ਆਤਮਾ ਹੁੰਦੀ ਹੈ, ਜਿਹੜੀ ਸਰੋਤਿਆਂ ਨੂੰ ਅਮਲ ਕਰਨ ਲਈ ਪ੍ਰੇਰਿਤ ਕਰਦੀ ਹੈ।

**ਕਥਾ: ਕਿਸਮਾਂ**

ਕਥਾ ਸਿਰਫ ਮੌਖਿਕ ਨਹੀਂ ਹੁੰਦੀ, ਬਲਕਿ ਇਹ ਲਿਖਤੀ, ਸਾਹਿਤਕ ਅਤੇ ਸ੍ਰਵਣਯੋਗ ਵੀ ਹੋ ਸਕਦੀ ਹੈ। ਕਥਾ ਦੀਆਂ ਕਿਸਮਾਂ ਨੂੰ ਅਸੀਂ ਚਾਰ ਪੱਖਾਂ ਤੋਂ ਵੰਡ ਸਕਦੇ ਹਾਂ। ਇਹ ਹਨ: ਮੌਖਿਕ ਕਥਾ (ਪੁਰਾਣੇ ਸਮਿਆਂ 'ਚ ਲੋਕ ਮੌਖਿਕ ਰੂਪ ਵਿਚ

ਕਥਾਵਾਂ ਦਸਦੇ ਸਨ); ਦ੍ਰਿਸ਼ਟੀਕੋਣੀ ਕਥਾ (ਨਾਟਕ, ਰਾਮਲੀਲਾ, ਜੁਗਲਬੰਦੀ ਰਾਹੀਂ); ਸ੍ਰਵਣਯੋਗ ਕਥਾ (ਆਡੀਓ ਕਥਾਵਾਂ, ਪੋਡਕਾਸਟਸ (podcasts); ਲਿਖਤੀ ਕਥਾ (ਨਾਵਲ, ਲਘੂਕਥਾ, ਲੇਖ ਆਦਿ)। ਉਕਤ ਪੱਖਾਂ ਤੋਂ ਹੇਠ ਲਿਖੀਆਂ ਕਥਾ ਦੀਆਂ ਕਿਸਮਾਂ ਹੋ ਸਕਦੀਆਂ ਹਨ:

**੧. ਧਾਰਮਿਕ ਕਥਾ**

ਧਾਰਮਿਕ ਕਥਾ ਤੋਂ ਭਾਵ ਧਰਮ ਗ੍ਰੰਥਾਂ ਦੀ ਕਥਾ ਹੁੰਦੀ ਹੈ। ਇਨ੍ਹਾਂ ਵਿਚ ਵੈਦਿਕ ਸਾਹਿਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਸਿੱਖ ਇਤਿਹਾਸ ਦੀਆਂ ਸਾਖੀਆਂ ਆਦਿ ਆਉਂਦੀਆਂ ਹਨ। ਇਸ ਕਥਾ ਵਿਚ ਅਧਿਆਤਮਿਕ ਸੰਦੇਸ਼ ਹੁੰਦਾ ਹੈ, ਜਿਹੜਾ ਸਰੋਤਿਆਂ ਨੂੰ ਅਕਾਲ ਪੁਰਖ ਨਾਲ ਜੋੜਨ ਵਿਚ ਸਹਾਈ ਹੁੰਦਾ ਹੈ।

**੨. ਨੈਤਿਕ ਕਥਾ**

ਨੈਤਿਕਤਾ ਧਰਮ ਦਾ ਅਨਿੱਖੜ ਅੰਗ ਹੁੰਦੀ ਹੈ। ਇਸ ਨੂੰ ਧਰਮ ਨਾਲੋਂ ਨਖੇੜਿਆ ਨਹੀਂ ਜਾ ਸਕਦਾ। ਪਰੰਤੂ ਫਿਰ ਵੀ ਕਈ ਵਾਰ ਕਥਾ ਨੂੰ ਧਾਰਮਿਕਤਾ ਤੋਂ ਦੂਰ ਕਰਕੇ ਨਿਰੋਲ ਨੈਤਿਕਤਾ ਨਾਲ ਜੋੜਿਆ ਜਾਂਦਾ ਹੈ, ਜਿਵੇਂ 'ਪੰਚਤੰਤਰ' ਦੀਆਂ ਕਹਾਣੀ ਤੋਂ ਸਰੋਤਿਆਂ ਨੂੰ ਨੈਤਿਕ ਗੁਣ ਗ੍ਰਹਿਣ ਕਰਨ ਦੀ ਪ੍ਰੇਰਨਾ ਦਿਤੀ ਜਾਂਦੀ ਹੈ।

**੩. ਲੋਕ ਕਥਾ**

ਲੋਕ ਕਥਾਵਾਂ ਦਾ ਆਧਾਰ ਮਿਥ ਹੁੰਦਾ ਹੈ। ਇਹ ਉਹ ਕਥਾ ਹੁੰਦੀ ਹੈ ਜਿਹੜੀ ਲੋਕਾਂ ਅੰਦਰ ਮੌਖਿਕ ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ ਚਲਦੀ ਹੈ, ਦੁੱਲਾ ਭੱਟੀ, ਪੂਰਨ ਭਗਤ ਆਦਿ ਦੀਆਂ ਲੋਕ ਕਥਾਵਾਂ ਪੰਜਾਬੀ ਸਭਿਆਚਾਰ ਦਾ ਅਟੁੱਟ ਹਿੱਸਾ ਬਣ ਚੁਕੀਆਂ ਹਨ।

**ਕਥਾ: ਇਤਿਹਾਸਿਕ ਪ੍ਰਸੰਗ**

ਕਥਾ ਦੀ ਪਰੰਪਰਾ ਮਨੁੱਖੀ ਇਤਿਹਾਸ ਜਿੰਨੀ ਹੀ ਪੁਰਾਤਨ ਹੈ। ਕਥਾ ਸੁਣਾਉਣ ਦੀ ਪਰੰਪਰਾ ਹਰ ਸੰਸਕ੍ਰਿਤੀ ਵਿਚ ਮਿਲਦੀ ਹੈ, ਚਾਹੇ ਉਹ ਭਾਰਤ ਦੀ ਹੋਵੇ, ਯੂਰਪ ਦੀ, ਚੀਨ ਜਾਂ ਅਫਰੀਕਾ ਦੀ। ਭਾਰਤ ਵਿਚ ਕਥਾ ਦੀ ਸ਼ੁਰੂਆਤ ਵੈਦਿਕ ਯੁੱਗ ਤੋਂ ਹੋਈ, ਜਿੱਥੇ ਰਿਸ਼ੀ-ਮੁਨੀਆਂ ਦੁਆਰਾ ਮੌਖਿਕ ਰੂਪ ਵਿਚ ਕਥਾ ਦੁਆਰਾ ਗਿਆਨ ਦੇਣਾ ਆਮ ਰਿਵਾਜ ਸੀ। ਰਾਮਾਇਣ, ਮਹਾਭਾਰਤ, ਪੁਰਾਣ ਦੀਆਂ ਕਥਾਵਾਂ ਆਦਿ ਸਭ ਕਥਾ ਦੇ ਪ੍ਰਾਚੀਨ ਰੂਪ ਹਨ। ਇਸ ਦੇ ਨਾਲ-ਨਾਲ ਜੈਨ ਅਤੇ ਬੁੱਧ ਧਰਮ ਦੀਆਂ ਜਾਤਕ ਕਥਾਵਾਂ ਵੀ ਪ੍ਰਚਲਿਤ ਰਹੀਆਂ ਹਨ। ਇਸ ਉਪਰੰਤ ਸਿੱਖ ਧਰਮ ਦੇ ਆਗਮਨ ਨਾਲ ਸ੍ਰੀ ਗੁਰੂ ਨਾਨਮ ਦੇਵ ਜੀ ਦੀਆਂ ਜਨਮਸਾਖੀਆਂ ਸੰਬੰਧੀ ਪ੍ਰਚਲਿਤ ਹੋਈ ਕਥਾ ਸ਼ੈਲੀ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਸਿੱਖ ਧਰਮ ਵਿਚ ਕਥਾ ਨੂੰ ਇਕ ਰੂਹਾਨੀ ਸਾਧਨ ਮੰਨਿਆ ਗਿਆ ਹੈ। ਗੁਰਬਾਣੀ ਦੀ ਸਮਝ, ਸਾਖੀਆਂ ਅਤੇ ਇਤਿਹਾਸਿਕ ਘਟਨਾਵਾਂ ਕਥਾ ਰਾਹੀਂ ਸਰੋਤਿਆਂ

ਤਕ ਪਹੁੰਚਾਈਆਂ ਜਾਂਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੌਰਾਨ ਸਾਖੀ ਰੂਪ ਵਿਚ ਬਹੁਤ ਕੁਝ ਸਿਖਾਇਆ। ਜਨਮਸਾਖੀਆਂ ਤੋਂ ਬਾਅਦ ਜੇਕਰ ਗੱਲ ਕਰੀਏ ਤਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵੀ ਇਕ ਤਰੀਕੇ ਦੀਆਂ ਕਥਾਵਾਂ ਹਨ।

ਸਿੱਖ ਧਰਮ ਅੰਦਰ ਕਈ ਅਜਿਹੇ ਵਿਦਵਾਨ-ਜਨ ਪੈਦਾ ਹੋਏ ਜਿਨ੍ਹਾਂ ਨੇ ਗੁਰਮਤਿ ਨੂੰ ਕਥਾ ਰੂਪ ਵਿਚ ਸਾਖੀਆਂ ਦੀ ਮਦਦ ਨਾਲ ਦ੍ਰਿੜ ਕਰਵਾਇਆ। ਇਨ੍ਹਾਂ ਵਿਚ ਗਿਆਨੀ ਗਿਆਨ ਸਿੰਘ, ਕਵੀ ਸੰਤੋਖ ਸਿੰਘ, ਭਾਈ ਵੀਰ ਸਿੰਘ, ਗਿਆਨੀ ਸੰਤ ਸਿੰਘ ਮਸਕੀਨ ਆਦਿ ਕੁਝ ਅਜਿਹੇ ਨਾਂ ਹਨ, ਜਿਨ੍ਹਾਂ ਨੇ ਕਥਾ ਰਾਹੀਂ ਗੁਰਮਤਿ ਦਾ ਪਾਸਾਰ ਕੀਤਾ।

ਦਰਅਸਲ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਬਾਅਦ ਤਾਂ ਬਾਣੀ ਦੀ ਕਥਾ ਕਰਨ ਦੀ ਇਕ ਪਰੰਪਰਾ ਹੀ ਚੱਲ ਪਈ। ਆਮ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਜਦ ਕੋਈ ਕਥਾਕਾਰ ਸ਼ਬਦ ਲੈ ਕੇ ਉਸ ਦੀ ਵਿਆਖਿਆ ਕਰਦਾ ਹੈ ਤਾਂ ਅਜਿਹਾ ਕਰਨ ਵੇਲੇ ਉਹ ਉਸ ਸ਼ਬਦ ਵਿਚ ਆਏ ਮੁੱਖ ਸਰੋਕਾਰਾਂ ਨੂੰ ਸਪੱਸ਼ਟ ਕਰਨ ਲਈ ਅਨੇਕ ਪ੍ਰਕਾਰ ਦੇ ਉਦਾਹਰਣ, ਸਾਖੀਆਂ ਆਦਿ ਦਾ ਬ੍ਰਿਤਾਂਤ ਦਿੰਦਾ ਹੈ। ਇਸ ਦੇ ਨਾਲ ਹੀ ਗੁਰਬਾਣੀ ਜਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚੋਂ ਤੁਕਾਂ ਜਾਂ ਹਵਾਲੇ ਦੇ ਕੇ ਸਿਧਾਂਤਾਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ। ਗੁਰਬਾਣੀ ਤੋਂ ਬਿਨਾਂ ਸਿੱਖ-ਇਤਿਹਾਸ ਤੋਂ ਵੀ ਮਿਸਾਲਾਂ ਦਿਤੀਆਂ ਜਾਂਦੀਆਂ ਹਨ।

'ਸਿੱਖਾਂ ਦੀ ਭਗਤਮਾਲਾ' ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ, ਭਾਈ ਬੂਲੇ ਸਮੇਤ ਸਮੁਚੀ ਡਲਾ ਨਿਵਾਸੀ ਸੰਗਤ ਨੂੰ ਸੰਬੋਧਿਤ ਕਰਕੇ ਭਾਈ ਬੂਲੇ ਨੂੰ ਬਚਨ ਕਰਦੇ ਹਨ, 'ਤੁਸਾਂ "ਗੁਰਾਂ ਦੀ ਬਾਣੀ ਕਥਾ ਕਰਕੈ ਸਿਖਾ ਨੂੰ ਸੁਨਾਵਣੀ ਨਾਲੇ ਪੋਥੀਆ ਗੁਰੂ ਕੇ ਨਮਿਤ ਲਿਖ ਦੇਵਣੀ ਮੰਗਣਾ ਕੁਝ ਨਹੀ...ਤੇਰੀ ਏਹੀ ਸੇਵਾ ਹੈ।"[੪]

**ਹਵਾਲੇ :**


**੧.** *ਮਹਾਨ ਕੋਸ਼,* ਪੰਨਾ ੨੯੩.

**੨.** ਰਤਨ ਸਿੰਘ ਜੱਗੀ (ਡਾ.), *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਪੰਨਾ ੪੫੦.

**੩.** ਕੇਸਰ ਸਿੰਘ ਛਿਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.) ਰਾਇਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੨੦੦੧, ਚਰਣ/ਬੰਦ/ਪੰਨਾ- ੬/੧੦੯/੫੩-੪

**੪.** ਭਾਈ ਵੀਰ ਸਿੰਘ (ਸੰਪਾ.), *ਸਿਖਾਂ ਦੀ ਭਗਤਮਾਲਾ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿਲੀ ੧੯੯੬ (੬ਵੀਂ ਵਾਰ), ਸਾਖੀ/ਪੰਨਾ- ੪੧/੮੪.


**ਚਲਦਾ...**

ਮਈ ੨੦੨੫ ਦਾ ਬਾਕੀ:

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹਿਮ ਮਾਸਿਕ ਪੱਤਰ: ਗੁਰਦੁਆਰਾ ਗਜ਼ਟ ਦਾ ਇਤਿਹਾਸ

*-ਡਾ. ਰਣਜੀਤ ਕੌਰ ਪੰਨਵਾਂ**

ਉਪਰੋਕਤ ਤੋਂ ਇਲਾਵਾ ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜ਼ਰੂਰੀ ਐਲਾਨ, ਚਲੰਤ ਵਿਚਾਰਾਂ, ਮੈਂਬਰਾਂ ਦੀਆਂ ਨਾਮਜ਼ਦਗੀਆਂ, ਗੁਰਦੁਆਰਿਆਂ ਦੇ ਸੇਵਾਦਾਰਾਂ ਨੂੰ ਰੱਖਣ / ਹਟਾਉਣ ਦੇ ਜ਼ਰੂਰੀ ਨੋਟ ਅਤੇ ਗੁਰਦੁਆਰਿਆਂ ਦੀਆਂ ਤਰੱਕੀ ਦੇ ਹਰੇਕ ਪ੍ਰਕਾਰ ਦੇ ਸਮਾਚਾਰ ਪ੍ਰਕਾਸ਼ਿਤ ਕੀਤੇ ਜਾਂਦੇ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਸੰਬੰਧੀ ਨਿਯਮ, ਉਪ ਨਿਯਮ ਅਤੇ ਹੋਰ ਕਈ ਪ੍ਰਕਾਰ ਦੇ ਸ਼੍ਰੋਮਣੀ ਕਮੇਟੀ ਦੇ ਸਮਾਚਾਰ ਵੀ ਛਾਪੇ ਜਾਂਦੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੇ ਵਿਗਾਸ ਲਈ ਲਿਖਤ ਪੁਸਤਕਾਂ ਦੇ ਪ੍ਰਚਾਰ ਲਈ ਜ਼ਰੂਰੀ ਨੋਟ ਆਦਿ ਵੀ ਅੰਕਿਤ ਕੀਤੇ ਜਾਂਦੇ। ਇਸ ਪੱਤਰ ਦਾ ਸਲਾਨਾ ਚੰਦਾ ੨ ਰੁਪਏ ਸੀ। ਜਿਸ ਲਈ ਹਰੇਕ ਪ੍ਰਕਾਰ ਦੀ ਲਿਖਤ-ਪੜ੍ਹਤ ਦਫ਼ਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨਾਲ ਹੁੰਦੀ ਸੀ।

ਸ਼ੁਰੂ ਵਿਚ ਇਹ ਪਰਚਾ ਹਰ ਮਹੀਨੇ ਦੀ ੧੨ ਤਾਰੀਖ ਨੂੰ ਡਾਕ ਵਿਚ ਪਾਇਆ ਜਾਂਦਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਹਿੱਸੇ ਦੀ ਰਿਪੋਰਟ ਮੁਕੰਮਲ ਹੋਣ 'ਚ ਸਮਾਂ ਲਗਣ ਕਰਕੇ ਇਸ ਪਰਚੇ ਦੀ ਤਾਰੀਖ ੧੨ ਦੀ ਬਜਾਏ ੨੨ ਕਰ ਦਿੱਤੀ ਗਈ।[੪]

ਸੋ ਇਹ ਪੱਤਰ ਅੰਗਰੇਜ਼ੀ ਮਹੀਨੇ ਦੀ ੨੨ ਤਾਰੀਖ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਸੀ ਜੋ ਅਪ੍ਰੈਲ ੧੯੩੧ ਈ. ਤੋਂ ਲੈ ਕੇ ਸਤੰਬਰ ੧੯੩੧ ਈ. ਤਕ ਲਗਪਗ ਮਦਨ ਪ੍ਰਿੰਟਿੰਗ ਪ੍ਰੈੱਸ ਲਾਹੌਰ ਤੋਂ ਛਪਦਾ ਰਿਹਾ, ਉਪਰੰਤ ਅਕਤੂਬਰ, ੧੯੩੧ ਈ. ਤੋਂ ਦਸੰਬਰ, ੧੯੩੧ ਈ. ਦਸਮੇਸ਼ ਪ੍ਰੈਸ, (ਪੁਰਾਣਾ ਤਾਰ ਘਰ) ਸ੍ਰੀ ਅੰਮ੍ਰਿਤਸਰ ਤੋਂ ਛਪ ਕੇ ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਣ ਲੱਗਾ। ਫਿਰ ਵੀ ਇਸ ਦਾ SRL ੨੯੬੪ ਹੀ ਰਿਹਾ ਪਰ ਪੱਤਰ ਦਾ ਨਾਂ 'ਗੁਰਦੁਆਰਾ ਗਜ਼ਟ ਲਾਹੌਰ' ਤੋਂ 'ਗੁਰਦੁਆਰਾ ਗਜ਼ਟ ਅੰਮ੍ਰਿਤਸਰ' ਹੋ ਗਿਆ। ਐਡੀਟਰ ਸ. ਜੈਮਲ ਸਿੰਘ ਕੋਹਾਟੀ ਜੀ ਨਿਯੁਕਤ ਹੋਏ। ਜਨਵਰੀ ੧੯੩੨ ਈ. ਤੋਂ ਮਈ ੧੯੩੨ ਈ. ਤਕ, ਇਹ ਪੱਤਰ ਫਿਰ ਪੰਜ ਮਹੀਨਿਆਂ ਤਕ ਪ੍ਰਕਾਸ਼ਿਤ ਨਹੀਂ ਹੋਇਆ ਕਿਉਂਕਿ ਦਸ਼ਮੇਸ਼ ਪ੍ਰੈੱਸ, ਪ੍ਰੈੱਸ ਆਰਡੀਨੈਂਸ ਜਾਰੀ ਹੋ ਜਾਣ ਕਾਰਨ ਬੰਦ ਹੋ ਗਿਆ। ਫਿਰ ਜੂਨ, ੧੯੩੨ ਈ. ਤੋਂ ਮੁੜ ਨਵੇਂ ਸਿਰਿਓਂ ਡੈਕਲੇਰੇਸ਼ਨ ਕਰ ਕੇ 'ਗੁਰਦੁਆਰਾ ਗਜ਼ਟ' ਆਰੰਭ ਕੀਤਾ ਗਿਆ।[੫] ਜੋ ਵਿਚਾਰ ਐਡੀਟਰ ਸ. ਹਰਨਾਮ ਸਿੰਘ ਜੀ ਨੇ ਵੀ ਪਹਿਲਾਂ ਵਿਅਕਤ

** ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਕੀਤਾ ਸੀ ਕਿ 'ਗੁਰਦੁਆਰਾ ਗਜ਼ਟ' ਵਿਚ ਵਿਦਵਾਨਾਂ ਦੇ ਲੇਖ ਆਦਿ ਵੀ ਸ਼ਾਮਿਲ ਕੀਤੇ ਜਾਣਗੇ। ਉਸ ਵਿਚਾਰ ਨੂੰ ਅਮਲੀ ਰੂਪ ਦੇਂਦਿਆਂ ਅਗਲੇਰੇ ਅੰਕਾਂ ਵਿਚ ਲੇਖ ਅਤੇ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ ਛਾਪਣ ਦਾ ਨਿਰਣਾ ਕੀਤਾ ਗਿਆ ਅਤੇ ਨਾਲ ਹੀ ਇਸੇ ਅੰਕ ਦੇ ਐਡੀਟੋਰੀਅਲ ਨੋਟ ਵਿਚ ਸ. ਜੈਮਲ ਸਿੰਘ ਕੋਹਾਟੀ ਜੀ ਨੇ ਸਮੂਹ ਵਿਦਵਾਨਾਂ ਨੂੰ ਬੇਨਤੀ ਕੀਤੀ ਕਿ ਉਹ ਜਿਵੇਂ ਹੋਰ ਪੱਤਰਕਾਵਾਂ ਨੂੰ ਲੇਖ ਭੇਜ ਕੇ ਸੰਗਤ ਦੀ ਸੇਵਾ ਕਰਦੇ ਹਨ, ਉਸੇ ਤਰ੍ਹਾਂ ਉਹ 'ਗੁਰਦੁਆਰਾ ਗਜ਼ਟ' ਲਈ ਵੀ ਭੇਜਣ।

ਜੂਨ, ੧੯੩੨ ਈ. ਤੋਂ ਮੁੜ ਇਹ ਪਰਚਾ ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈੱਸ (ਪੁਰਾਣਾ ਤਾਰ ਘਰ) ਸ੍ਰੀ ਅੰਮ੍ਰਿਤਸਰ ਤੋਂ ਛਪਣਾ ਸ਼ੁਰੂ ਹੋਇਆ। ਜੁਲਾਈ ੧੯੩੨ ਈ. ਦਾ ਅੰਕ ਫਿਰ 'ਮ੍ਰਿੱਤ ਪ੍ਰੈਸ' (ਮਲਵਈ ਬੁੰਗਾ) ਸ੍ਰੀ ਅੰਮ੍ਰਿਤਸਰ ਤੋਂ ਛਪਿਆ। ਇਸ ਅੰਕ ਵਿਚ ਲੇਖ ਛਪਣ ਦਾ ਇਤਿਹਾਸਿਕ ਕਾਰਜ ਸ਼ੁਰੂ ਹੋਇਆ। ਇਸ ਅੰਕ ਵਿਚ ਬਿਨ੍ਹਾਂ ਤਤਕਰੇ ਤੋਂ ਨਿਮਨ ਅੰਕਿਤ ਲੇਖ ਛਪੇ:

**(੧)** ਸਭ ਤੋਂ ਪਹਿਲਾ ਮੁੱਖ ਲੇਖ- ਗੁਰਦੁਆਰਾ ਬੁਰਜ ਸਾਹਿਬ ਦੇ ਝਗੜੇ ਬਾਰੇ

**(੨)** ਦੂਜਾ ਲੇਖ- ਸ੍ਰੀ ਮਾਨ ਸ. ਗੰਡਾ ਸਿੰਘ ਜੀ 'ਜਾਚਕ' ਸ੍ਰੀ ਅੰਮ੍ਰਿਤਸਰ ਦਾ 'ਸਿੱਖੀ ਕੇਸਾਂ ਸਵਾਸਾਂ ਨਾਲ'

**(੩)** ਭਾਈ ਬਾਦਿਲ ਸਿੰਘ ਜੀ ਪ੍ਰਚਾਰਕ ਦਾ 'ਪ੍ਰਚਾਰ ਦੇ ਸਾਧਨ'

ਇਸ ਅੰਕ ਵਿਚ ਲੇਖ 'ਪ੍ਰਸੰਸਾ ਪਤ੍ਰ' ਅਤੇ 'ਗੁੰਮਸ਼ੁਦਾ ਦੀ ਭਾਲ' ਆਦਿ ਦੇ ਇਸ਼ਤਿਹਾਰ ਵੀ ਛਪੇ। ਇਸੇ ਤਰ੍ਹਾਂ ਲੇਖ ਲੜੀ ਤਹਿਤ ਗੁਰਦੁਆਰਿਆਂ ਦਾ ਇਤਿਹਾਸ ਕਾਲਮ ਵਿਚ ਸਭ ਤੋਂ ਪਹਿਲਾਂ ਅਗਸਤ, ੧੯੩੨ ਈ. ਨੂੰ 'ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸ ਅਤੇ ਮਰਯਾਦਾ' ਛਾਪੀ ਗਈ। ਅਗਲੇਰੇ ਅੰਕਾਂ ਵਿਚ ਲਗਾਤਾਰ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ ਛਾਪਿਆ ਜਾਂਦਾ ਰਿਹਾ। ਨਵੰਬਰ, ੧੯੩੨ ਈ. ਵਾਲਾ ਅੰਕ, ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਵਿਸ਼ੇਸ਼ ਅੰਕ 'ਨਿਰੰਕਾਰੀ ਨਾਂ' ਦੇ ਹੇਠ ਛਾਪਿਆ ਗਿਆ ਅਤੇ ਬਕਾਇਦਾ ਸ. ਜੈਮਲ ਸਿੰਘ ਕੋਹਾਟੀ ਜੀ ਦਾ ਸੰਪਾਦਕ ਵਜੋਂ ਨਾਂ ਇਸ ਪੱਤਰ ਦੇ ਮੁੱਖ ਪੰਨੇ ਉੱਪਰ ਛਪਿਆ। ਇਸ ਅੰਕ ਦੇ ਪਹਿਲੇ ਪੰਨੇ 'ਤੇ "ਵਧਾਈ" ਸ਼ਬਦ ਤਿੰਨ ਵਾਰ ਲਿਖਿਆ ਹੋਣਾ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਅੰਕ ਹੋਣ ਅਤੇ ਉਨ੍ਹਾਂ ਦੇ ਪ੍ਰਕਾਸ਼ ਗੁਰਪੁਰਬ ਦੀ ਮੁਬਾਰਕਬਾਦ ਦੇਣ ਦਾ ਸੂਚਕ ਹੈ। ਇਹ ਅੰਕ ਭੇਟਾ ਰਹਿਤ ਛਾਪਿਆ ਸੀ। ਇਸ ਅੰਕ ਦੇ ਐਡੀਟੋਰੀਅਲ ਵਿਚ ਵੀ ਦੱਸਿਆ ਹੈ ਕਿ ਇਹ ਅੰਕ ਛਾਪਣ ਦਾ ਫੈਸਲਾ ਥੋੜ੍ਹੇ ਸਮੇਂ ਵਿਚ ਕੀਤਾ ਗਿਆ ਅਤੇ ਹੋਰ ਵਾਧਾ ਕਰਦੇ ਹੋਏ ਇਸ ਵਿਚ ਕਵਿਤਾਵਾਂ ਵੀ ਛਾਪੀਆਂ ਗਈਆਂ। ਇਸ ਅੰਕ ਦੇ ਪਹਿਲੇ ਅੰਕਾਂ ਤੋਂ ਵਧੇਰੇ ਪੰਨੇ ੭੨ ਹਨ। ਇਸ ਅੰਕ ਵਿਚ ਗਿਆਨਵਰਧਕ ਇਤਿਹਾਸਿਕ ਲੇਖ, ਪ੍ਰੋੜ੍ਹ ਵਿਦਵਾਨਾਂ ਦੇ ਛਾਪੇ ਗਏ, ਪਰ ਅੰਕ ਦਾ ਤਤਕਰਾ ਨਹੀਂ ਹੈ।

ਜਨਵਰੀ, ੧੯੩੩ ਈ. ਨੂੰ ਇਸ ਪੱਤਰ ਦਾ 'ਦਸ਼ਮੇਸ਼ ਨੰਬਰ' ਸਿਰਲੇਖ ਤਹਿਤ ਛਾਪਿਆ ਗਿਆ ਜੋ ਭੇਟਾ ਰਹਿਤ ਅਤੇ ਇਸ ਦੇ ਵੀ ਐਡੀਟਰ ਸ. ਜੈਮਲ ਸਿੰਘ ਕੋਹਾਟੀ

ਸਨ। ਇਹ ਅੰਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਹੈ, ਇਸ ਦੇ ਪੰਨੇ ੮੮ ਹਨ। ਇਸ ਅੰਕ ਵਿਚ ਵੀ ਤਤਕਰੇ ਤੋਂ ਬਿਨਾਂ ਬਹੁਤ ਸਾਰੇ ਪ੍ਰੋੜ੍ਹ ਵਿਦਵਾਨਾਂ ਦੇ ਲੇਖ ਅਤੇ ਖ਼ੂਬਸੂਰਤ ਕਵਿਤਾਵਾਂ ਛਾਪੀਆਂ ਗਈਆਂ। ਇਹ ਅੰਕ 'ਅਕਾਲੀ ਪਤ੍ਰਕਾ ਪ੍ਰੈੱਸ' ਬ੍ਰਾਂਡਰਥ ਰੋਡ, ਲਾਹੌਰ ਤੋਂ ਛਪਿਆ ਸੀ। ੫ ਮਾਰਚ, ੧੯੩੩ ਈ. ਦਿਨ ਐਤਵਾਰ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ ਮੀਟਿੰਗ ਵਿਚ 'ਗੁਰਦੁਆਰਾ ਗਜ਼ਟ' ਦੇ ਸਪੈਸ਼ਲ ਅੰਕ ਕੱਢਣ 'ਤੇ ਰੋਕ ਲਾਉਣ ਲਈ ਇਹ ਕਾਰਵਾਈ ਹੋਈ, "ਗਿਆਨੀ ਸ਼ੇਰ ਸਿੰਘ ਜੀ ਦੀ ਰਾਇ ਨੋਟ ਕੀਤੀ ਗਈ ਕਿ 'ਗੁਰਦੁਆਰਾ ਗਜ਼ਟ' ਚੂੰਕਿ ਇਕ ਆਫੀਸ਼ਲ ਗਜ਼ਟ ਹੈ, ਇਸ ਲਈ ਦਫ਼ਤਰੀ ਜਾਂ ਆਫੀਸ਼ਲ ਕਾਰਵਾਈ ਤੋਂ ਛੁੱਟ ਇਸ ਦਾ ਕੋਈ ਗੁਰਪੁਰਬ ਨੰਬਰ ਅਥਵਾ ਹੋਰ ਵਿਸ਼ੇਸ਼ ਅੰਕ ਨਹੀ ਕੱਢਣਾ ਚਾਹੀਏ।"[੬] ਪ੍ਰੰਤੂ ਇਸ ਰਾਇ ਵਲ ਹੋਰ ਮੈਂਬਰਾਂ ਨੇ ਬਹੁਤਾ ਧਿਆਨ ਨਾ ਦਿੱਤਾ। ਜਨਵਰੀ, ਫਰਵਰੀ, ੧੯੩੪ ਈ. ਤੋਂ ਇਸ ਪੱਤਰ ਵਿਚ ਦੇਸੀ ਮਹੀਨੇ ਮਾਘ, ਫੱਗਣ ਦੀ ਵਿਆਖਿਆ ਵੀ ਛਾਪੀ ਗਈ। ਜੂਨ, ੧੯੩੫ ਈ. ਤੋਂ ਇਹ ਪੱਤਰ 'ਅਕਾਲੀ ਪੱਤ੍ਰਕਾ' ਪ੍ਰੈੱਸ ਛਾਪਾ ਅਖ਼ਬਾਰ ਸਟ੍ਰੀਟ ਲਾਹੌਰ ਤੋਂ ਛਪਣ ਲੱਗਾ।

ਮਈ, ੧੯੩੬ ਈ. ਦਾ ਅੰਕ ਬਹੁਤ ਮਹੱਤਵਪੂਰਨ ਹੈ, ਜਿਸ ਵਿਚ ਸਰਬ ਹਿੰਦ ਸਿੱਖ ਮਿਸ਼ਨ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦੇ ਆਰੰਭਕ ਨਿਯਮ ਅਤੇ ਸਰਬ ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫਰੰਸ ਅੰਮ੍ਰਿਤਸਰ ਦੀ ਸਾਰੀ ਰਿਪੋਰਟ (੧ ਤੋਂ ੪੬ ਪੰਨੇ ਤਕ) ਛਾਪੀ ਗਈ ਹੈ।

ਫਰਵਰੀ, ੧੯੪੦ ਈ. ਨੂੰ ਸ. ਮੁਬਾਰਿਕ ਸਿੰਘ, ਸੰਪਾਦਕ ਦੀ ਅਗਵਾਈ ਹੇਠ ਸ੍ਰੀ ਕਲਗੀਧਰ ਪ੍ਰੈਸ ੧੩, ਮੈਕਲੇਗਨ ਰੋਡ, ਲਾਹੌਰ ਤੋਂ ਪੱਤਰ ਛਪਣ ਲੱਗਾ। ਲਗਪਗ ਨਵੰਬਰ, ੧੯੪੧ ਈ. ਨੂੰ ਸ. ਸਾਧੂ ਸਿੰਘ ਹਮਦਰਦ ਨੂੰ ਐਡੀਟਰ ਲਗਾ ਦਿੱਤਾ ਗਿਆ। ਉਨ੍ਹਾਂ ਦੀ ਰਹਿਨੁਮਾਈ ਹੇਠ ਪਹਿਲੀ ਵਾਰ ਸਤੰਬਰ, ੧੯੪੨ ਈ. ਦੇ ਅੰਕਾਂ 'ਤੇ 'ਤੇਜਾ ਸਿੰਘ ਸਮੁੰਦਰੀ ਹਾਲ' ਦੀ ਫੋਟੋ ਮੁੱਖ ਪੰਨੇ ਉੱਪਰ ਛਾਪਣੀ ਸ਼ੁਰੂ ਕੀਤੀ ਗਈ, ਸ੍ਰੀ ਕਲਗੀਧਰ ਪ੍ਰੈਸ ਤੋਂ ਬਾਅਦ ਇਹ ਅਕਾਲੀ ਪੱਤ੍ਰਕਾ ਪ੍ਰੈੱਸ ਤੋਂ ਛਪਦਾ ਰਿਹਾ।

੧੯੪੦ ਈ. ਤੋਂ ਬਾਅਦ ਦੇ ਸਾਲਾਂ ਵਿਚ ਸਰਬ ਹਿੰਦ ਪ੍ਰਚਾਰ ਮਿਸ਼ਨ ਦੀ ਪ੍ਰਚਾਰ ਰਿਪੋਰਟ ਘੱਟ-ਵੱਧ ਹੀ ਛਪਦੀ ਸੀ। ਅਗਸਤ, ੧੯੪੮ ਈ. ਦੇ ਅੰਕ ਦੇ ਐਡੀਟਰ ਪ੍ਰੋ. ਹਰਿਭਜਨ ਸਿੰਘ ਪਿਛਲੇ ਲਗਪਗ ਇਕ ਸਾਲ ਮਾਸਿਕ ਪੱਤਰ ਨਾ ਛਪਣ ਬਾਰੇ ਇਸ ਅੰਕ ਦੀ ਸ਼ੁਰੂਆਤ ਦੇ ਲੇਖ "ਭੂਤ-ਭਵਿਖ" ਵਿਚ ਦੱਸਦੇ ਹਨ ਕਿ ਸਾਲ ਪਹਿਲਾਂ ਗਜ਼ਟ ਲਾਹੌਰੋਂ ਛਪਿਆ ਕਰਦਾ ਸੀ। ਫਿਰ ਜੁਗ-ਗਰਦੀ, ਦੇਸ਼ ਵੰਡ ਦੇ ਕਾਰਨ ਲਗਪਗ ਅਗਸਤ, ੧੯੪੭ ਈ. ਤੋਂ ਜੁਲਾਈ, ੧੯੪੮ ਈ. ਤਕ ਬੰਦ ਰਿਹਾ। ਹੁਣ ਅਗਸਤ, ੧੯੪੮ ਈ. ਦਾ ਅੰਕ ਅਣਚਾਹੀ ਚੁੱਪੀ ਮਗਰੋਂ ਫੇਰ ਆਪ ਦੇ ਹੱਥਾਂ ਵਿਚ ਪੁੱਜ ਰਿਹਾ ਹੈ। ਅਗਲਾ ਪਰਚਾ ਕੁਝ ਨਵੇਂ ਵਾਧਿਆਂ ਅਤੇ ਨਿਵੇਕਲੇ ਰੂਪ ਵਿਚ ਆਪ ਦੀ ਖਿਦਮਤ ਵਿਚ ਹਾਜ਼ਰੀ ਲਗਾਵੇਗਾ। ਇਸ ਪਰਚੇ ਰਾਹੀਂ ਲਿਖਤੀ ਤੌਰ 'ਤੇ ਧਰਮ ਪ੍ਰਚਾਰ ਕਰਨ ਦਾ ਫੈਸਲਾ ਕੀਤਾ ਗਿਆ ਹੈ ਅਤੇ

ਅਗਲੇ ਅੰਕਾਂ ਵਿਚ ਸਿੱਖ ਧਰਮ, ਸਮਾਜ ਅਤੇ ਸਭਿਅਤਾ ਬਾਰੇ ਉੱਚ ਪਾਏ ਦੇ ਲੇਖ ਛਾਪੇ ਜਾਣਗੇ। ਇਹ ਅਗਸਤ, ੧੯੪੮ ਈ. ਦਾ ਅੰਕ 'ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈੱਸ 'ਕਟੜਾ ਜਲਿਆਂਵਾਲਾ, ਸ੍ਰੀ ਅੰਮ੍ਰਿਤਸਰ ਤੋਂ ਛਪ ਕੇ ਦਫ਼ਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਇਆ। ਇਸ ਅੰਕ ਵਿਚ ਸਿੱਖ ਹਿਸਟਰੀ ਸੁਸਾਇਟੀ, ਅੰਮ੍ਰਿਤਸਰ ਵੱਲੋਂ ਕਰਵਾਏ ਜਾਂਦੇ ਇਤਿਹਾਸਕ ਲੈਕਚਰ ਲੜੀ ਦੇ ਅੱਠ ਲੈਕਚਰਾਂ ਦੇ ਵਿਵਰਣ ਵੀ ਛਾਪੇ ਗਏ ਹਨ।

ਅਕਤੂਬਰ, ੧੯੪੮ ਈ. ਦਾ ਪਲੇਠਾ ਅੰਕ ਸੰਪਾਦਨਾ ਦੀ ਖੋਜ ਵਿਧੀ ਅਨੁਸਾਰੀ ਬਕਾਇਦਾ ਤੌਰ 'ਤੇ ਤਤਕਰਾ ਆਦਿ ਬਣਾ ਕੇ ਐਡੀਟਰ ਪ੍ਰੋ. ਹਰਿਭਜਨ ਸਿੰਘ ਦੁਆਰਾ ਛਾਪਿਆ ਗਿਆ। ਜਿਸ 'ਚ ਸਿੱਖ ਵਿਦਵਾਨਾਂ ਗਿ. ਲ਼ਾਲ ਸਿੰਘ ਸੰਗਰੂਰ, ਗਿ. ਬਾਦਿਲ ਸਿੰਘ, ਸ. ਰਣਧੀਰ ਸਿੰਘ, ਸ. ਹਰਿਭਜਨ ਸਿੰਘ, ਸ. ਰਘਬੀਰ ਸਿੰਘ ਬੀਰ, ਪ੍ਰੋ. ਪਿਆਰਾ ਸਿੰਘ ਪਦਮ. ਗਿ. ਗੁਰਦਿੱਤ ਸਿੰਘ ਜੀ ਦੇ ਵੱਖ-ਵੱਖ ਵਿਸ਼ਿਆਂ 'ਤੇ ਲੇਖ ਛਾਪੇ ਗਏ। ਸੰਪਾਦਕ ਸਾਹਿਬਾਨ ਦੀ ਵੀ ਚਿਰਕੋਣੀ ਇੱਛਾ ਸੀ ਕਿ ਇਸ ਪਰਚੇ ਵਿਚ ਬਕਾਇਦਾ ਤੌਰ 'ਤੇ ਇਤਿਹਾਸਿਕ, ਸਿਧਾਂਤਕ ਲੇਖ ਛਾਪੇ ਜਾਣ, ਵਿਚ ਵਾਰ ਕਈ ਅੰਕਾਂ ਵਿਚ ਛਾਪੇ ਵੀ ਗਏ, ਪਰ ਨਿਰੰਤਰਤਾ ਨਾ ਬਣ ਸਕੀ। ਅਕਤੂਬਰ, ੧੯੪੮ ਈ. ਦੇ ਅੰਕ ਤੋਂ ਬਾਅਦ ਇਹ ਲੇਖ ਲੜੀ ਲਗਾਤਾਰ ਛਪਣੀ ਸ਼ੁਰੂ ਹੋ ਗਈ ਸੀ। ਇਸ ਬਾਬਤ ਪ੍ਰਵਾਨਗੀ ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ ਮਿਤੀ ੦੬ ਮਾਰਚ, ੧੯੪੯ ਈ. ਵਿਚ 'ਗੁਰਦੁਆਰਾ ਗਜ਼ਟ' ਵਿਚ ਸਾਹਿਤਕ ਵਾਧਾ ਕਰਦੇ ਹੋਏ ਧਾਰਮਿਕ ਲੇਖ ਛਾਪਣ ਦੀ ਪ੍ਰਵਾਨਗੀ ਦਿੱਤੀ ਗਈ। ਇਸ ਅੰਕ ਤੋਂ ਪਰਚੇ ਦਾ ਸਲਾਨਾ ਚੰਦਾ ੨ ਰੁਪਏ ਤੋਂ ਵਧਾ ਕੇ ੫ ਰੁ: ਸਲਾਨਾ ਕਰ ਦਿੱਤਾ ਗਿਆ। ਇਕ ਕਾਪੀ ਦੀ ਕੀਮਤ ੭ ਆਨੇ ਸੀ। ਕਾਫੀ ਅਰਸੇ ਬਾਅਦ ਸੰਪਾਦਕ ਹਰਿਭਜਨ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਨਵੰਬਰ, ੧੯੪੮ ਈ. ਦਾ ਅੰਕ 'ਨਿਰੰਕਾਰੀ ਨੰਬਰ' ਦੇ ਸਿਰਲੇਖ ਹੇਠ ਛਪਿਆ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਪ੍ਰਬੁੱਧ ਵਿਦਵਾਨਾਂ ਦੇ ਲੇਖ ਕਵਿਤਾਵਾਂ ਆਦਿ ਛਪੇ। ਅੰਤ ਵਿਚ ਸ੍ਰੀ ਹਜੂਰ ਸਾਹਿਬ ਨਾਂਦੇੜ ਦੇ ਦਰਸ਼ਨਾਂ ਲਈ ਗਏ, ਡੈਪੂਟੇਸ਼ਨ ਦੀ ਰਿਪੋਰਟ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜ਼ਰੂਰੀ ਮਤੇ ਆਦਿ ਛਾਪੇ ਗਏ। ਨਵੰਬਰ ੧੯੪੮ ਈ. ਤੋਂ ਇਸ ਪਰਚੇ ਉੱਪਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਤਸਵੀਰ ਛਪਣੀ ਸ਼ੁਰੂ ਹੋ ਗਈ ਸੀ। ਜੁਲਾਈ, ੧੯੪੯ ਈ. ਦਾ ਅੰਕ ਇਸੇ ਮਹੀਨੇ ਆਪਣੀ ਸ਼ੁਰੂ ਕੀਤੀ ਗਈ 'ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ' (ਰਾਮਸਰ ਰੋਡ) ਅੰਮ੍ਰਿਤਸਰ ਤੋਂ ਛਪਿਆ। ਇਸੇ ਮਹੀਨੇ ਤੋਂ ਹੀ ਗੁਰਦੁਆਰਾ ਪ੍ਰਿੰਟਿੰਗ ਪ੍ਰੈਸ ਸ਼ੁਰੂ ਕੀਤੀ ਸੀ।[੭]

ਸਤੰਬਰ, ੧੯੪੯ ਈ. ਨੂੰ ਇਸ ਪੱਤਰ ਦਾ ਚੰਦਾ ਸਾਲਾਨਾ ਦੇਸ਼ ੫ ਰੁ. ਅਤੇ ਚੰਦਾ ਸਾਲਾਨਾ ਪ੍ਰਦੇਸ ੭ ਰੁਪਏ ਅਤੇ ਇਕ ਕਾਪੀ ਦੀ ਕੀਮਤ ੭ ਆਨੇ ਸੀ। ਸਾਲਾਨਾ ਪ੍ਰਦੇਸ ਤੋਂ ਭਾਵ ਕਿ ੧੯੪੯ ਈ. ਦੇ ਨੇੜੇ-ਤੇੜੇ ਇਸ ਪੱਤਰ ਦੀ ਹਰਮਨ ਪਿਆਰਤਾ ਦੇਸ਼ ਦੇ ਨਾਲ-ਨਾਲ ਵਿਦੇਸ਼ ਵਿਚ ਵੀ ਵੱਧ ਗਈ ਸੀ ਜੋ ਕਿ ਇਸ ਦੇ ਸੁਯੋਗ ਸੰਪਾਦਕ ਪ੍ਰੋ.

ਹਰਿਭਜਨ ਸਿੰਘ ਜੀ ਦੀ ਮਿਹਨਤ ਦਾ ਸਿੱਟਾ ਸੀ। ਭਾਰਤ / ਪਾਕਿਸਤਾਨ ਦੀ ਵੰਡ ਪੈ ਜਾਣ ਕਾਰਨ ਸ਼ਾਇਦ ਇਸ ਵਿਛੋੜੇ ਦੀ ਚੀਸ ਦੇ ਪ੍ਰਗਟਾ ਲਈ, ਇਸ ਪੱਤਰ ਉੱਪਰ ਵੀ ਸਤੰਬਰ, ੧੯੪੯ ਈ. ਤੋਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜੀ ਦੀ ਤਸਵੀਰ ਛਾਪਣੀ ਸ਼ੁਰੂ ਕਰ ਦਿੱਤੀ ਗਈ। ਇਸ ਪੱਤਰ ਵਿਚ ਗੁਰਦੁਆਰਾ ਪ੍ਰਿੰਟਿੰਗ ਪ੍ਰੈੱਸ ਲੱਗਣ ਤੋਂ ਬਾਅਦ, ਛਪਣ ਵਾਲੇ ਧਾਰਮਿਕ ਲਿਟਰੇਚਰ ਦੀ ਐਡ ਵੀ ਕੀਤੀ ਜਾਂਦੀ ਸੀ।

ਅਕਤੂਬਰ, ੧੯੪੯ ਈ. ਤੋਂ ਅਪ੍ਰੈਲ, ੧੯੫੦ ਈ. ਤਕ ਸ. ਪਿਆਰਾ ਸਿੰਘ ਪਦਮ ਜੀ ਨੇ ਬੜੀ ਤਨਦੇਹੀ ਨਾਲ ਇਸ ਧਾਰਮਿਕ ਮਾਸਕ ਪੱਤਰ ਦੀ ਸੰਪਾਦਨਾ ਕੀਤੀ ਅਤੇ ਮਈ, ੧੯੫੦ ਈ. ਵਿਚ ਪ੍ਰੋ. ਹਰਿਭਜਨ ਸਿੰਘ ਜੀ ਮੁੜ ਸੰਪਾਦਕ ਨਿਯੁਕਤ ਹੋ ਗਏ। ਅਪ੍ਰੈਲ, ੧੯੫੦ ਈ. ਵਿਚ ਜਦ ਧਾਰਮਿਕ ਪ੍ਰੀਖਿਆ ਲੈਣ ਬਾਰੇ ਵਿਚਾਰ ਹੋਈ ਤਾਂ ਇਸ ਦੇ ਨਿਯਮ, ਉਪਨਿਯਮ ਅਤੇ ਸਿਲੇਬਸ ਅਪ੍ਰੈਲ, ਮਈ ਅਤੇ ਜੂਨ ਅੰਕ ਵਿਚ ਛਾਪੇ ਗਏ ਸਨ। ਆਪਣੀ ਪ੍ਰਿੰਟਿੰਗ ਪ੍ਰੈਸ ਲੱਗਣ ਦੇ ਕਾਰਨ ਗੁਟਕਾ ਸਾਹਿਬ, ਇਤਿਹਾਸਿਕ ਪੁਸਤਕਾਂ ਆਦਿ ਲਗਾਤਾਰ ਛਪਣੀਆਂ ਸ਼ੁਰੂ ਹੋ ਗਈਆਂ। ਜਿਸ ਕਰਕੇ ਇਨ੍ਹਾਂ ਦੀ ਖਰੀਦ ਵਧਾਉਣ ਲਈ ਪੁਸਤਕ ਸੂਚੀ 'ਗੁਰਦੁਆਰਾ ਗਜ਼ਟ' ਵਿਚ ਛਾਪੀ ਜਾਂਦੀ। ਜੁਲਾਈ, ੧੯੫੦ ਈ. ਨੂੰ ਸ. ਰਵੇਲ ਸਿੰਘ ਮੀਤ ਸਕੱਤਰ ਜੀ ਗੁਰਦੁਆਰਾ ਗਜ਼ਟ, ਸੰਪਾਦਕ ਦੀ ਡਿਊਟੀ ਨਿਭਾਉਣ ਲੱਗੇ, ਪਰ ਉਨ੍ਹਾਂ ਦਾ ਨਾਂ ਪਰਚੇ ਦੇ ਸ਼ੁਰੂ ਵਿਚ ਨਹੀਂ ਛਪਦਾ ਸੀ, ਸਗੋਂ ਸਭ ਤੋਂ ਪਿੱਛੋਂ ਜਿੱਥੇ ਪ੍ਰੈੱਸ ਦਾ ਨਾਂ ਦਿੱਤਾ ਜਾਂਦਾ ਸੀ, ਉੱਥੇ ਹੇਠਾਂ ਹੀ ਐਡੀਟਰ ਰਵੇਲ ਸਿੰਘ ਲਿਖਿਆ ਜਾਂਦਾ ਰਿਹਾ। ਨਵੰਬਰ, ੧੯੫੦ ਈ. ਦਾ 'ਨਿਰੰਕਾਰੀ ਅੰਕ' ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਰੇ ਸੀ, ਫਿਰ ਪਰਚਾ ਬਿਨਾਂ ਤਤਕਰੇ ਛਪਣ ਲੱਗਾ। ਜਨਵਰੀ, ੧੯੫੧ ਦਾ ਅੰਕ ਬਕਾਇਦਾ ਤਤਕਰਾ ਆਦਿ ਬਣਾ ਕਿ ਐਡੀਟਰ ਸ. ਅਮਰ ਸਿੰਘ 'ਚਾਕਰ', ਚੀਫ਼ ਐਡੀਟਰ ਕਰਤਾਰ ਸਿੰਘ ਐਮ. ਏ., ਐਡੀਟਰ ਇੰਚਾਰਜ ਪ੍ਰੋ. ਹਰਿਭਜਨ ਸਿੰਘ ਦੀ ਸੰਪਾਦਕੀ ਟੀਮ ਦੀ ਅਗਵਾਈ ਹੇਠ ਛਪਣ ਲੱਗਾ। ਪ੍ਰੋ. ਹਰਿਭਜਨ ਸਿੰਘ ਜੁਲਾਈ, ੧੯੫੧ ਈ. ਤੋਂ ਸੰਪਾਦਕ ਦੀ ਸੇਵਾ ਤੋਂ ਹਟ ਕੇ ਫਿਰ ਨਵੰਬਰ, ੧੯੫੧ ਈ. ਨੂੰ ਮੁੜ ਐਡੀਟਰ ਇੰਚਾਰਜ ਲੱਗ ਜਾਂਦੇ ਹਨ।

ਜਨਵਰੀ, ੧੯੫੪ ਈ. ਵਿਚ ਇਸ ਪਰਚੇ ਵਿਚ ਆਫ਼ਿਸ ਰਿਪੋਰਟ ਆਦਿ ਅੰਗਰੇਜ਼ੀ ਭਾਸ਼ਾ ਵਿਚ ਛਪਣੀ ਸ਼ੁਰੂ ਹੋਈ ਅਤੇ ਉਸ ਦੇ ਪਹਿਲਾਂ ਐਡੀਟਰ ਸ. ਰਵੇਲ ਸਿੰਘ ਬੀ. ਏ. ਸਨ। ਫਿਰ ਅੰਗਰੇਜ਼ੀ ਸੈਕਸ਼ਨ ਦੇ ਫਰਵਰੀ ੧੯੫੪ ਈ. ਤੋਂ ਅਕਤੂਬਰ ੧੯੫੪ ਈ. ਤਕ) ਪ੍ਰੋ. ਹਰਿਭਜਨ ਸਿੰਘ ਐਡੀਟਰ ਰਹੇ। ਪੰਜਾਬੀ ਗੁਰਦੁਆਰਾ ਗਜ਼ਟ ਦੇ ਸੰਪਾਦਕ ਗਿ. ਦਸੌਂਧਾ ਸਿੰਘ ਮੁਸ਼ਤਾਕ ਅਗਸਤ, ੧੯੫੪ ਈ. ਨੂੰ ਨਿਯੁਕਤ ਹੋ ਗਏ।

**ਹਵਾਲੇ :**

**੪.** *ਗੁਰਦ੍ਵਾਰਾ ਗਜ਼ਟ* ਸ੍ਰੀ ਅੰਮ੍ਰਿਤਸਰ ਜੀ, (ਭਾਗ ੮) ਜੂਨ, ੧੯੨੯, **੫.** *ਗੁਰਦ੍ਵਾਰਾ ਗਜ਼ਟ* ਸ੍ਰੀ ਅੰਮ੍ਰਿਤਸਰ , ਜੂਨ, ੧੯੩੨, **੬.** ਸ. ਸ਼ਮਸੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸਿੱਖ ਇਤਿਹਾਸ ਰੀਸਰਚ ਬੋਰਡ,ਅੰਮ੍ਰਿਤਸਰ,ਪੰਨਾ-੧੧੪, **੭.** *ਗੁਰਦੁਆਰਾ ਗਜ਼ਟ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੁਲਾਈ ੧੯੪੯, ਪੰਨਾ ੪.

**ਚਲਦਾ...**

# ਪੰਥ ਦੇ ਬੇਤਾਜ ਬਾਦਸ਼ਾਹ: ਬਾਬਾ ਖੜਕ ਸਿੰਘ ਜੀ

*-ਸ੍ਰੀ ਦਲਜੀਤ ਰਾਏ ਕਾਲੀਆ**

ਬਾਬਾ ਖੜਕ ਸਿੰਘ ਜੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਮੋਢੀ, ਸਿਰੜ, ਸਿਦਕ, ਦ੍ਰਿੜ੍ਹਤਾ, ਤਪ-ਤਿਆਗ ਅਤੇ ਚੜ੍ਹਦੀ ਕਲਾ ਦੇ ਪੁੰਜ ਪ੍ਰਸਿੱਧ ਦੇਸ਼ ਭਗਤ ਸਨ। ਉਹ ਕਾਂਗਰਸ ਅਤੇ ਅਕਾਲੀ ਦਲ ਦੇ ਪ੍ਰਮੁੱਖ ਆਗੂ ਸਨ। ਉਨ੍ਹਾਂ ਦਾ ਜਨਮ ੬ ਜੂਨ, ੧੮੬੭ ਈ. ਨੂੰ ਸਿਆਲਕੋਟ ਵਿਖੇ ਰਾਏ ਬਹਾਦਰ ਹਰੀ ਸਿੰਘ ਆਹਲੂਵਾਲੀਆ ਦੇ ਘਰ ਹੋਇਆ। ਉਨ੍ਹਾਂ ਨੇ ਸਕਾਟ ਮਿਸ਼ਨ ਸਕੂਲ, ਸਿਆਲਕੋਟ ਤੋਂ ਦਸਵੀਂ ਅਤੇ ਮਰੇ ਕਾਲਜ, ਸਿਆਲਕੋਟ ਤੋਂ ਇੰਟਰ ਦਾ ਇਮਤਿਹਾਨ ਪਾਸ ਕੀਤਾ। ਇਸ ਤੋਂ ਪਿੱਛੋਂ ਉਹ ਗੌਰਮਿੰਟ ਕਾਲਜ, ਲਾਹੌਰ ਵਿਚ ਦਾਖ਼ਲ ਹੋ ਗਏ ਅਤੇ ਇੱਥੋਂ ਬੀ.ਏ. ੧੮੮੯ ਈ. ਵਿਚ ਪਾਸ ਕੀਤੀ। ਇਹ ਇਸ ਕਾਲਜ ਤੋਂ ਗ੍ਰੈਜੂਏਟ ਕਰਨ ਵਾਲਿਆਂ ਦਾ ਪਹਿਲਾ ਬੈਚ ਸੀ। ਬੀ.ਏ. ਕਰਨ ਉਪਰੰਤ ਉਹ ਵਕਾਲਤ ਕਰਨ ਲਈ ਅਲਾਹਾਬਾਦ ਦੇ ਲਾਅ ਕਾਲਜ ਵਿਚ ਦਾਖ਼ਲ ਹੋ ਗਏ, ਪਰ ਪਿਤਾ ਜੀ ਦੇ ਅਕਾਲ ਚਲਾਣੇ ਕਾਰਨ ਪੜ੍ਹਾਈ ਅਧੂਰੀ ਛੱਡ ਕੇ ਸਿਆਲਕੋਟ ਪਰਤ ਆਏ।

੧੯੧੨ ਈ. ਵਿਚ ਉਨ੍ਹਾਂ ਨੂੰ ਸਿਆਲਕੋਟ ਵਿਖੇ ਹੋਈ ਪੰਜਵੀਂ ਸਿੱਖ ਵਿੱਦਿਅਕ ਕਾਨਫਰੰਸ ਦੀ ਸਵਾਗਤੀ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ। ਉਨ੍ਹਾਂ ਦਿਨਾਂ ਵਿਚ ਸਿੱਖ ਵਿੱਦਿਅਕ ਕਾਨਫਰੰਸਾਂ ਦੀ ਵਿਸ਼ੇਸ਼ ਮਹੱਤਤਾ ਹੁੰਦੀ ਸੀ। ੧੯੧੬ ਈ. ਵਿਚ ਤਰਨ ਤਾਰਨ ਵਿਖੇ ਹੋ ਰਹੀ ਸਿੱਖ ਵਿੱਦਿਅਕ ਕਾਨਫਰੰਸ ਦੇ ਉਹ ਪ੍ਰਧਾਨ ਚੁਣੇ ਗਏ। ਕਾਨਫਰੰਸ ਵਿਚ ਸ਼ਾਮਲ ਹੋਣ ਲਈ ਜਦ ਉਹ ਤਰਨ ਤਾਰਨ ਦੇ ਰੇਲਵੇ ਸਟੇਸ਼ਨ ’ਤੇ ਪੁੱਜੇ ਤਾਂ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ ਗਿਆ। ਉਨ੍ਹਾਂ ਨੂੰ ਕਾਨਫਰੰਸ ਸਥਾਨ ’ਤੇ ਲਿਜਾਣ ਲਈ ਛੇ ਘੋੜਿਆਂ ਵਾਲੀ ਬੱਗੀ ਹਾਜ਼ਰ ਸੀ, ਪਰ ਉਨ੍ਹਾਂ ਬੱਘੀ ’ਤੇ ਬੈਠਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ, "ਮੈਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਦਰਸ਼ਨਾਂ ਲਈ ਹਾਜ਼ਰ ਹੋ ਰਿਹਾ ਹਾਂ, ਇਸ ਲਈ ਬੱਘੀ ਦੀ ਥਾਂ ਨੰਗੇ ਪੈਰੀਂ ਚੱਲ ਕੇ ਹਾਜ਼ਰ ਹੋਵਾਂਗਾ।" ਉਨ੍ਹਾਂ ਸਾਰੀ ਸੰਗਤ ਨਾਲ ਪੈਦਲ ਚੱਲ ਕੇ ਗੁਰੂ ਦਰਬਾਰ ਅਤੇ ਕਾਨਫਰੰਸ ਵਾਲੀ ਥਾਂ ’ਤੇ ਪਹੁੰਚ ਕੇ ਪੁਰਾਤਨ ਚੱਲੀ ਆ ਰਹੀ ਰਵਾਇਤ ਨੂੰ ਤੋੜ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਸਦਕਾ, ਪੰਥਕ ਹਲਕਿਆਂ ਵਿਚ ਉਨ੍ਹਾਂ ਦਾ ਸਤਿਕਾਰ ਹੋਰ ਵੀ ਵਧ ਗਿਆ। ਜਦੋਂ ਕਾਨਫਰੰਸ ਸ਼ੁਰੂ ਹੋਈ ਤਾਂ ਸਰਕਾਰ-ਪੱਖੀ ਧੜੇ ਨੇ ਪਹਿਲੇ ਵਿਸ਼ਵ-ਯੁੱਧ ਵਿਚ ਜਰਮਨੀ ਦੀ ਹਾਰ ਅਤੇ

* *#੧੫/੨੬੬, ਪੁਰਾਣੀ ਤਲਵੰਡੀ ਰੋਡ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-੧੪੨੦੪੭; ਮੋ. ੯੭੮੧੨-੦੦੧੬੮*

ਅੰਗਰੇਜ਼ਾਂ ਦੀ ਜਿੱਤ ਲਈ ਮਤਾ ਪੇਸ਼ ਕਰਨਾ ਚਾਹਿਆ ਅਤੇ ਸਦਾ ਅੰਗਰੇਜ਼ ਰਾਜ ਦੇ ਅਟੱਲ ਬਣੇ ਰਹਿਣ ਦੀ ਅਰਦਾਸ ਕਰਨੀ ਚਾਹੀ। ਪਰ ਬਾਬਾ ਜੀ ਨੇ ਕਾਨਫ਼ਰੰਸ ਵਿਚ ਅਜਿਹਾ ਮਤਾ ਪੇਸ਼ ਅਤੇ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ। ਬਾਬਾ ਜੀ ਨੇ ਇਸ ਸਮੇਂ ਕਿਹਾ, "ਮੈਂ ਕਦੇ ਵੀ ਅੰਗਰੇਜ਼ੀ ਰਾਜ ਦੀ ਸਲਾਮਤੀ ਦੀ ਅਤੇ ਆਪਣੇ ਦੇਸ਼ ਦੇ ਗ਼ੁਲਾਮ ਬਣੇ ਰਹਿਣ ਦੀ ਅਰਦਾਸ ਨਹੀਂ ਕਰ ਸਕਦਾ।"

੧੯੧੯ ਈ. ਵਿਚ ਵਾਪਰੇ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਪਿੱਛੋਂ ਬਾਬਾ ਖੜਕ ਸਿੰਘ ਰਾਜਸੀ ਪਿੜ ਵਿਚ ਪੂਰੀ ਤਰ੍ਹਾਂ ਸਰਗਰਮ ਹੋ ਗਏ। ਦਸੰਬਰ ੧੯੧੯ ਈ. ਵਿਚ 'ਸੈਂਟਰਲ ਸਿੱਖ ਲੀਗ' ਦੀ ਸਥਾਪਨਾ ਹੋਈ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੌਰਾਨ ਗੁਰਦੁਆਰਾ ਬੇਰ ਸਾਹਿਬ, ਸਿਆਲਕੋਟ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਲੱਗੇ ਮੋਰਚੇ ਵਿਚ ਬਾਬਾ ਖੜਕ ਸਿੰਘ ਸਰਗਰਮ ਹੋ ਗਏ। ਇਸ ਗੁਰਦੁਆਰਾ ਸਾਹਿਬ ਦਾ ਸਰਬਰਾਹ ਗੰਡਾ ਸਿੰਘ ਸਿੱਖੀ ਅਸੂਲਾਂ ਤੋਂ ਗਿਰਿਆ ਹੋਇਆ ਵਿਅਕਤੀ ਸੀ। ਸਿਆਲਕੋਟ ਦਾ ਡੀ.ਸੀ. ਮਿਸਟਰ ਫਾਈਸਨ ਉਸ ਦੀ ਹਮਾਇਤ 'ਤੇ ਸੀ। ਪਰ ਅਕਾਲੀ ਲਹਿਰ ਦੇ ਵਧਦੇ ਪ੍ਰਭਾਵ ਸਦਕਾ ਅਕਤੂਬਰ ੧੯੨੦ ਈ. ਵਿਚ ਇਸ ਗੁਰਦੁਆਰਾ ਸਾਹਿਬ ਦਾ ਕੰਟਰੋਲ ੧੩-ਮੈਂਬਰੀ ਚੁਣੀ ਹੋਈ ਕਮੇਟੀ ਕੋਲ ਆ ਗਿਆ ਅਤੇ ਗੰਡਾ ਸਿੰਘ ਨੂੰ ਪ੍ਰਬੰਧਾਂ ਤੋਂ ਵੱਖ ਕਰ ਦਿੱਤਾ ਗਿਆ। ੨੦ ਅਕਤੂਬਰ, ੧੯੨੦ ਈ. ਨੂੰ 'ਸੈਂਟਰਲ ਸਿੱਖ ਲੀਗ' ਦੇ ਲਾਹੌਰ ਵਿਖੇ ਹੋਏ ਦੂਸਰੇ ਇਜਲਾਸ ਦੀ ਪ੍ਰਧਾਨਗੀ ਬਾਬਾ ਖੜਕ ਸਿੰਘ ਨੇ ਕੀਤੀ। ਇਸ ਇਜਲਾਸ ਵਿਚ ਮਹਾਤਮਾ ਗਾਂਧੀ, ਅਲੀ ਭਰਾ (ਮੁਹੰਮਦ ਅਲੀ ਅਤੇ ਸ਼ੌਕਤ ਅਲੀ), ਸੈਫ-ਉਦ-ਦੀਨ ਕਿਚਲੂ ਅਤੇ ਮੌਲਾਨਾ ਅਬੁੱਲ-ਕਲਾਮ ਅਜ਼ਾਦ ਜਿਹੇ ਕੌਮੀ ਰਾਜਨੀਤੀ ਵਿਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਇਸ ਸੈਸ਼ਨ ਵਿਚ ਸੈਂਟਰਲ ਸਿੱਖ ਲੀਗ ਨੇ ਕਾਂਗਰਸ ਦੀ ਅੰਗਰੇਜ਼ਾਂ ਵਿਰੁੱਧ ਨਾ-ਮਿਲਵਰਤਣ ਦੀ ਲਹਿਰ ਦੇ ਹੱਕ ਵਿਚ ਮਤਾ ਪਾਸ ਕੀਤਾ।

ਜਦ ਕਈ ਗੁਰਦੁਆਰਾ ਸਾਹਿਬਾਨ ਪੰਥਕ ਪ੍ਰਬੰਧ ਹੇਠ ਆ ਗਏ ਤਾਂ ਸਿੱਖ ਆਗੂਆਂ ਨੇ ਇਨ੍ਹਾਂ ਦੇ ਪ੍ਰਬੰਧ ਲਈ ਇਕ ਕੇਂਦਰੀ ਸੰਸਥਾ ਦੀ ਲੋੜ ਅਨੁਭਵ ਕੀਤੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ੧੫ ਨਵੰਬਰ, ੧੯੨੦ ਈ. ਨੂੰ ਸਮੂਹ ਸਿੱਖਾਂ ਦੇ ਪ੍ਰਤੀਨਿਧਾਂ ਦਾ ਇਕ ਇਕੱਠ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਸੱਦਿਆ ਗਿਆ। ਪਰ ਇਸ ਇਕੱਠ ਤੋਂ ਦੋ ਦਿਨ ਪਹਿਲਾਂ ਹੀ ਸਰਕਾਰ ਨੇ ਚਾਲ ਚਲਦੇ ਹੋਏ ਸ੍ਰੀ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਕਰਨ ਲਈ ੩੬ ਮੈਂਬਰਾਂ ਦੀ ਇਕ ਕਮੇਟੀ ਐਲਾਨ ਦਿੱਤੀ। ਜਿਸ ਵਿਚ ਵਧੇਰੇ ਸਰਕਾਰ-ਪੱਖੀ ਆਦਮੀ ਫਿੱਟ ਕਰ ਦਿੱਤੇ ਅਤੇ ਕੁਝ ਸੁਧਾਰਵਾਦੀ ਪੰਥਕ ਆਗੂ ਵੀ ਸ਼ਾਮਲ ਕਰ ਲਏ। ੩੬-ਮੈਂਬਰੀ ਕਮੇਟੀ ਵਿਚ ਹਰਬੰਸ ਸਿੰਘ ਅਟਾਰੀ,

ਪ੍ਰਧਾਨ, ਭਾਈ ਜੋਧ ਸਿੰਘ ਐਮ.ਏ. ਸਕੱਤਰ ਅਤੇ ਬਾਬਾ ਖੜਕ ਸਿੰਘ ਮੀਤ ਸਕੱਤਰ ਨਿਯੁਕਤ ਕਰ ਦਿੱਤੇ। ਸਰਕਾਰ ਵੱਲੋਂ ਕਮੇਟੀ ਬਣਾਉਣ ਦੇ ਬਾਵਜੂਦ ੧੫ ਅਤੇ ੧੬ ਨਵੰਬਰ ਨੂੰ ਦੋ ਦਿਨ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਪੰਥਕ ਇਕੱਠ ਹੋਇਆ, ਜਿਸ ਵਿਚ ੧੭੫ ਮੈਂਬਰਾਂ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ। ਇਸ ਕਮੇਟੀ ਵਿਚ ਪਹਿਲਾਂ ਤੋਂ ਨਾਮਜ਼ਦ ੩੬ ਸਰਕਾਰੀ ਮੈਂਬਰ ਵੀ ਸ਼ਾਮਲ ਕਰ ਲਏ ਗਏ। ੧੨ ਦਸੰਬਰ, ੧੯੨੦ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉਦਘਾਟਨੀ ਮੀਟਿੰਗ ਹੋਈ। ਇਸ ਮੀਟਿੰਗ ਵਿਚ ਸੰਵਿਧਾਨ ਤਿਆਰ ਕਰਨ ਲਈ ਇੱਕ ਸਬ-ਕਮੇਟੀ ਬਣਾਈ ਗਈ, ਜਿਸ ਵਿਚ ਸਰਦਾਰ ਸੁੰਦਰ ਸਿੰਘ ਮਜੀਠੀਆ ਪ੍ਰਧਾਨ, ਹਰਬੰਸ ਸਿੰਘ ਮੀਤ ਪ੍ਰਧਾਨ ਅਤੇ ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ। ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਗਵਰਨਮੈਂਟ ਆਫ਼ ਇੰਡੀਆ ਐਕਟ ੧੯੧੯ ਅਧੀਨ ੧੯੨੧ ਦੇ ਸ਼ੁਰੂ ਵਿਚ ਬਣੀ ਕੇਂਦਰੀ ਵਜ਼ਾਰਤ ਵਿਚ ਸ਼ਾਮਲ ਹੋਣ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ। ਬਾਬਾ ਖੜਕ ਸਿੰਘ ਜੀ ਨੂੰ ਉਨ੍ਹਾਂ ਦੀ ਥਾਂ ਪ੍ਰਧਾਨ ਚੁਣ ਲਿਆ ਗਿਆ। ਸੰਵਿਧਾਨ ਬਣਨ ਤੋਂ ਪਿੱਛੋਂ ਜੁਲਾਈ ੧੯੨੧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਚੋਣ ਹੋਈ। ੧੪ ਅਗਸਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਜਨਰਲ ਇਕੱਤਰਤਾ ਵਿਚ ਬਾਬਾ ਖੜਕ ਸਿੰਘ ਨੂੰ ਸਰਬ-ਸੰਮਤੀ ਨਾਲ ਇਸ ਦਾ ਪ੍ਰਧਾਨ ਚੁਣ ਲਿਆ ਗਿਆ। ੭ ਨਵੰਬਰ, ੧੯੨੧ ਈ. ਨੂੰ ਅੰਮ੍ਰਿਤਸਰ ਦੇ ਡੀ.ਸੀ. ਨੇ ਤੋਸ਼ੇਖਾਨੇ ਦੀਆਂ ਚਾਬੀਆਂ ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਤੋਂ ਲੈ ਲਈਆਂ। ਬਾਬਾ ਖੜਕ ਸਿੰਘ ਦੀ ਅਗਵਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਅਤੇ ਚਾਬੀਆਂ ਵਾਪਸ ਲੈਣ ਲਈ ਜਬਰਦਸਤ ਅੰਦੋਲਨ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਦੇ 'ਤੇ ੧੨ ਨਵੰਬਰ ਨੂੰ ਸ੍ਰੀ ਅੰਮ੍ਰਿਤਸਰ ਦੇ ਅਕਾਲੀਆਂ ਦੇ ਬਾਗ਼ ਵਿਚ ਵਿਸ਼ਾਲ ਰੋਹ ਭਰਪੂਰ ਇਕੱਤਰਤਾ ਹੋਈ। ਇਸ ਇਕੱਤਰਤਾ ਵਿਚ ਫੈਸਲਾ ਲਿਆ ਗਿਆ ਕਿ ਸਰਕਾਰ ਵੱਲੋਂ ਨਾਮਜ਼ਦ ਨਵੇਂ ਸਰਬਰਾਹ ਨੂੰ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਕਿਸੇ ਕਿਸਮ ਦਾ ਦਖ਼ਲ ਨਾ ਦੇਣ ਦਿੱਤਾ ਜਾਵੇ।

੨੬ ਨਵੰਬਰ, ੧੯੨੧ ਈ. ਨੂੰ ਸ੍ਰੀ ਅੰਮ੍ਰਿਤਸਰ ਦੇ ਡੀ. ਸੀ. ਨੇ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਸਬੰਧੀ ਸਰਕਾਰੀ ਪੱਖ ਰੱਖਣ ਲਈ ਅਜਨਾਲਾ ਵਿਖੇ ਦਰਬਾਰ ਲਾਇਆ। ਇਸ ਮੁਕਾਬਲੇ ਵਿਚ ਅਕਾਲੀਆਂ ਨੇ ਵੀ ਇਸੇ ਦਿਨ ਅਜਨਾਲਾ ਵਿਖੇ ਧਾਰਮਿਕ ਦੀਵਾਨ ਲਾਇਆ। ਧਾਰਮਿਕ ਦੀਵਾਨ ਵਿਚ ਅਕਾਲੀ ਆਗੂ ਆਪਣੀਆਂ ਤਕਰੀਰਾਂ ਕਰ ਰਹੇ ਸਨ ਤਾਂ ਡੀ. ਸੀ. ਅੰਮ੍ਰਿਤਸਰ ਦੇ ਹੁਕਮ 'ਤੇ ਪੁਲਿਸ ਨੇ ਬਾਬੂ ਦਾਨ ਸਿੰਘ ਵਿਛੋਆ, ਸ. ਜਸਵੰਤ ਸਿੰਘ, ਪੰਡਤ ਦੀਨਾ ਨਾਥ, ਸ.

ਤੇਜਾ ਸਿੰਘ ਸਮੁੰਦਰੀ ਅਤੇ ਹਰਨਾਮ ਸਿੰਘ ਜ਼ੈਲਦਾਰ ਨੂੰ ਗ੍ਰਿਫਤਾਰ ਕਰ ਲਿਆ। ਜਿਸ ਸਮੇਂ ਇਹ ਖ਼ਬਰ ਸ੍ਰੀ ਅੰਮ੍ਰਿਤਸਰ ਪਹੁੰਚੀ, ਉਸ ਸਮੇਂ ਉੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋ ਰਹੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਮੀਟਿੰਗ ਮੁਲਤਵੀ ਕਰ ਕੇ ਬਾਬਾ ਖੜਕ ਸਿੰਘ ਪ੍ਰਧਾਨ ਜੀ ਦੀ ਅਗਵਾਈ ਹੇਠ ਸ਼ਾਮ ਨੂੰ ਅਜਨਾਲਾ ਪੁੱਜ ਗਏ। ਅਜਨਾਲਾ ਪਹੁੰਚਣ 'ਤੇ ੨੬ ਨਵੰਬਰ ਨੂੰ ਦੇਰ ਸ਼ਾਮ ਬਾਬਾ ਖੜਕ ਸਿੰਘ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਦਾਰ ਮਹਿਤਾਬ ਸਿੰਘ, ਸਕੱਤਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਮੈਨੇਜਰ, ਰੋਜ਼ਾਨਾ ਅਕਾਲੀ ਅਤੇ ਹੋਰ ਅਕਾਲੀ ਆਗੂ ਗ੍ਰਿਫਤਾਰ ਕਰ ਲਏ ਗਏ। ਚਾਬੀਆਂ ਦੇ ਮੋਰਚੇ ਵਿਚ ੧੯੩ ਅਕਾਲੀ ਗ੍ਰਿਫਤਾਰ ਕੀਤੇ ਗਏ। ਗ੍ਰਿਫਤਾਰ ਆਗੂਆਂ ਦਾ ਮਿਸਟਰ ਕਾਨਰ ਦੀ ਅਦਾਲਤ ਵਿਚ ਮੁਕੱਦਮਾ ਪੇਸ਼ ਹੋਇਆ। ਮੁਕੱਦਮੇ ਦੀ ਸੁਣਵਾਈ ਦੌਰਾਨ ਬਾਬਾ ਖੜਕ ਸਿੰਘ ਨੇ ਬਹੁਤ ਹੀ ਸੰਖੇਪ ਪਰ ਭਾਵਪੂਰਤ ਬਿਆਨ ਇੰਜ ਦਿਤਾ, "ਇਸ ਮੁਕੱਦਮੇ ਵਿਚ ਗੌਰਮਿੰਟ ਇਕ ਧੜਾ ਹੈ। ਉਸ ਦਾ ਨੌਕਰ ਇੱਕ ਜੱਜ ਹੈ। ਇਸ ਲਈ ਮੈਂ ਕਿਸੇ ਕਿਸਮ ਦਾ ਬਿਆਨ ਦੇਣ ਤੋਂ ਇਨਕਾਰ ਕਰਦਾ ਹਾਂ। ਮੇਰੀ ਪੋਜ਼ੀਸ਼ਨ ਸਿੱਖ ਪੰਥ ਦਾ ਪ੍ਰਧਾਨ ਹੋਣ ਦੀ ਹੈਸੀਅਤ ਵਿਚ ਅਮਰੀਕਾ, ਫਰਾਂਸ ਅਤੇ ਜਰਮਨੀ ਦੇ ਪ੍ਰੈਜ਼ੀਡੈਂਟ ਵਰਗੀ ਹੈ।"

ਚਾਬੀਆਂ ਦਾ ਮੋਰਚਾ ਭਖਦਾ ਜਾ ਰਿਹਾ ਸੀ, ਇਸ ਨੂੰ ਵੇਖਦੇ ਹੋਏ ਸਰ ਜੋਹਨ ਮੇਨਾਰਡ ਨੇ ੧੧ ਜਨਵਰੀ, ੧੯੨੨ ਈ. ਨੂੰ ਪੰਜਾਬ ਵਿਧਾਨ ਸਭਾ ਵਿਚ ਐਲਾਨ ਕਰ ਦਿੱਤਾ ਕਿ ਸਰਕਾਰ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿਚ ਦੇ ਰਹੀ ਹੈ ਅਤੇ ਨਾਲ ਹੀ ਕੈਦੀ ਰਿਹਾਅ ਕਰਨ ਦਾ ਐਲਾਨ ਕਰ ਦਿੱਤਾ। ਬਾਬਾ ਖੜਕ ਸਿੰਘ ਦੀ ਰਿਹਾਈ ਉਪਰੰਤ ੧੭ ਜਨਵਰੀ, ੧੯੨੨ ਈ. ਨੂੰ ਅੰਗਰੇਜ਼ ਹਕੂਮਤ ਦੇ ਜ਼ਿਲ੍ਹਾ ਅਧਿਕਾਰੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਹੋ ਰਹੇ ਭਾਰੀ ਦੀਵਾਨ ਵਿਚ ਆ ਕੇ ਚਾਬੀਆਂ ਬਾਬਾ ਜੀ ਨੂੰ ਸੌਂਪ ਦਿੱਤੀਆਂ। ਇਸ ਮੋਰਚੇ ਦੀ ਸਫ਼ਲਤਾ 'ਤੇ ਮਹਾਤਮਾ ਗਾਂਧੀ ਨੇ ਤਾਰ ਭੇਜ ਕੇ ਬਾਬਾ ਖੜਕ ਸਿੰਘ ਨੂੰ ਵਧਾਈ ਸੰਦੇਸ਼ ਭੇਜਿਆ- "ਦੇਸ਼ ਦੀ ਆਜ਼ਾਦੀ ਦੀ ਪਹਿਲੀ ਨਿਰਣਾਜਨਕ ਜੰਗ ਜਿੱਤ ਲਈ ਗਈ ਹੈ, ਵਧਾਈ ਹੋਵੇ। ਚਾਬੀਆਂ ਦੇ ਮੋਰਚੇ ਦੀ ਸਫਲਤਾ ਪਿੱਛੋਂ ਸਿੱਖਾਂ ਨੇ ਬਾਬਾ ਜੀ ਨੂੰ 'ਪੰਥ ਦਾ ਬੇਤਾਜ ਬਾਦਸ਼ਾਹ' ਕਹਿਣਾ ਸ਼ੁਰੂ ਕਰ ਦਿੱਤਾ।

ਫਰਵਰੀ ੧੯੨੨ ਈ. ਵਿਚ ਬਾਬਾ ਖੜਕ ਸਿੰਘ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਬਣਾਏ ਗਏ। ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸੰਭਾਲਣ ਪਿੱਛੋਂ ਬਾਬਾ ਜੀ ਨੇ ਲੋਕਾਂ ਵਿਚ ਜਾਗ੍ਰਤੀ ਪੈਦਾ ਕਰਨ ਲਈ ਪੰਜਾਬ ਦੇ ਪਿੰਡਾਂ-ਸ਼ਹਿਰਾਂ ਦੇ ਦੌਰੇ ਕੀਤੇ ਅਤੇ ਆਪਣੇ ਭਾਸ਼ਣਾਂ ਵਿਚ ਸਰਕਾਰੀ ਨੀਤੀਆਂ ਦੀ ਤਿੱਖੀ ਅਲੋਚਨਾ ਕੀਤੀ। ਇਸ ਕਰਕੇ ਬਾਬਾ ਜੀ ਸਰਕਾਰ ਦੀਆ ਅੱਖਾਂ ਵਿਚ ਰੜਕਣ ਲੱਗ ਪਏ।

ਸਰਕਾਰ ਬਾਬਾ ਜੀ ਨੂੰ ਕਿਸੇ ਆਨੇ-ਬਹਾਨੇ ਗ੍ਰਿਫਤਾਰ ਕਰ ਕੇ ਪੰਜਾਬ ਤੋਂ ਬਾਹਰ ਕਿਸੇ ਦੂਰ ਦੀ ਜੇਲ੍ਹ ਵਿਚ ਭੇਜਣ ਦੇ ਮਨਸੂਬੇ ਬਣਾ ਰਹੀ ਸੀ। ਇਸ ਉਦੇਸ਼ ਦੀ ਪੂਰਤੀ ਲਈ ੨੧ ਅਤੇ ੨੨ ਮਾਰਚ, ੧੯੨੨ ਈ. ਨੂੰ ਉਨ੍ਹਾਂ ਦੇ ਸਿਆਲਕੋਟ ਵਿਖੇ ਕਿਰਪਾਨਾਂ ਬਣਾਉਣ ਦੇ ਕਾਰਖਾਨੇ 'ਤੇ ਛਾਪੇ ਮਾਰ ਕੇ ੩੩੭ ਕਿਰਪਾਨਾਂ ਜ਼ਬਤ ਕਰ ਲਈਆਂ ਗਈਆਂ। ਸਰਕਾਰ ਨੇ ਉਨ੍ਹਾਂ ਨੂੰ ਅਸਲਾ ਐਕਟ ਅਧੀਨ ੪ ਅਪ੍ਰੈਲ, ੧੯੨੨ ਈ. ਨੂੰ ਗ੍ਰਿਫਤਾਰ ਕਰ ਲਿਆ। ਦੋ ਦਿਨ ਪਿੱਛੋਂ ਉਨ੍ਹਾਂ ਉੱਪਰ ਬਗ਼ੈਰ ਲਾਇਸੈਂਸ ਦੇ ਕਿਰਪਾਨਾਂ ਦਾ ਕਾਰਖਾਨਾ ਲਾਉਣ ਦੇ ਦੋਸ਼ ਵਿਚ ਮੁਕੱਦਮਾ ਚਲਾ ਦਿੱਤਾ ਗਿਆ। ਇਸ ਮੁਕੱਦਮੇ ਵਿਚ ਉਨ੍ਹਾਂ ਨੂੰ ਇਕ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਦਿੱਤੀ ਗਈ। ਉਨ੍ਹਾਂ ਨੂੰ ਡੇਰਾ ਗਾਜ਼ੀ ਖਾਂ ਦੀ ਜੇਲ੍ਹ ਭੇਜ ਦਿੱਤਾ ਗਿਆ। ਫੇਰ ਸਰਕਾਰ ਨੇ ਉਨ੍ਹਾਂ ਵਿਰੁੱਧ ਬਗਾਵਤੀ ਤਕਰੀਰਾਂ ਕਰਨ ਦੇ ਦੋਸ਼ ਵਿਚ ਧਾਰਾ ੧੨੪-ਏ ਅਧੀਨ ਇੱਕ ਹੋਰ ਮੁਕੱਦਮਾ ਮੜ੍ਹ ਕੇ ਤਿੰਨ ਸਾਲ ਲਈ ਹੋਰ ਸਖ਼ਤ ਕੈਦ ਦੀ ਸਜ਼ਾ ਵਧਾ ਦਿੱਤੀ। ਦਸੰਬਰ ੧੯੨੨ ਈ. ਵਿਚ ਸਰਕਾਰ ਨੇ ਜੇਲ੍ਹ ਵਿਚ 'ਕਾਲੀ ਪੱਗੜੀ' ਅਤੇ 'ਗਾਂਧੀ ਟੋਪੀ' ਪਹਿਨਣ 'ਤੇ ਪਾਬੰਦੀ ਲਾ ਦਿੱਤੀ। ਰੋਸ ਵਜੋਂ ਬਾਬਾ ਜੀ ਨੇ ਡੇਰਾ ਗਾਜ਼ੀ ਖਾਂ ਦੀ ਜੇਲ੍ਹ ਵਿਚ ਕਛਹਿਰੇ ਤੋਂ ਸਿਵਾਏ ਸਾਰੇ ਕੱਪੜੇ ਉਤਾਰ ਦਿੱਤੇ ਅਤੇ ਉਨ੍ਹਾਂ ਪ੍ਰਣ ਕੀਤਾ ਕਿ ਜਦੋਂ ਤਕ ਦੋਵੇਂ ਪਾਬੰਦੀਆਂ ਹਟਾਈਆਂ ਨਹੀਂ ਜਾਂਦੀਆਂ, ਉਦੋਂ ਤਕ ਉਨ੍ਹਾਂ ਦਾ ਵਿਰੋਧ ਜਾਰੀ ਰਹੇਗਾ। ਬਾਬਾ ਜੀ ਦੀ ਜ਼ਿੱਦ ਨੂੰ ਵੇਖ ਕੇ ਸਰਕਾਰ ਨੇ ਕਾਲੀ ਪੱਗ ਬੰਨ੍ਹਣ 'ਤੇ ਪਾਬੰਦੀ ਹਟਾ ਲਈ, ਪਰ ਗਾਂਧੀ ਟੋਪੀ 'ਤੇ ਪਾਬੰਦੀ ਜਾਰੀ ਰੱਖੀ। ਪੰਜਾਬ ਸਰਕਾਰ ਵੱਲੋਂ ਗ੍ਰਹਿ ਵਿਭਾਗ ਦਾ ਮੈਂਬਰ ਸਰ ਜੌਹਨ ਮੇਨਾਰਡ ਬਾਬਾ ਜੀ ਨੂੰ ਮਿਲਣ ਡੇਰਾ ਗਾਜ਼ੀ ਖਾਂ ਦੀ ਜੇਲ੍ਹ ਗਿਆ ਅਤੇ ਬਾਬਾ ਜੀ ਨੂੰ ਕਹਿਣ ਲੱਗਾ ਕਿ ਸਰਕਾਰ ਨੇ ਕਾਲੀ ਪੱਗ ਬੰਨ੍ਹਣ ਤੋਂ ਪਾਬੰਦੀ ਹਟਾ ਲਈ ਹੈ ਅਤੇ ਤੁਸੀਂ ਆਪਣਾ ਵਿਰੋਧ ਖ਼ਤਮ ਕਰ ਦਿਓ। ਪਰ ਬਾਬਾ ਜੀ ਦਾ ਜਵਾਬ ਸੀ ਜਦੋਂ ਤਕ ਗਾਂਧੀ ਟੋਪੀ ਪਹਿਨਣ ਤੋਂ ਵੀ ਪਾਬੰਦੀ ਨਹੀਂ ਹਟਾਈ ਜਾਂਦੀ ਉਹ ਆਪਣਾ ਵਿਰੋਧ ਜਾਰੀ ਰੱਖਣਗੇ। ਬਾਬਾ ਜੀ ਦਾ ਜੁਆਬ ਸੁਣ ਕੇ ਉਨ੍ਹਾਂ ਦੀ ਕੈਦ ਦੀ ਮਿਆਦ ਹੋਰ ਵਧਾ ਦਿੱਤੀ ਗਈ। ੧੯੨੫ ਈ. ਵਿਚ ਪੰਜਾਬ ਲੈਜਿਸਲੇਟਿਵ ਕੌਂਸਲ ਨੇ ਗੁਰਦੁਆਰਾ ਐਕਟ ਪਾਸ ਕਰ ਦਿੱਤਾ। ੧੯ ਜੂਨ, ੧੯੨੬ ਈ. ਗੁਰਦੁਆਰਾ ਐਕਟ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਹੋਈ ੦੨, ਅਕਤੂਬਰ ੧੯੨੬ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਮੀਟਿੰਗ ਹੋਈ, ਜਿਸ ਵਿਚ ਬਾਬਾ ਖੜਕ ਸਿੰਘ ਜੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਜੇਲ੍ਹ ਵਿਚ ਹੁੰਦਿਆਂ ਹੋਇਆਂ ਉਨ੍ਹਾਂ ਦਾ ਪ੍ਰਧਾਨ ਚੁਣਿਆ ਜਾਣਾ ਲੋਕਾਂ ਵਿਚ ਉਨ੍ਹਾਂ ਪ੍ਰਤੀ ਮਾਣ ਅਤੇ ਸਤਿਕਾਰ ਦਾ ਸਬੂਤ ਸੀ। ੪ ਜੂਨ, ੧੯੨੭ ਈ. ਨੂੰ ਉਹ ਨੰਗੇ ਧੜ੍ਹ ਜੇਲ੍ਹ ਵਿੱਚੋਂ ਰਿਹਾਈ ਸਮੇਂ ਬਾਹਰ ਆਏ ਸਰਕਾਰ ਦੀ ਦਮਨਕਾਰੀ ਨੀਤੀ ਨੂੰ ਨੰਗਿਆਂ

ਕਰਨ ਲਈ ਅਜਿਹਾ ਕਦਮ ਪ੍ਰਭਾਵਸ਼ਾਲੀ ਸੀ।

੧੯੨੮ ਈ. ਵਿਚ ਸਾਈਮਨ ਕਮਿਸ਼ਨ ਭਾਰਤ ਆਇਆ। ਕਾਂਗਰਸ ਨੇ ਇਸ ਦਾ ਬਾਈਕਾਟ ਕੀਤਾ। ਬਾਬਾ ਖੜਕ ਸਿੰਘ ਜੀ ਨੇ ਇਸ ਸਮੇਂ ਸਾਈਮਨ ਕਮਿਸ਼ਨ ਦਾ ਜਬਰਦਸਤ ਵਿਰੋਧ ਕੀਤਾ। ਬਾਬਾ ਖੜਕ ਸਿੰਘ, ਪੰਡਤ ਮੋਤੀ ਲਾਲ ਨਹਿਰੂ ਦੀ ਅਗਵਾਈ ਹੇਠ ਬਣੀ ਨਹਿਰੂ ਰਿਪੋਰਟ ਦੇ ਕੱਟੜ ਵਿਰੋਧੀਆਂ ਵਿੱਚੋਂ ਸਨ। ਨਹਿਰੂ ਰਿਪੋਰਟ ਵਿਚ ਪੂਰਨ ਅਜ਼ਾਦੀ ਦੀ ਥਾਂ 'ਡੋਮੀਨੀਅਨ ਸਟੇਟਸ' ਭਾਵ ਭਾਰਤ ਲਈ ਵਧੇਰੇ ਅਧਿਕਾਰਾਂ ਦੀ ਮੰਗ ਹੀ ਕੀਤੀ ਗਈ ਸੀ। ਨਹਿਰੂ ਰਿਪੋਰਟ ਦਾ ਜਬਰਦਸਤ ਵਿਰੋਧ ਹੋਣ ਲੱਗ ਪਿਆ ਸੀ। ਅਕਤੂਬਰ ੧੯੨੯ ਵਿਚ ਸੈਂਟਰਲ ਸਿੱਖ ਲੀਗ ਦੇ ਸਾਲਾਨਾ ਸਮਾਗਮ ਵਿਚ ਬਾਬਾ ਖੜਕ ਸਿੰਘ ਨੇ ਲਾਹੌਰ ਵਿਖੇ ਕਾਂਗਰਸ ਦੇ ਹੋਣ ਵਾਲੇ ਸੈਸ਼ਨ ਦਾ ਬਾਈਕਾਟ ਕਰਨ ਦਾ ਵਿਚਾਰ ਪੇਸ਼ ਕੀਤਾ। ਬਾਬਾ ਜੀ ਦੀ ਵਿਰੋਧਤਾ ਕਰਨ ਸਦਕਾ ਦਸੰਬਰ ੧੯੨੯ ਵਿਚ ਲਾਹੌਰ ਵਿਖੇ ਰਾਵੀ ਕੰਢੇ ਹੋਏ ਕਾਂਗਰਸ ਦੇ ਇਜਲਾਸ ਵਿਚ ਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਗਿਆ। ੧੯੩੦ ਈ. ਵਿਚ ਸਿਵਲ-ਨਾ ਫਰਮਾਨੀ ਦੀ ਲਹਿਰ ਸਮੇਂ ਬਾਬਾ ਜੀ ਨੇ ਲੋਕਾਂ ਦੀ ਅਗਵਾਈ ਕੀਤੀ। ੧੯੩੦ ਈ. ਵਿਚ ਉਨ੍ਹਾਂ ਨੂੰ ਫਿਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ੧੯੩੧ ਈ. ਵਿਚ ਡਸਕੇ ਦੇ ਮੋਰਚੇ ਵਿਚ ਉਨ੍ਹਾਂ ਛੇ ਮਹੀਨੇ ਲਈ ਕੈਦ ਦੀ ਸਜ਼ਾ ਭੁਗਤੀ। ੧੭ ਅਗਸਤ, ੧੯੩੨ ਈ. ਨੂੰ ਜਦ ਇੰਗਲੈਂਡ ਦੇ ਪ੍ਰਧਾਨ ਮੰਤਰੀ ਸਰ ਰੈਮਜੇ ਮੈਕਡੋਨਲਡ ਨੇ ਕਮਿਊਨਲ ਐਵਾਰਡ ਦੀ ਘੋਸ਼ਣਾ ਕੀਤੀ ਤਾਂ ਬਾਬਾ ਜੀ ਨੇ ਇਸ ਦਾ ਡਟ ਕੇ ਵਿਰੋਧ ਕੀਤਾ। ਬਾਬਾ ਜੀ ਸਮਝਦੇ ਸਨ ਕਿ ਇਹ ਹਿੰਦੂਆਂ-ਸਿੱਖਾਂ ਅਤੇ ਮੁਸਲਮਾਨਾਂ ਨੂੰ ਪਾੜਨ ਦੀ ਇੱਕ ਸਾਜ਼ਿਸ਼ ਹੈ। ੧੯੩੫ ਈ. ਵਿਚ ਬਾਬਾ ਜੀ ਨੂੰ ਇੱਕ ਵਾਰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। ਅਗਸਤ ੧੯੪੦ ਵਿਚ ਨਿੱਜੀ ਸਤਿਆਗ੍ਰਹਿ ਦੇ ਸਿਲਸਿਲੇ ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ। ੧੯੪੨ ਵਿਚ ਉਨ੍ਹਾਂ ਦੀਆਂ ਅੱਖਾਂ ਵਿਚ ਮੋਤੀਆਂ-ਬਿੰਦ ਹੋ ਗਿਆ। ਅੱਖਾਂ ਦਾ ਆਪਰੇਸ਼ਨ ਕਰਵਾਉਣ ਲਈ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਬਾਬਾ ਜੀ ਭਾਰਤ ਦੀ ਏਕਤਾ, ਅਖੰਡਤਾ ਦੇ ਹਾਮੀ ਸਨ। ਉਨ੍ਹਾਂ ਨੇ ਮੁਸਲਿਮ ਲੀਗ ਦੀ ਵੱਖਰੇ ਰਾਜ ਦੀ ਮੰਗ ਦਾ ਪੁਰਜ਼ੋਰ ਵਿਰੋਧ ਕੀਤਾ। ੧੯੪੪ ਈ. ਵਿਚ ਜਦੋਂ ਬਾਬਾ ਜੀ ਗੁੱਜਰਾਂਵਾਲਾ ਵਿਖੇ ਅਖੰਡ ਹਿੰਦੋਸਤਾਨ ਕਾਨਫਰੰਸ ਦੀ ਪ੍ਰਧਾਨਗੀ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਸਰਕਾਰ ਨੇ ਮੁੜ ਬੰਦੀ ਬਣਾ ਲਿਆ, ਪਰ ਜਲਦੀ ਰਿਹਾਅ ਕਰ ਦਿੱਤਾ।

੧੯੪੭ ਈ. ਵਿਚ ਜਦ ਫਿਰਕੂ ਆਧਾਰ 'ਤੇ ਦੇਸ਼ ਦੀ ਵੰਡ ਹੋਈ ਤਾਂ ਉਨ੍ਹਾਂ ਨੂੰ ਬਹੁਤ ਧੱਕਾ ਲੱਗਿਆ। ਉਨ੍ਹਾਂ ਦਾ ਅਖੰਡ ਭਾਰਤ ਦਾ ਸੁਪਨਾ ਚਕਨਾਚੂਰ ਹੋ ਗਿਆ। ੧੫ ਅਗਸਤ, ੧੯੪੭ ਈ. ਨੂੰ ਜਦ ਦੇਸ਼ ਦੀ ਵੰਡ ਹੋਈ ਤਾਂ ਬਾਬਾ ਜੀ

ਨੂੰ ਲੱਖਾਂ ਹਿੰਦੂਆਂ-ਸਿੱਖਾਂ ਨਾਲ ਆਪਣਾ ਘਰ ਘਾਟ ਤਿਆਗ ਕੇ ਸ਼ਰਨਾਰਥੀ ਬਣ ਕੇ ਭਾਰਤ ਆਉਣਾ ਪਿਆ ਸੀ। ਬਾਬਾ ਜੀ ਅਕਸਰ ਕਿਹਾ ਕਰਦੇ ਸਨ ਕਿ ਅਜ਼ਾਦੀ ਹਾਸਲ ਕਰਨ ਨਾਲੋਂ ਅਜ਼ਾਦੀ ਨੂੰ ਬਰਕਰਾਰ ਰੱਖਣਾ ਵਧੇਰੇ ਜ਼ਰੂਰੀ ਹੈ।

ਅੰਤ ੬ ਅਕਤੂਬਰ, ੧੯੬੩ ਈ. ਨੂੰ ਉਹ ਦਿੱਲੀ ਵਿਖੇ ਅਕਾਲ ਚਲਾਣਾ ਕਰ ਗਏ। ਨਵੀਂ ਦਿੱਲੀ ਵਿਖੇ ਕਨਾਟ ਪਲੇਸ ਤੋਂ ਗੋਲ ਡਾਕਖਾਨੇ ਤਕ ਜਾਣ ਵਾਲੀ ਸੜ੍ਹਕ ਦਾ ਨਾਂ ਬਾਬਾ ਜੀ ਦੇ ਨਾਂਅ 'ਤੇ ਬਾਬਾ ਖੜਕ ਸਿੰਘ ਮਾਰਗ ਰੱਖਿਆ ਹੋਇਆ ਹੈ। ਗੁਰਦੁਆਰਾ ਬੰਗਲਾ ਸਾਹਿਬ ਦੇ ਅਜਾਇਬ ਘਰ ਵਿਚ ਬਾਬਾ ਜੀ ਦਾ ਰੰਗੀਨ ਚਿੱਤਰ ਲੱਗਿਆ ਹੋਇਆ ਹੈ। ੧੯੮੮ ਈ. ਵਿਚ ਬਾਬਾ ਖੜਕ ਸਿੰਘ ਜੀ ਦੇ ਸਨਮਾਨ ਵਿਚ ਭਾਰਤ ਸਰਕਾਰ ਵੱਲੋਂ ਇੱਕ ਡਾਕ ਟਿਕਟ ਵੀ ਜਾਰੀ ਕੀਤਾ ਗਿਆ ਸੀ। ਉਨ੍ਹਾਂ ਦੇ ੮੬ਵੇਂ ਜਨਮ ਦਿਨ ਦੇ ਮੌਕੇ 'ਤੇ ਉਨ੍ਹਾਂ ਬਾਰੇ ਲਿਖੇ ਅਭਿਨੰਦਨ ਗ੍ਰੰਥ ਦੇ ਲੋਕ ਅਰਪਣ ਸਮੇਂ ਦੇਸ਼ ਦੀਆਂ ਉੱਘੀਆਂ ਹਸਤੀਆਂ ਦੀ ਮੌਜੂਦਗੀ ਵਿਚ ਤਤਕਾਲੀ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਨੇ ਕਿਹਾ ਸੀ ਕਿ, "ਉਨ੍ਹਾਂ ਦਾ ਜੀਵਨ ਰਾਸ਼ਟਰ ਅੰਦੋਲਨ ਨਾਲ ਇੰਨਾ ਇੱਕ-ਮਿੱਕ ਹੋ ਚੁੱਕਾ ਹੈ ਕਿ ਦੋਹਾਂ ਨੂੰ ਵੱਖ ਕਰ ਸਕਣਾ ਸੰਭਵ ਨਹੀਂ । ਉਨ੍ਹਾਂ ਉੱਪਰ ਸਿੱਖ ਪੰਥ ਅਤੇ ਸਮੁੱਚੇ ਰਾਸ਼ਟਰ ਨੂੰ ਮਾਣ ਹੈ।" ਨਿਰਸੰਦੇਹ ਬਾਬਾ ਖੜਕ ਸਿੰਘ ਜੀ ਦਾ ਜੀਵਨ ਅਤੇ ਉਨ੍ਹਾਂ ਦੁਆਰਾ ਕੀਤੀਆਂ ਕੁਰਬਾਨੀਆਂ ਸਾਡੇ ਲਈ ਰਾਹ-ਦਸੇਰਾ ਹਨ।

**ਸਹਾਇਕ ਪੁਸਤਕਾਂ:**


**੧.** *ਅਕਾਲੀ ਲਹਿਰ ਦੇ ਮਹਾਨ ਨੇਤਾ:* ਗਿਆਨੀ ਪ੍ਰਤਾਪ ਸਿੰਘ

**੨.** *ਪੰਜਾਬ ਦੇ ਕੌਮੀ ਸ਼ਹੀਦ:* ਡਾ. ਹਰਬੰਸ ਸਿੰਘ (ਚਾਵਲਾ)

**੩.** *ਆਜ਼ਾਦੀ ਲਹਿਰ ਦੇ ਸੁੱਚੇ ਸੂਰਮੇ:* ਸਵਰਨ ਸਿੰਘ

**੪.** *ਪੰਜਾਬ ਕੋਸ਼:* ਮੁੱਖ ਸੰਪਾਦਕ ਰਛਪਾਲ ਸਿੰਘ (ਗਿੱਲ) ਜਿਲਦ ਪਹਿਲੀ

**੫.** *ਸਿੱਖ ਧਰਮ ਵਿਸ਼ਵ ਕੋਸ਼:* ਪਹਿਲੀ ਸੈਂਚੀ: ਮੁੱਖ ਸੰਪਾਦਕ ਡਾ. ਜੋਧ ਸਿੰਘ

**੬.** *ਅਕਾਲੀ ਮੋਰਚਿਆਂ* ਦਾ ਇਤਿਹਾਸ: ਸੋਹਨ ਸਿੰਘ ਜੋਸ਼

**੭.** *ਮਾਲਵਾ ਸਿੱਖ ਇਤਿਹਾਸ:* ਵਿਸਾਖਾ ਸਿੰਘ ਜਨੇਤਪੁਰਾ, ਭਾਗ ਦੂਜਾ


■


## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

# ਦੀਵਾਨ ਲੀਲਾ ਰਾਮ ਸਿੰਘ ਜੀ ਸਿੰਧੀ

*-ਡਾ. ਪਰਮਵੀਰ ਸਿੰਘ**

ਦੀਵਾਨ ਲੀਲਾ ਰਾਮ ਸਿੰਘ ਜੀ ਮੌਜੂਦਾ ਪਾਕਿਸਤਾਨ ਵਿਚ ਪੈਂਦੇ ਸਿੰਧ ਪ੍ਰਾਂਤ ਦੀ ਇਕ ਪ੍ਰਮੁੱਖ ਹਸਤੀ ਹੋਏ ਹਨ ਜਿਹੜੇ ਕਿ ਆਪਣੀ ਵਿੱਦਿਆ ਅਤੇ ਲਿਆਕਤ ਦੇ ਬਲ 'ਤੇ ਜ਼ਿਲ੍ਹਾ ਜੱਜ ਦੀ ਪਦਵੀ ਤਕ ਪਹੁੰਚ ਗਏ ਸਨ। ਸਿੰਧ ਦੇ ਇਕ ਖ਼ਾਨਦਾਨੀ ਪਰਵਾਰ ਵਿਚ ਦੀਵਾਨ ਵਤਨ ਮੱਲ ਜੀ ਦੇ ਘਰ ਇਨ੍ਹਾਂ ਦਾ ਜਨਮ ੧੮੫੬ ਈ. ਵਿਚ ਹੋਇਆ ਸੀ। ਇਹ ਹਾਲੇ ੧੩ ਸਾਲ ਦੇ ਸਨ ਕਿ ਡਿਪਟੀ ਕੁਲੈਕਟਰ ਦੀ ਪਦਵੀ ਪ੍ਰਾਪਤ ਕਰਨ ਵਾਲੇ ਇਨ੍ਹਾਂ ਦੇ ਪਿਤਾ ਜੀ ੪੨ ਸਾਲ ਦੀ ਉਮਰ ਵਿਚ ਚਲਾਣਾ ਕਰ ਗਏ ਸਨ। ਇਕ ਭੈਣ ਤੋਂ ਇਲਾਵਾ ਦੀਵਾਨ ਝਾਮਾਰਾਇ, ਦੀਵਾਨ ਜਵਰਾ ਸਿੰਘ, ਦੀਵਾਨ ਲੋਕ ਸਿੰਘ ਇਨ੍ਹਾਂ ਦੇ ਭਰਾ ਸਨ ਜਿਹੜੇ ਕਿ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸੰਦੇਸ਼ ਅਨੁਸਾਰ ਜੀਵਨ ਬਸਰ ਕਰਨ ਵਿਚ ਵਿਸ਼ਵਾਸ ਰੱਖਦੇ ਸਨ। ਇਨ੍ਹਾਂ ਵਿੱਚੋਂ ਦੀਵਾਨ ਲੋਕ ਸਿੰਘ ਜੀ ਅੰਮ੍ਰਿਤਧਾਰੀ ਸਨ ਜਿਨ੍ਹਾਂ ਨੇ ਜਪੁਜੀ ਸਾਹਿਬ ਦਾ ਸਿੰਧੀ ਵਿਚ ਟੀਕਾ ਕੀਤਾ ਸੀ।

ਦੀਵਾਨ ਲੀਲਾ ਰਾਮ ਸਿੰਘ ਨੇ ਐਲਫਿੰਸਟਨ ਕਾਲਜ, ਬੰਬਈ ਤੋਂ ਵਕਾਲਤ ਦੀ ਡਿਗਰੀ ਪ੍ਰਾਪਤ ਕਰ ਕੇ ਵਕਾਲਤ ਕਰਨ ਲੱਗੇ ਸਨ। ਲਗਪਗ ਸੱਤ ਸਾਲ ਦੀ ਸੇਵਾ ਉਪਰੰਤ ਜੱਜ ਦੀ ਪਦਵੀ 'ਤੇ ਨਿਯੁਕਤ ਕੀਤੇ ਗਏ ਪਰ ਫਿਰ ਵੀ ਧਰਮ ਕਾਰਜਾਂ ਅਤੇ ਸਾਹਿਤ ਦੀ ਰੁਚੀ ਨਾਲ ਜੁੜੇ ਰਹੇ। ਧਾਰਮਿਕ ਪੁਸਤਕਾਂ ਪੜ੍ਹਨ ਦੀ ਰੁਚੀ ਕਾਰਨ ਇਨ੍ਹਾਂ ਨੂੰ ਧਰਮ ਦੇ ਵਿਭਿੰਨ ਪੱਖਾਂ ਬਾਰੇ ਗਹਿਰ-ਗੰਭੀਰ ਜਾਣਕਾਰੀ ਪ੍ਰਾਪਤ ਹੋਈ ਜਿਹੜੀ ਕਿ ਸਮਾਜ ਵਿਚ ਫੈਲੀਆਂ ਕੁਰੀਤੀਆਂ ਦਾ ਖੰਡਨ ਕਰਦੀ ਸੀ ਜਿਸ ਕਰਕੇ ਇਹ ਵੀ ਸਮਾਜ ਵਿਚ ਫੈਲੇ ਕਰਮ-ਕਾਂਡ ਅਤੇ ਭੇਦ-ਭਾਵ ਬਾਰੇ ਖੁੱਲ ਕੇ ਬੋਲਣ ਲੱਗੇ ਸਨ। ੧੯੧੩ ਈ. ਵਿਚ ਰਿਟਾਇਰ ਹੋਣ ਤੋਂ ਪਹਿਲਾਂ ਇਨ੍ਹਾਂ ਨੇ ਸਿੰਧੀ ਵਿਚ ਪੁਸਤਕਾਂ ਦੀ ਰਚਨਾ ਸ਼ੁਰੂ ਕਰ ਦਿੱਤੀ ਸੀ ਜਿਸ ਦੇ ਸਿੱਟੇ ਵਜੋਂ ਜਿਹੜੀਆਂ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ ਉਨ੍ਹਾਂ ਵਿੱਚੋਂ ਇਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਨਾਲ ਸੰਬੰਧਿਤ ਹੈ ਜਿਹੜੀ ਕਿ ੧੮੯੫ ਈ. ਵਿਚ ਸਾਹਮਣੇ ਆਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਥਾਂ ਸਮੇਤ ਅਧਿਐਨ ਇਨ੍ਹਾਂ ਦੇ ਜੀਵਨ ਦਾ ਪ੍ਰਮੁੱਖ ਅੰਗ ਸੀ ਅਤੇ ਇਹ ਚਾਹੁੰਦੇ ਸਨ ਕਿ ਸਮੁੱਚਾ ਸਿੰਧੀ ਸਮਾਜ ਇਸ ਧਰਮ ਗ੍ਰੰਥ ਦਾ ਪੂਰਨ ਸ਼ਰਧਾ ਸਹਿਤ ਅਧਿਐਨ ਕਰੇ ਅਤੇ ਇਸ ਦੇ ਅਰਥ ਸਮਝ ਕੇ ਇਸ ਦੀ ਮੂਲ ਭਾਵਨਾ

** ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ. ੯੮੭੨੦-੭੪੩੨੨*

ਨਾਲ ਜੁੜਨ ਲਈ ਯਤਨਸ਼ੀਲ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਹੜੇ ਅਰਥ ਇਹ ਆਪ ਸਮਝਦੇ ਸਨ ਉਨ੍ਹਾਂ ਦੀ ਸਾਂਝ ਸਥਾਨਕ ਸੰਗਤ ਨਾਲ ਪਾਉਂਦੇ ਸਨ ਅਤੇ ਇਸੇ ਅਭਿਆਸ ਨੂੰ ਪ੍ਰਪੱਕ ਕਰਨ ਲਈ ਨਿਰੰਤਰ ਕਾਰਜਸ਼ੀਲ ਰਹਿੰਦੇ ਸਨ। ਧਰਮ ਗ੍ਰੰਥ ਦੇ ਨਾਲ-ਨਾਲ ਸਮਾਜਿਕ ਮਸਲਿਆਂ ਨੂੰ ਵੀ ਇਹ ਚੰਗੀ ਤਰ੍ਹਾਂ ਨਾਲ ਸਮਝਦੇ ਸਨ ਅਤੇ ਬਹੁਤ ਸੂਝਵਾਨ ਢੰਗ ਨਾਲ ਉਨ੍ਹਾਂ ਦਾ ਨਿਪਟਾਰਾ ਕਰਨ ਦੀ ਸਮਰੱਥਾ ਰੱਖਦੇ ਸਨ। 'ਇੰਡੀਅਨ ਥੀਏਟਰ ਟੂ ਦ ਆਕਸਫ਼ੋਰਡ ਕੰਪੈਨੀਅਨ' ਵਿਚ ਇਕ ਸਾਹਿਤਕਾਰ ਵਜੋਂ ਇਨ੍ਹਾਂ ਦੀ ਪਛਾਣ ਦੱਸਦੇ ਹੋਏ ਕਿਹਾ ਗਿਆ ਹੈ ਕਿ ਇਹ 'ਖਾਕੀ' ਉਪਨਾਮ ਹੇਠ ਰਚਨਾ ਕਰਦੇ ਸਨ। ਇਹ ੧੯੧੩ ਈ. ਵਿਚ ਅੰਮ੍ਰਿਤ ਛਕ ਕੇ ਲੀਲਾ ਰਾਮ ਸਿੰਘ ਵਜੋਂ ਪ੍ਰਸਿੱਧ ਹੋਏ। ਇਹ ਮੁੱਢਲੇ ਨਾਟਕਕਾਰਾਂ ਵਿਚ ਸ਼ਾਮਲ ਸਨ ਜਿਨ੍ਹਾਂ ਨੇ ਮਿਰਜ਼ਾ ਕਲਿਚ ਬੇਗ਼ ਦੇ ਨਾਲ ਸਿੰਧੀ ਥੀਏਟਰ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਨ੍ਹਾਂ ਦੇ ਨਾਟਕ ਵਿਧਵਾ ਵਿਆਹ ਅਤੇ ਧਰਮ ਤਬਦੀਲੀ ਜਿਹੇ ਵਿਸ਼ਿਆਂ ਨਾਲ ਸੰਬੰਧਿਤ ਸਨ ਜਿਹੜੇ ਕਿ ਮਨੁੱਖ ਨੂੰ ਸਮਾਜਿਕ ਅਤੇ ਵਿਅਕਤੀਗਤ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੇ ਸਨ। ਉਕਤ ਨਾਟਕਾਂ ਦੇ ਵਾਰ-ਵਾਰ ਮੰਚਨ ਨਾਲ ਇਨ੍ਹਾਂ ਨੂੰ ਬਹੁਤ ਪ੍ਰਸਿੱਧੀ ਪ੍ਰਾਪਤ ਹੋਈ।

ਸਾਹਿਤ ਦੇ ਨਾਲ-ਨਾਲ ਸਮਾਜ ਸੁਧਾਰ ਦੇ ਕਾਰਜਾਂ ਲਈ ਇਨ੍ਹਾਂ ਵੱਲੋਂ ੧੮੯੩ ਈ. ਵਿਚ ਸਥਾਪਿਤ ਕੀਤੀ 'ਪੰਗਤੀ ਸੁਧਾਰ ਮੰਡਲੀ' ਨੇ ਨੌਜਵਾਨਾਂ ਵਿਚ ਸਮਾਜ ਸੇਵਾ ਦਾ ਉਤਸ਼ਾਹ ਪੈਦਾ ਕੀਤਾ ਅਤੇ ੧੯੦੮ ਈ. ਵਿਚ ਇਨ੍ਹਾਂ ਨੇ ਹੈਦਰਾਬਾਦ ਵਿਖੇ 'ਸ੍ਰੀ ਗੁਰੂ ਸਿੱਖ ਸਭਾ' ਅਤੇ 'ਸਿੰਘ ਸਭਾ' ਕਾਇਮ ਕਰਨ ਦਾ ਸਫ਼ਲ ਯਤਨ ਕੀਤਾ ਸੀ। ਇਨ੍ਹਾਂ ਸੰਸਥਾਵਾਂ ਨੂੰ ਖੜ੍ਹਾ ਕਰਨ ਅਤੇ ਯੋਜਨਾਬੱਧ ਢੰਗ ਨਾਲ ਚਲਾਉਣ ਲਈ ਇਨ੍ਹਾਂ ਨੇ ਆਪਣਾ ਪੂਰਾ ਤਨ, ਮਨ ਅਤੇ ਧਨ ਅਰਪਿਤ ਕਰ ਦਿੱਤਾ ਸੀ। ਅੰਮ੍ਰਿਤ ਛਕ ਕੇ ਸਿੰਘ ਸਜ ਜਾਣ ਉਪਰੰਤ ਇਨ੍ਹਾਂ ਨੇ ਗੁਰਬਾਣੀ ਪੜ੍ਹਨ ਵਿਚ ਵਿਸ਼ੇਸ਼ ਰੁਚੀ ਦਿਖਾਈ ਅਤੇ ਸੁਖਮਨੀ ਸਾਹਿਬ ਸਮੇਤ ਕੁਝ ਹੋਰ ਬਾਣੀਆਂ ਦਾ ਟੀਕਾ ਵੀ ਤਿਆਰ ਕੀਤਾ ਸੀ। ਸਿੱਖ ਧਰਮ ਦੇ ਪ੍ਰਸਿੱਧ ਵਿਦਵਾਨ ਮੈਕਾਲਿਫ਼ ਨੇ ੬ ਭਾਗਾਂ ਵਿਚ ਤਿਆਰ ਕੀਤੀ ਆਪਣੀ 'ਦ ਸਿੱਖ ਰਿਲਿਜਨ' ਸਿਰਲੇਖ ਅਧੀਨ ਪੁਸਤਕ ਦੀ ਭੂਮਿਕਾ ਵਿਚ ਇਨ੍ਹਾਂ ਦਾ ਵੀ ਜ਼ਿਕਰ ਕੀਤਾ ਹੈ। ਇਹ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਮੁਢਲੇ ਮੈਂਬਰਾਂ ਵਿਚ ਸ਼ਾਮਲ ਸਨ। ਇਸ ਯੂਨੀਵਰਸਿਟੀ ਦੀ ਸਥਾਪਨਾ ਵਿਚ ਸਿੱਖ ਰਾਜਿਆਂ- ਮਹਾਰਾਜਿਆਂ ਦਾ ਵੱਡਾ ਯੋਗਦਾਨ ਸੀ; ਜਿਸ ਦੇ ਸਿੱਟੇ ਵਜੋਂ ੧ ਅਪ੍ਰੈਲ, ੧੯੧੬ ਈ. ਨੂੰ ਜਦੋਂ ਇਸ ਯੂਨੀਵਰਸਿਟੀ ਦਾ ਐਕਟ ਪਾਸ ਹੋਇਆ ਤਾਂ ੮ ਸਿੱਖਾਂ ਨੂੰ ਇਸ ਦਾ ਮੈਂਬਰ ਨਿਯੁਕਤ ਕੀਤਾ ਗਿਆ ਸੀ ਜਿਸ ਵਿਚ ਇਨ੍ਹਾਂ ਦਾ ਨਾਂ ਵੀ ਸ਼ਾਮਲ ਸੀ।

ਸਮਾਜ ਸੁਧਾਰ ਅਤੇ ਸਿੱਖ ਧਰਮ ਦੇ ਕਾਰਜਾਂ ਵਿਚ ਇਨ੍ਹਾਂ ਨੇ ਬਹੁਤ ਪ੍ਰਸਿੱਧੀ

ਪ੍ਰਾਪਤ ਕਰ ਲਈ ਸੀ ਜਿਸ ਕਰਕੇ ਇਨ੍ਹਾਂ ਨੂੰ ੨੧-੨੩ ਮਾਰਚ, ੧੯੧੩ ਈ. ਨੂੰ ਅੰਬਾਲਾ ਵਿਖੇ ਹੋਈ ਛੇਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਪ੍ਰਧਾਨ ਚੁਣਿਆ ਗਿਆ ਜਿਸ ਦਾ ਵਰਣਨ ਕਰਦੇ ਹੋਏ 'ਖਾਲਸਾ ਸਮਾਚਾਰ' ਵਿਚ ਕਿਹਾ ਗਿਆ ਕਿ ਗੁਰਬਾਣੀ ਦੇ ਸੱਚੇ ਰਸੀਏ, ਗੁਰੂ-ਚਰਨਾਂ ਦੇ ਪ੍ਰੇਮੀ ਤੇ ਨਾਲ ਹੀ ਪੱਛਮੀ ਵਿਦਯਾ ਦੇ ਪੂਰਨ ਪੰਡਿਤ... ਅੱਜ ਅੰਬਾਲਾ ਵਿਚ ਛੇਵੀਂ ਸਿੱਖ ਵਿੱਦਿਅਕ ਕਾਨਫਰੰਸ ਦੇ ਪ੍ਰਧਾਨ ਬਣੇ ਹਨ। ਕਵੀ ਸੰਤੋਖ ਸਿੰਘ ਦੀਵਾਨ ਜੀ ਦੀ ਪ੍ਰਧਾਨਗੀ ਨੂੰ ਸਿੰਧ ਤੇ ਪੰਜਾਬ ਦੇ ਮਿਲਾਪ ਵਜੋਂ ਦੇਖਦੇ ਹੋਏ ਕਹਿੰਦੇ ਹਨ :

*ਵਾਹ! ਬਹੁਤ ਚੰਗਾ ਮੇਲ ਹੋਯਾ ਸਿੰਧ ਤੇ ਪੰਜਾਬ ਦਾ।*
*ਇਹ ਬਹੁਤ ਸੁੰਦਰ ਬਰਕਤਾਂ ਧੰਨਵਾਦ ਸੋਹਣੇ ਰਾਜ ਦਾ।*
*ਅਜ ਦੇਵ ਪੁਰੀ ਅਮੇਵ ਖੁਸ਼ੀਆਂ ਸ਼ਬਦ ਅਨਹਦ ਵਾਜਦਾ।*
*ਬਲਹਾਰ ਛੇਵੀਂ ਵਾਰ ਤੋਂ ਕੁਰਬਾਨ ਮੰਡਪ ਸਾਜਦਾ।*

ਕਾਨਫਰੰਸ ਵਿਚ ਪੁੱਜਣ ਵਾਲੇ ਪਤਵੰਤੇ ਸੱਜਣਾਂ ਦੇ ਸੁਆਗਤ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਇਸ ਕਾਨਫਰੰਸ ਦੇ ਪ੍ਰਧਾਨ ਦੀਵਾਨ ਲੀਲਾ ਰਾਮ ਸਿੰਘ ਨਿਯਤ ਮਿਤੀ ਅਨੁਸਾਰ ਇਕ ਰੇਲ ਗੱਡੀ ਰਾਹੀਂ ਅੰਬਾਲਾ ਪੁੱਜੇ ਸਨ। ਕਾਨਫਰੰਸ ਦੀ ਰੀਸੈਪਸ਼ਨ ਕਮੇਟੀ ਦੇ ਪ੍ਰਧਾਨ ਬੂੜੀਆ ਦੇ ਰਈਸ ਸਰਦਾਰ ਲਛਮਣ ਸਿੰਘ, ਪਤਵੰਤੇ ਸੱਜਣ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ ਉਨ੍ਹਾਂ ਦੇ ਸੁਆਗਤ ਲਈ ਰੇਲਵੇ ਸਟੇਸ਼ਨ 'ਤੇ ਮੌਜੂਦ ਸਨ। ਪ੍ਰਧਾਨ ਜੀ ਦੇ ਗੱਡੀ ਤੋਂ ਉਤਰਦਿਆਂ ਹੀ ਜੈਕਾਰਿਆਂ ਅਤੇ ਫੁੱਲਾਂ ਦੇ ਹਾਰਾਂ ਨਾਲ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਰੇਲ ਗੱਡੀ ਤੋਂ ਸ਼ਾਨ ਨਾਲ ਉਤਾਰ ਕੇ ਪ੍ਰਧਾਨ ਜੀ ਨੂੰ ਸਟੇਸ਼ਨ ਦੇ ਬਾਹਰ ਖੜੀ ਇਕ ਚਾਰ ਘੋੜਿਆਂ ਵਾਲੀ ਬੱਘੀ ਵਿਚ ਬਿਠਾਇਆ ਗਿਆ ਅਤੇ ਜਲੂਸ ਦੀ ਸ਼ਕਲ ਵਿਚ ਇਹ ਕਾਫਲਾ ਅੰਬਾਲਾ ਦੇ ਬਜ਼ਾਰਾਂ ਵਿਚੋਂ ਹੁੰਦਾ ਹੋਇਆ ਸ਼ਾਮ ਦੇ ਸਮੇਂ ਕਾਨਫਰੰਸ ਦੇ ਸਥਾਨ 'ਤੇ ਪੁੱਜਾ। ਸ਼ਬਦ ਗਾਇਨ, ਗੁਰਮਤਿ ਵਿਖਿਆਨ, ਭਾਸ਼ਣ ਅਤੇ ਵਿਚਾਰ ਗੋਸ਼ਟੀਆਂ ਇਸ ਤਿੰਨ ਰੋਜ਼ਾ ਕਾਨਫਰੰਸ ਦਾ ਪ੍ਰਮੁੱਖ ਹਿੱਸਾ ਸਨ। ਜੀਵਨ ਵਿਚ ਵਿੱਦਿਆ ਦੇ ਮਹੱਤਵ 'ਤੇ ਜ਼ੋਰ ਦਿੰਦੇ ਹੋਏ ਕਿਹਾ ਗਿਆ ਕਿ ਮੌਜੂਦਾ ਸਮੇਂ ਦੀ ਤਰੱਕੀ ਕੇਵਲ ਵਿੱਦਿਆ 'ਤੇ ਨਿਰਭਰ ਹੈ। ਵਿੱਦਿਆ ਹੀ ਜੀਵਨ ਦਾ ਅੰਮ੍ਰਿਤ ਹੈ ਜਿਸ ਨੇ ਸਰੀਰ ਨੂੰ ਢੱਕਣ ਲਈ ਕੱਪੜਿਆਂ, ਛੱਤੀ ਪ੍ਰਕਾਰ ਦੇ ਭੋਜਨਾਂ ਅਤੇ ਭਲੇ-ਬੁਰੇ ਦੀ ਪਛਾਣ ਕਰਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸੇ ਦ੍ਰਿਸ਼ਟੀ ਤੋਂ ਪਰਵਾਰਾਂ ਵਿਚ ਵਿੱਦਿਆ ਨੂੰ ਪ੍ਰਫੁਲਿਤ ਕਰਨ ਲਈ ਲੜਕੀਆਂ ਨੂੰ ਪੜ੍ਹਾਉਣ ਦੀ ਲੋੜ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਸੰਤ ਅਤਰ ਸਿੰਘ ਜੀ ਸਮੇਤ ਅਨੇਕਾਂ ਮਹਾਂਪੁਰਖਾਂ ਅਤੇ ਵਿਦਵਾਨਾਂ ਨੇ ਇਸ ਕਾਨਫਰੰਸ ਨੂੰ ਸੰਬੋਧਨ ਕੀਤਾ।

ਕਾਨਫਰੰਸ ਦੇ ਪ੍ਰਧਾਨ ਦੀਵਾਨ ਲੀਲਾ ਰਾਮ ਸਿੰਘ ਨੇ ਇਸ ਮੌਕੇ ਬੋਲਦੇ ਹੋਏ

ਕਿਹਾ ਕਿ ਲਾਰਡ ਹਾਰਡਿੰਗ ਦੁਆਰਾ ਪਾਸ ਕੀਤਾ ਐਜੂਕੇਸ਼ਨਲ ਚਾਰਟਰ ਆਫ਼ ਇੰਡੀਆ ਵਿੱਦਿਆ ਪ੍ਰਦਾਨ ਕਰਨ ਲਈ ਇਕ ਖੁੱਲ੍ਹੇ ਦਿਲ ਵਾਲੀ ਪਾਲਿਸੀ ਹੈ ਜਿਸ ਦਾ ਮੁੱਖ ਕੰਮ ਵਿੱਦਿਆ ਰਾਹੀਂ ਜੀਵਨ ਦਾ ਸੁਧਾਰ ਕਰਨਾ ਹੈ। ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੀ ਵਿੱਦਿਆ ਨੇ ਸਾਡੇ ਮਨ ਵਿਚ ਸਿਦਕ ਪੈਦਾ ਕੀਤਾ ਹੈ ਜਿਹੜਾ ਕਿ ਅੱਗੇ ਬੱਚਿਆਂ ਵਿਚ ਪੈਦਾ ਕਰਨ ਦੀ ਲੋੜ ਹੈ ਤਾਂ ਕਿ ਤਿਆਗ ਜਾਂ ਕੁਰਬਾਨੀ ਕਰਦੇ ਹੋਏ ਵੀ ਆਪਣੇ ਫ਼ਰਜ਼ਾਂ ਦੀ ਪੂਰਤੀ ਕਰ ਸਕਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਦਾ ਜੀਵਨ ਸਾਡੇ ਸਾਹਮਣੇ ਹੈ ਜਿਨ੍ਹਾਂ ਨੇ ਅਤਿ ਸੰਕਟ ਦੇ ਸਮੇਂ ਵੀ ਵਾਹਿਗੁਰੂ ਨਾਲ ਸੱਚੇ ਪ੍ਰੇਮ ਨੂੰ ਕਾਇਮ ਰੱਖਿਆ ਹੈ। ਇਹ ਵਿੱਦਿਆ ਸਕੂਲਾਂ ਵਿਚ ਨਹੀਂ ਮਿਲਦੀ ਬਲਕਿ ਇਹ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇਕਰ ਮਾਤਾ, ਪਿਤਾ ਅਤੇ ਭ੍ਰਾਤਾ ਸੱਚੇ ਸਿੱਖਾਂ ਵਾਂਗ ਨੇਕ ਅਤੇ ਪਵਿੱਤਰ ਜੀਵਨ ਬਸਰ ਕਰਨ ਅਤੇ ਆਪਣੇ ਬੱਚਿਆਂ ਦੇ ਦਿਲਾਂ ਵਿਚ ਨੇਕੀ ਅਤੇ ਸੱਚਾਈ ਦੀ ਰੂਹ ਫੂਕ ਦੇਣ।

ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਰਾਹੀਂ ਪੜ੍ਹਾਈ ਕਰਨ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਿੱਖਾਂ ਦੀ ਆਬਾਦੀ ਤੀਹ ਲੱਖ ਹੈ (੧੯੧੩ ਵਿਚ) ਅਤੇ ਜੇਕਰ ਇਕ ਸਿੱਖ ਇਕ ਰੁਪਈਆ ਦੇਵੇ ਤਾਂ ਤੀਹ ਲੱਖ ਰੁਪਏ ਦਾ ਨੈਸ਼ਨਲ ਫੰਡ ਤਿਆਰ ਹੋ ਸਕਦਾ ਹੈ ਜਿਸ ਨਾਲ ਹਰ ਪਿੰਡ ਵਿਚ ਸਿੱਖ ਸਕੂਲ ਖੋਲ ਕੇ ਵਿੱਦਿਆ ਪ੍ਰਦਾਨ ਕਰ ਸਕਦੇ ਹਨ ਅਤੇ ਹੁਣ ਸਰਕਾਰ ਵੀ ਇਸ ਕਾਰਜ ਸੰਬੰਧੀ ਸਹਾਇਤਾ ਦੇਣ ਲਈ ਤਿਆਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਤੋਂ ਸਿਰਾਂ ਦੀ ਮੰਗ ਕੀਤੀ ਸੀ ਪਰ ਹੁਣ ਧਨ ਅਤੇ ਸਮਾਂ ਕੁਰਬਾਨ ਕਰਨ ਦੀ ਲੋੜ ਹੈ ਤਾਂ ਕਿ ਪੰਜਾਬ ਵਿਚ ਸਿੱਖਾਂ ਦੇ ਮਿਡਲ ਅਤੇ ਹਾਈ ਸਕੂਲ ਖੋਲ੍ਹੇ ਜਾ ਸਕਣ ਤਾਂ ਕਿ ਬੱਚਿਆਂ ਨੂੰ ਧਰਮ ਦੀ ਸਿੱਖਿਆ ਵੀ ਪ੍ਰਦਾਨ ਕੀਤੀ ਜਾ ਸਕੇ ਜਿਸ ਤੋਂ ਬਗ਼ੈਰ ਉਨ੍ਹਾਂ ਦੀ ਸਿੱਖਿਆ ਅਧੂਰੀ ਹੈ। ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੀ ਸਿੱਖਿਆ ਹੀ ਮਨੁੱਖੀ ਵਲਗਣਾਂ ਤੋਂ ਮੁਕਤ ਕਰ ਕੇ ਸਮੁੱਚੀ ਮਾਨਵਤਾ ਵਿਚ ਇਕ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ। ਸਾਨੂੰ ਹਮੇਸ਼ਾਂ ਇਹ ਅਰਦਾਸ ਕਰਨੀ ਚਾਹੀਦੀ ਹੈ ਕਿ ਪਰਮਾਤਮਾ ਆਪਣੀ ਕਿਰਪਾ ਦੁਆਰਾ ਸਾਨੂੰ ਸੱਚੇ ਮਾਰਗ 'ਤੇ ਲੈ ਕੇ ਜਾਵੇ ਅਤੇ ਅਸੀਂ ਸੱਚੇ ਸਿੱਖ ਹੁੰਦੇ ਹੋਏ ਸੱਚੇ ਰਾਜ ਭਗਤ, ਸੱਚੇ ਸਪੁੱਤ੍ਰ, ਪਤੀ ਤੇ ਪਿਤਾ ਹੋਈਏ। ਦੀਵਾਨ ਜੀ ਦਾ ਵਿਸਤ੍ਰਿਤ ਭਾਸ਼ਣ ਪੰਜਾਬ ਅਤੇ ਸਿੰਧ ਦੇ ਲਗਪਗ ਸਮੂਹ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਪ੍ਰਕਾਸ਼ਿਤ ਹੋਇਆ ਜਿਸ ਦੀ ਹਰ ਪਾਸੇ ਸ਼ਲਾਘਾ ਹੋਈ ਸੀ।

ਛੇਵੀਂ ਸਿੱਖ ਵਿੱਦਿਅਕ ਕਾਨਫ਼ਰੰਸ ਵਿਚ ਹਿੱਸਾ ਲੈਣਾ ਅਤੇ ਬੜੇ ਖੁੱਲ੍ਹੇ ਮਨ ਨਾਲ ਸਾਰੇ ਸਮਾਗਮ ਦੀ ਅਗਵਾਈ ਕਰਨ ਕਰਕੇ ਇਨ੍ਹਾਂ ਨੂੰ ਨਿਰੰਤਰ ਯਾਦ ਕੀਤਾ ਜਾਂਦਾ ਰਿਹਾ। ਸਿੱਖਾਂ ਦੇ ਮਨ ਵਿਚ ਇਨ੍ਹਾਂ ਦੀ ਹਾਜ਼ਰੀ ਨਿਰੰਤਰ ਯਾਦ ਰੱਖੀ ਜਾਂਦੀ ਸੀ ਅਤੇ ਅਗਲੀਆਂ ਕਾਨਫ਼ਰੰਸਾਂ ਦੇ ਮੌਕੇ ਜਦੋਂ ਸਿੰਧੀ ਭਰਾਵਾਂ ਨੂੰ ਇਸ ਮਹੱਤਵਪੂਰਨ

ਕਾਨਫ਼ਰੰਸ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਕੀਤੀ ਜਾਂਦੀ ਤਾਂ ਇਨ੍ਹਾਂ ਦੀ ਅੰਬਾਲਾ ਕਾਨਫ਼ਰੰਸ ਵਿਚ ਕੀਤੀ ਪ੍ਰਧਾਨਗੀ ਨੂੰ ਯਾਦ ਕੀਤਾ ਜਾਂਦਾ ਸੀ ਜਿਵੇਂ ਕਿ ਕਵੀ ਸੰਤੋਖ ਸਿੰਘ ਲਿਖਦਾ ਹੈ:

*ਦੀਵਾਨ ਜੀ! ਪਿਆਰ ਤੇਰਾ ਘਣਾਂ ਸਾਰੇ ਪੰਥ ਨਾਲ,*
*ਤੈਂਡੇ ਨਾਲ ਪ੍ਰੀਤਾਂ ਅਸੀਂ ਜੋੜੀਆਂ ਸਵਾਈਆਂ।*
*ਤੁਸੀਂ ਹੀ ਪਰੈਜ਼ੀਡੈਂਟ ਬਣੇ ਸੀ ਅੰਬਾਲੇ ਵਿਚ,*
*ਸਾਰੇ ਸਿੰਧ ਵਾਸੀਆਂ ਨੇ ਖੁਸ਼ੀਆਂ ਮਨਾਈਆਂ।*

ਭਾਵੇਂ ਕਿ ਇਕ ਸਿੰਧੀ ਨਾਟਕਕਾਰ ਵਜੋਂ ਵੀ ਇਨ੍ਹਾਂ ਨੇ ਆਪਣੀ ਪਛਾਣ ਸਥਾਪਿਤ ਕਰ ਲਈ ਸੀ ਅਤੇ ਕਈ ਕਾਲਜਾਂ ਵਿਚ ਇਨ੍ਹਾਂ ਦੁਆਰਾ ਲਿਖੇ ਨਾਟਕ ਖੇਡੇ ਜਾਂਦੇ ਸਨ। ਇਨ੍ਹਾਂ ਦੇ ਸਮੂਹ ਨਾਟਕ ਵਿਦਿਆਰਥੀਆਂ ਨੂੰ ਸਮਾਜਿਕ ਅਤੇ ਸਦਾਚਾਰਿਕ ਪ੍ਰੇਰਨਾ ਪੈਦਾ ਕਰਦੇ ਸਨ। ਨਾਟਕਾਂ ਦੇ ਨਾਲ-ਨਾਲ ਗੁਰਮਤਿ ਆਸ਼ੇ ਅਨੁਸਾਰ ਜੀਵਨ ਬਸਰ ਕਰਨ ਕਰਕੇ ਇਹ ਸਿੱਖ ਸੰਸਥਾਵਾਂ ਅਤੇ ਮੰਡਲੀਆਂ ਵਿਚ ਨਿਰੰਤਰ ਹਾਜ਼ਰੀ ਭਰਦੇ ਸਨ। ੧੯੪੧ ਈ. ਵਿਚ ਇਹ ਅਕਾਲ ਚਲਾਣਾ ਕਰ ਗਏ ਸਨ। ■

## ਸਿੱਖ ਮਿਸ਼ਨ ਉਤਰਾਖੰਡ ਵੱਲੋਂ ਅੰਮ੍ਰਿਤ-ਸੰਚਾਰ

ਸ. ਸੁਖਵਿੰਦਰ ਸਿੰਘ, ਇੰਚਾਰਜ, ਸਿੱਖ ਮਿਸ਼ਨ ਉਤਰਾਖੰਡ, ਕਾਸ਼ੀਪੁਰ, ਜ਼ਿਲ੍ਹਾ ਊਧਮ ਸਿੰਘ ਨਗਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਮਿਸ਼ਨ ਵੱਲੋਂ ਮਿਤੀ ੦੯, ੧੨, ੧੩ ਅਤੇ ੨੭ ਅਪ੍ਰੈਲ, ੨੦੨੫ ਈ. ਨੂੰ ਵੱਖ-ਵੱਖ ਸਥਾਨਾਂ- ਕ੍ਰਮਵਾਰ ਗੁਰਦੁਆਰਾ ਕੁਟੀਆ ਸਾਹਿਬ ਬੁੱਢਾ ਫਾਰਮ, ਪਤਰਾਮਪੁਰ (ਉਤਰਾਖੰਡ) ਵਿਖੇ ੫੦ ਪ੍ਰਾਣੀ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹਲਦਵਾਨੀ, ਜ਼ਿਲ੍ਹਾ ਨੈਨੀਤਾਲ (ਉਤਰਾਖੰਡ) ਵਿਖੇ ੨੯ ਪ੍ਰਾਣੀ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਬਾਜ਼ਪੁਰ ਵਿਖੇ ੧੫੦ ਪ੍ਰਾਣੀ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪੂਰਨਪੁਰ, ਜ਼ਿਲ੍ਹਾ ਪੀਲੀਭੀਤ (ਯੂ.ਪੀ.) ਵਿਖੇ ੯੭ ਪ੍ਰਾਣੀ ਅਤੇ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ, ਊਧਮ ਸਿੰਘ ਨਗਰ (ਉਤਰਾਖੰਡ) ਵਿਖੇ ੩੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਚੜ੍ਹਦੇ ਪੰਜਾਬ ਦੀਆਂ ਉਪ ਬੋਲੀਆਂ

*-ਸ. ਅਜਾਦਦੀਪ ਸਿੰਘ**

ਕਿਸੇ ਭਾਸ਼ਾ ਜਾਂ ਬੋਲੀ ਦੇ ਬੋਲ ਚਾਲ ਦੇ ਇਲਾਕਈ ਰੂਪ ਨੂੰ ਉਪ ਬੋਲੀ ਕਿਹਾ ਜਾਂਦਾ ਹੈ। ਪੰਜਾਬੀ ਬੋਲੀ ਦੀਆਂ ਕਈ ਉਪ ਬੋਲੀਆਂ ਹਨ, ਜਿਵੇਂ- ਮਾਝੀ (ਮਝੈਲੀ) ਦੋਆਬੀ, ਮਲਵਈ, ਪੁਆਧੀ, ਪੋਠੋਹਾਰੀ, ਮੁਲਤਾਨੀ, ਡੋਗਰੀ, ਕਾਂਗੜੀ, ਚੰਬਿਆਲੀ, ਜਾਂਗਲੀ ਆਦਿ। ਪੰਜਾਬੀ ਬੋਲੀ ਦਰਿਆ ਸਿੰਧ ਤੋਂ ਲੈ ਕੇ ਅਲੋਪ ਹੋ ਚੁਕੇ ਸਰਸਵਤੀ ਦਰਿਆ ਦੇ ਵਿਚਕਾਰਲੇ ਖਿੱਤੇ ਤੇ ਇਸ ਦੇ ਨੇੜਲੇ ਮੈਦਾਨੀ ਤੇ ਪਹਾੜੀ ਖਿੱਤਿਆਂ ਵਿਚ ਬੋਲੀ ਜਾਣ ਵਾਲੀ ਬੋਲੀ ਹੈ। ੧੯੪੭ ਈ. ਦੀ ਵੰਡ ਵੇਲੇ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ। ਪੰਜਾਬੀ ਬੋਲਣ ਵਾਲੇ ਲੋਕ ਵੀ ਦੋ ਖਿੱਤਿਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਵੰਡੇ ਗਏ। ੧੯੬੬ ਈ. ਵਿਚ ਚੜਦੇ ਪੰਜਾਬ ਦੀ ਦੋਬਾਰਾ ਵੰਡ ਹੋਣ ਕਰਕੇ ਪੰਜਾਬੀ ਬੋਲੀ ਬੋਲਣ ਵਾਲੇ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵਿਚ ਵੰਡੇ ਗਏ। ਇਸ ਤੋਂ ਇਲਾਵਾ ਜੰਮੂ-ਕਸ਼ਮੀਰ ਵਿਚ ਕਠੂਆ, ਸਾਂਬਾ ਤੇ ਜੰਮੂ ਆਦਿ ਖਿੱਤਿਆਂ ਵਿਚ ਪੰਜਾਬੀ ਦੀ ਉਪ ਬੋਲੀ 'ਡੋਗਰੀ' ਬੋਲੀ ਜਾਂਦੀ ਹੈ।

ਪੁਰਾਣਿਆਂ ਸਮਿਆਂ ਵਿਚ ਜਦੋਂ ਮਨੁੱਖ ਕੋਲ ਰੇਲ, ਮੋਟਰ, ਹਵਾਈ ਜਹਾਜ਼, ਰੇਡੀਓ, ਟੈਲੀਵਿਜ਼ਨ, ਇੰਟਰਨੈੱਟ ਆਦਿ ਦੇ ਮੇਲ-ਜੋਲ ਦੇ ਸਾਧਨ ਨਹੀਂ ਸਨ, ਉਦੋਂ ਆਮ ਲੋਕਾਂ ਦੀ ਆਵਾਜਾਈ ਸੀਮਤ ਹੁੰਦੀ ਸੀ। ਵਪਾਰੀਆਂ ਜਾਂ ਫੌਜੀਆਂ ਨੂੰ ਛੱਡ ਕੇ ਕੋਈ ਦੂਰ-ਦੁਰੇਡੇ ਨਹੀਂ ਸੀ ਜਾਂਦਾ। ਦੋ ਦਰਿਆਵਾਂ ਵਿਚਕਾਰ ਵਸਦੇ ਲੋਕਾਂ ਦੀ ਆਵਾਜਾਈ ਆਪਣੇ ਦੁਆਬੇ ਤਕ ਹੀ ਸੀਮਤ ਰਹਿੰਦੀ ਸੀ। ਇਸੇ ਤਰ੍ਹਾਂ ਪਹਾੜੀ ਗੁੱਠਾਂ ਵਿਚ ਵਸਦੇ ਲੋਕ ਪਰਬਤੀ ਹੱਦਾਂ ਵਿਚ ਬੰਦ ਰਹਿੰਦੇ ਸਨ। ਮੇਲ-ਜੋਲ ਨਾ ਹੋਣ ਜਾਂ ਬਹੁਤ ਘੱਟ ਹੋਣ ਕਾਰਨ ਵੱਖ-ਵੱਖ ਹਿੱਸਿਆਂ ਦੀਆਂ ਬੋਲੀਆਂ ਅੰਦਰ ਵਖਰੇਵਾਂ ਆਉਣਾ ਲਾਜ਼ਮੀ ਸੀ।

ਜਿਸ ਥਾਂ ਰਾਜਸੀ ਤਾਕਤ ਦਾ ਕੇਂਦਰ ਜਾਂ ਗੜ੍ਹ ਹੋਵੇ ਉਸ ਥਾਂ ਦੀ ਬੋਲੀ ਬਲਵਾਨ ਹੋ ਕੇ ਦੇਸ਼ ਉੱਤੇ ਛਾ ਜਾਂਦੀ ਹੈ ਤੇ ਸੋਹਣਾ ਮਾਂਜਿਆ-ਸੋਧਿਆ ਰੂਪ ਧਾਰ ਕੇ ਸਰਬ-ਪ੍ਰਵਾਨ ਹੋ ਜਾਂਦੀ ਹੈ। ਇਹ ਸਰਬ ਪ੍ਰਵਾਨ ਟਕਸਾਲੀ ਬੋਲੀ ਸ਼੍ਰੋਮਣੀ ਤੇ ਮੁਖੀਆ ਕਹੀ ਜਾਂਦੀ ਹੈ ਤੇ ਬਾਕੀ ਉਸ ਇਲਾਕੇ ਦੀਆਂ ਅਧੀਨ ਬੋਲੀਆਂ, ਉਪ ਬੋਲੀਆਂ। ਜਿਨ੍ਹਾਂ ਕੋਈ ਦੇਸ਼ ਦਰਿਆਵਾਂ, ਨਾਲਿਆਂ, ਪਹਾੜੀਆਂ ਦੇ ਘੇਰਿਆਂ ਵਿਚ ਵੰਡਿਆ ਹੋਵੇ ਉਤਨੀਆਂ ਹੀ ਉਪ ਬੋਲੀਆਂ ਬਣ ਜਾਂਦੀਆਂ ਹਨ। ਪੰਜਾਬੀ ਦਾ ਪ੍ਰਚਲਿਤ ਮੁਹਾਵਰਾ ਹੈ ਕਿ ਬੋਲੀ ਬਾਰ੍ਹਾਂ ਕੋਹ 'ਤੇ ਬਦਲ ਜਾਂਦੀ ਹੈ। ਦਰਅਸਲ ਪੁਰਾਣੇ ਸਮਿਆਂ ਵਿਚ

** ਇੰਚਾਰਜ, ਟਰੱਸਟ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੯੮੧੭੯*

ਆਦਮੀ ਦੀ ਆਵਾਜਾਈ ਦਾ ਘੇਰਾ ਏਨਾ ਕੁ ਹੀ ਹੁੰਦਾ ਸੀ। ਬਾਰ੍ਹਾਂ ਕੋਹ ਪੂਰਬ ਵੱਲ, ਬਾਰ੍ਹਾਂ ਕੋਹ ਪੱਛਮ ਵੱਲ ਅਤੇ ਬਾਰ੍ਹਾਂ ਬਾਰ੍ਹਾਂ ਕੋਹ ਉੱਤਰ-ਦੱਖਣ ਵੱਲ, ਕਿਸੇ ਦਾ ਵੱਧ ਕਿਸੇ ਦਾ ਘੱਟ। ਆਵਾਜਾਈ ਤੇ ਮੇਲ-ਜੋਲ ਉਪ ਬੋਲੀ ਵਿਚ ਏਕਤਾ ਪੈਦਾ ਕਰਦਾ ਹੈ ਅਤੇ ਇਕ ਨਾਲੋਂ ਦੂਜੀ ਨੂੰ ਨਿਖੇੜਦਾ ਹੈ। ਉਚਾਰਨ ਦਾ ਲਹਿਜ਼ਾ, ਅੱਡ-ਅੱਡ ਜਾਤਾਂ, ਪੇਸ਼ਿਆਂ, ਮਜ਼ਹਬਾਂ ਵਾਲਿਆਂ ਦੀ ਵਸੋਂ, ਗਰਮ-ਸਰਦ ਵਾਯੂ ਮੰਡਲ ਅਤੇ ਵਿਦੇਸ਼ੀ ਅਸਰ ਉਪ ਬੋਲੀਆਂ ਨੂੰ ਪੱਕਾ ਰੂਪ ਦੇਣ ਵਿਚ ਮਦਦ ਦੇਂਦਾ ਹੈ।

ਪੰਜਾਬੀ ਦਾ ਇੱਕੋ 'ਭਰਾ' ਸ਼ਬਦ--'ਭਾਈਆ','ਭਾ','ਭਾਈ','ਬਰਾ', 'ਭਰਾਤਾ','ਬਾਈ' ਅਤੇ 'ਭਾਊ' ਆਦਿ ਵੱਖਰੀਆਂ-ਵੱਖਰੀਆਂ ਉਪ ਬੋਲੀਆਂ ਵਿਚ ਵੱਖਰੇ-ਵੱਖਰੇ ਰੂਪ ਵਿਚ ਬੋਲਿਆ ਜਾਂਦਾ ਹੈ।

ਕਿਸੇ ਬੋਲੀ ਵਿਚ ਉਪਭਾਸ਼ਾਵਾਂ ਵਾਂਙ ਵੱਖੋ-ਵੱਖ ਜਾਤਾਂ, ਪੇਸ਼ਿਆਂ ਜਾਂ ਜਥੇਬੰਦੀਆਂ ਦੀਆਂ ਵੀ ਖਾਸ ਬੋਲੀਆਂ ਹੁੰਦੀਆਂ ਹਨ, ਉਨ੍ਹਾਂ ਦਾ ਘੇਰਾ ਭੁਗੋਲਿਕ ਸੀਮਾ ਵਿਚ ਬੰਦ ਹੋਣ ਦੀ ਥਾਂ ਖਾਸ ਟੋਲੇ ਨਾਲ ਸੰਬੰਧਿਤ ਹੁੰਦਾ ਹੈ। ਜਿਵੇਂ ਰਾਏ ਸਿੱਖ ਬਰਾਦਰੀ ਜੋ ਕਿ ਆਮ ਤੌਰ 'ਤੇ ਦਰਿਆਵਾਂ ਦੇ ਕੰਢਿਆਂ 'ਤੇ ਵੱਸੀ ਹੋਈ ਹੈ, ਦੀ ਆਪਣੀ ਇੱਕ ਵੱਖਰੀ ਹੀ ਬੋਲੀ ਹੈ। ਇਹ ਭਾਵੇਂ ਕਿਸੇ ਵੀ ਖਿੱਤੇ ਵਿਚ ਵੱਸੇ ਹੋਣ, ਇਨ੍ਹਾਂ ਦੀ ਬੋਲੀ ਦੀ ਇਕਸਾਰਤਾ ਹੈ, ਜੋ ਕਿ ਉਸ ਖਿੱਤੇ ਦੇ ਦੂਜੇ ਵਸਨੀਕਾਂ ਤੋਂ ਵੱਖਰੀ ਹੁੰਦੀ ਹੈ।

ਸ਼ਾਇਦ ਸਭ ਤੋਂ ਪਹਿਲਾਂ ਡਾ. ਗ੍ਰੀਅਰਸਨ ਨੇ ਹੀ ਪੰਜਾਬੀ ਦੀਆਂ ਉਪ ਬੋਲੀਆਂ ਦੀ ਵਿਸਥਾਰਕ ਛਾਣ-ਬੀਣ ਕੀਤੀ। ਉਸ ਨੇ ਡੋਗਰੀ, ਮਾਝੀ, ਦੁਆਬੀ, ਮਲਵਈ, ਪੁਆਧੀ, ਰਾਠੀ ਤੇ ਭਟਿਆਣੀ ਸੱਤ ਉਪ ਬੋਲੀਆਂ ਮੰਨੀਆਂ ਹਨ। ਪੰਜਾਬੀ ਦੀ ਕੇਂਦਰੀ ਬੋਲੀ ਮਾਝੀ (ਮਝੈਲੀ) ਨੂੰ ਮੰਨਿਆ ਜਾਂਦਾ ਹੈ। ਲਗਪਗ ਹਜ਼ਾਰ ਵਰ੍ਹੇ ਤੋਂ ਪੰਜਾਬ ਦਾ ਕੇਂਦਰ ਲਾਹੌਰ ਰਿਹਾ ਹੈ, ਰਾਜਸੀ ਤੇ ਸਾਹਿਤਕ ਪ੍ਰਭਾਵ ਨੇ ਇਸ ਥਾਂ ਦੀ ਬੋਲੀ ਨੂੰ ਕੇਂਦਰੀ ਬੋਲੀ ਦਾ ਰੂਪ ਦਿੱਤਾ। ਯੂਰਪ ਵਿਚ ੧੯੨੪ ਈ. ਵਿਚ ਇਕ ਕੌਮਾਂਤਰੀ ਬੋਲੀ ਸਭਾ ਬਣੀ ਸੀ, ਉਸ ਨੇ ਟਕਸਾਲੀ ਬੋਲੀ ਲਈ ਇਹ ਤਿੰਨ ਨੇਮ ਨੀਯਤ ਕੀਤੇ ਸਨ:

੧. ਸੌਖੀ ਬੋਲੀ ਤੇ ਸੌਖੀ ਸੁਣੀ ਜਾਵੇ।
੨. ਸੌਖੀ ਪੜ੍ਹੀ ਤੇ ਸੌਖੀ ਲਿਖੀ ਜਾਵੇ।
੩. ਕੁਦਰਤੀ ਤੇ ਬਨਾਵਟੀ ਰਲੀ ਮਿਲੀ ਹੋਵੇ।

ਜੋ ਅਸਥਾਨ ਹਕੂਮਤ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਜਾਵੇ। ਉੱਥੋਂ ਦੀ ਉਪ ਬੋਲੀ ਹੀ ਨਿਖਰ ਕੇ ਟਕਸਾਲੀ ਰੂਪ ਧਾਰਨ ਕਰ ਲੈਂਦੀ ਹੈ। ਜਿਵੇਂ ਉੱਥੋਂ ਦੀ ਟਕਸਾਲ ਦਾ ਸਿੱਕਾ ਚੱਲਦਾ ਹੈ ਉਵੇਂ ਉਸ ਥਾਂ ਦੀ ਪ੍ਰਮਾਣਿਕ ਬੋਲੀ ਦਾ ਸਿੱਕਾ ਚੱਲਦਾ ਹੈ। ਕਿਸੇ ਵੇਲੇ ਮੁਲਤਾਨ ਪੰਜਾਬ ਦਾ ਰਾਜਨੀਤਕ ਗੜ੍ਹ ਸੀ, ਇਸ ਲਈ ਪਹਿਲਾਂ ਪਹਿਲਾਂ ਮੁਲਤਾਨੀ ਜਾਂ ਲਹਿੰਦੀ ਨੂੰ ਬਾਕੀ ਉਪ ਬੋਲੀਆਂ ਨਾਲੋਂ ਵਧੇਰੇ ਮਾਣ ਮਿਲਿਆ। ਫਿਰ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਮੱਧ ਪੰਜਾਬ ਵਿਚ ਲਾਹੌਰ ਹੋ ਗਿਆ, ਇਸ ਲਈ

ਮਾਝੀ ਉਪ ਬੋਲੀ ਨੂੰ ਪ੍ਰਧਾਨਤਾ ਮਿਲਣ ਲੱਗੀ। ਲਾਹੌਰ ੧੧ਵੀਂ ਸਦੀ ਤੋਂ ਪੰਜਾਬ ਦਾ ਕੇਂਦਰ ਜਾਂ ਦੂਜੇ ਸ਼ਬਦਾਂ ਵਿਚ ਰਾਜਧਾਨੀ ਦਾ ਸ਼ਹਿਰ ਚੱਲਿਆ ਆ ਰਿਹਾ ਹੈ। ਇਸੇ ਰਾਜਨੀਤਕ ਮਹੱਤਤਾ ਨੇ ਇਸ ਦੇ ਆਲੇ-ਦੁਆਲੇ ਦੀ ਬੋਲੀ ਨੂੰ ਮਾਂਜ-ਸੁਆਰ ਕੇ ਟਕਸਾਲੀ ਹੋਣ ਦਾ ਮਾਣ ਦਿਤਾ। ਲਾਹੌਰ ਹੀ ਕੇਂਦਰ ਰਹਿਣ ਕਰਕੇ ਮਾਝੀ ਦੀ ਮਹੱਤਤਾ ਜਾਰੀ ਰਹੀ। ਗ੍ਰੀਅਰਸਨ ਇਸੇ ਲਈ ਮਾਝੀ ਨੂੰ ਟਕਸਾਲੀ ਮੰਨਦਾ ਹੈ।

ਸੋ ਮਾਝੀ ਦਾ ਸ਼ੁਧ ਸਰੂਪ ਹੀ ਟਕਸਾਲੀ ਪੰਜਾਬੀ ਹੈ, ਜੋ ਕਿ ਸਾਊ ਪੰਜਾਬੀਆਂ ਦੀ ਆਮ-ਬੋਲ ਚਾਲ ਵਿਚ ਵੀ ਝਲਕਾਰੇ ਦੇਂਦਾ ਹੈ। ਲਹਿੰਦੇ ਦੇ ਕਵੀਆਂ ਅਲੀ ਹੈਦਰ, ਸਮਰਥ ਤੇ ਬਰਦੇ ਪੋਠੋਹਾਰੀ ਆਦਿ ਨੇ ਇਸੇ ਸਾਂਝੀ ਬੋਲੀ ਨੂੰ ਕਵਿਤਾ ਲਈ ਚੁਣਿਆ, ਭਾਵੇਂ ਉਨ੍ਹਾਂ ਵਿਚ ਸਥਾਨਕ ਰੰਗਣ ਮੌਜੂਦ ਹੈ। ਇਸੇ ਲੜੀ ਵਿਚ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵੀ ਸ਼ਾਮਲ ਹੈ। ਭਾਈ ਗੁਰਦਾਸ ਜੀ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਵਾਰਸ ਤੇ ਹਾਸ਼ਮ ਤਾਂ ਲਾਹੌਰ-ਅੰਮ੍ਰਿਤਸਰ ਦੇ ਲਾਗੇ-ਚਾਗੇ ਦੇ ਹੀ ਸਨ। ਇਸ ਲੇਖ ਵਿਚ ਕੇਵਲ ਚੜ੍ਹਦੇ ਪੰਜਾਬ ਦੀਆਂ ਉਪ ਬੋਲੀਆਂ-ਮਾਝੀ, ਦੁਆਬੀ, ਮਲਵਈ ਤੇ ਪੁਆਧੀ ਦਾ ਹੀ ਜ਼ਿਕਰ ਕੀਤਾ ਜਾ ਰਿਹਾ ਹੈ।

ਮਾਝੀ (ਮਝੈਲੀ) ਉਪ ਬੋਲੀ ਦਰਿਆ ਰਾਵੀ ਤੇ ਬਿਆਸ ਸਤਲੁਜ ਦੇ ਵਿਚਕਾਰਲੇ ਖਿੱਤੇ ਤੇ ਰਾਵੀ ਤੋਂ ਪਾਰ ਸਿਆਲਕੋਟ ਦੇ ਇਲਾਕੇ ਵਿਚ ਬੋਲੀ ਜਾਂਦੀ ਹੈ। ਮੌਜੂਦਾ ਸਮੇਂ ਇਹ ਉਪ ਬੋਲੀ ਚੜ੍ਹਦੇ ਪੰਜਾਬ ਦੇ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਤੇ ਪਠਾਨਕੋਟ ਜ਼ਿਲ੍ਹਿਆਂ, ਲਹਿੰਦੇ ਪੰਜਾਬ ਦੇ ਲਾਹੌਰ, ਕਸੂਰ ਤੇ ਸਿਆਲਕੋਟ ਜ਼ਿਲ੍ਹਿਆਂ ਅਤੇ ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਦੇ ਡਲਹੌਜ਼ੀ ਖੇਤਰ ਵਿਚ ਬੋਲੀ ਜਾਂਦੀ ਹੈ। ਪੰਜਾਬ ਦੀ ਵੰਡ ਦਾ ਸਭ ਤੋਂ ਜ਼ਿਆਦਾ ਅਸਰ ਇਸ ਉਪ ਬੋਲੀ ਉੱਪਰ ਪਿਆ ਹੈ। ਦੇਸ਼ ਵੰਡ ਸਮੇਂ ਮਾਝੀ ਉਪ ਬੋਲੀ ਦਾ ਅੰਮ੍ਰਿਤਸਰ, ਗੁਰਦਾਸਪੁਰ ਜ਼ਿਲ੍ਹਾ ਤੇ ਲਾਹੌਰ ਜ਼ਿਲ੍ਹੇ ਦੀ ਕਸੂਰ ਤਹਿਸੀਲ ਦੇ ਪੱਟੀ, ਵਲਟੋਹਾ, ਭਿੱਖੀਵਿੰਡ ਤੇ ਖਾਲੜਾ ਠਾਣੇਂ ਚੜ੍ਹਦੇ ਪੰਜਾਬ ਦੇ ਹਿੱਸੇ ਆਏ। ਲਾਹੌਰ, ਸਿਆਲਕੋਟ ਜ਼ਿਲ੍ਹੇ ਤੇ ਮੌਜੂਦਾ ਭਾਰਤੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੀ ਸ਼ਕਰਗੜ੍ਹ ਤਹਿਸੀਲ ਲਹਿੰਦੇ ਪੰਜਾਬ ਦੇ ਹਿੱਸੇ ਆਏ। ੧੯੬੬ ਈ. ਵਿਚ ਚੜ੍ਹਦੇ ਪੰਜਾਬ ਦੀ ਦੁਬਾਰਾ ਹੋਈ ਵੰਡ ਸਮੇਂ ਜ਼ਿਲ੍ਹਾ ਗੁਰਦਾਸਪੁਰ ਦੀ ਪਠਾਨਕੋਟ ਤਹਿਸੀਲ ਦਾ ਪਹਾੜੀ ਖਿੱਤਾ ਡਲਹੌਜ਼ੀ ਹਿਮਾਚਲ ਪ੍ਰਦੇਸ਼ ਵਿਚ ਚਲਾ ਗਿਆ। ਸੰਨ ੧੯੪੭ ਤੇ ੧੯੬੬ ਦੀ ਪੰਜਾਬ ਵੰਡ ਦਾ ਸਭ ਤੋਂ ਜ਼ਿਆਦਾ ਨੁਕਸਾਨ ਜ਼ਿਲ੍ਹਾ ਗੁਰਦਾਸਪੁਰ ਨੂੰ ਹੋਇਆ। ਦੋਵੇਂ ਵਾਰ ਇਸ ਜ਼ਿਲ੍ਹੇ ਦੀ ਵੰਡ ਹੋਈ। ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਮਾਝਾ ਖੇਤਰ ਦੇ ਵਸਨੀਕਾਂ ਨੂੰ ਮਝੈਲ ਸੱਦਿਆ ਜਾਂਦਾ ਹੈ।

ਦੋਆਬੀ ਉਪ ਬੋਲੀ ਬਿਆਸ ਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖਿੱਤੇ ਵਿਚ ਬੋਲੀ ਜਾਂਦੀ ਹੈ। ਇਹ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਵਿਚ ਬੋਲੀ ਜਾਣ ਵਾਲੀ ਉਪ ਬੋਲੀ ਹੈ। ਆਮ ਭਾਸ਼ਾ ਵਿਚ ਇਸ ਖਿੱਤੇ ਦੇ ਵਸਨੀਕਾਂ ਨੂੰ ਦੋਆਬੀਏ ਕਿਹਾ ਜਾਂਦਾ ਹੈ।

ਮਲਵਈ ਉਪ ਬੋਲੀ ਦਰਿਆ ਸਤਲੁਜ ਤੋਂ ਚੜ੍ਹਦੇ ਪਾਸੇ ਲੁਧਿਆਣਾ, ਮੁਕਤਸਰ, ਫਰੀਦਕੋਟ, ਮੋਗਾ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ, ਫਿਰੋਜ਼ਪੁਰ ਤੇ ਪਟਿਆਲਾ ਦੇ ਜ਼ਿਆਦਾਤਰ ਭਾਗ ਵਿਚ ਬੋਲੀ ਜਾਂਦੀ ਹੈ। ਇਸ ਖਿੱਤੇ ਦੇ ਲੋਕਾਂ ਨੂੰ ਮਲਵਈ ਕਿਹਾ ਜਾਂਦਾ ਹੈ।

ਸਰਹੰਦ ਵਾਲੀ ਨਹਿਰ ਟੱਪ ਕੇ ਪੰਜਾਬ ਦਾ ਪੂਰਬ ਵੱਲ ਦਾ ਭਾਗ ਪੁਆਧ ਕਹਾਉਂਦਾ ਹੈ ਜੋ ਕਿ ਪੂਰਬਾਰਧ ਦਾ ਬਦਲਿਆ ਰੂਪ ਹੈ। ਇਸ ਵਿਚ ਘੱਗਰ ਦੇ ਨਾਲ ਲਗਦਾ ਜ਼ਿਲ੍ਹਾ ਅੰਬਾਲੇ ਦਾ ਕਾਫੀ ਭਾਗ, ਪਟਿਆਲਾ ਯੂਨੀਅਨ ਦਾ ਕੁਝ ਹਿੱਸਾ ਤੇ ਜ਼ਿਲ੍ਹਾ ਹਿਸਾਰ ਦਾ ਕੁਝ ਇਲਾਕਾ ਸ਼ਾਮਲ ਹੈ। ਇਸ ਥਾਂ ਦੀ ਪੁਆਧੀ ਬੋਲੀ ਹੈ। ਪੁਆਧੀ ਵਿਚ ਸਾਨੂੰ 'ਤੁਹਾਨੂੰ' ਦੀ ਥਾਂ 'ਮਾਨੂੰ-ਥਾਨੂੰ' ਜਾਂ 'ਤੰਨੇ-ਮੰਨੇ', 'ਦਾ' ਦੀ ਥਾਂ 'ਕਾ', 'ਸੀ' ਦੀ ਥਾਂ 'ਤੀ' ਜਾਂ 'ਥੀ', 'ਵਿਚ' ਦੀ ਥਾਂ 'ਬਿਚ ਮਾ', 'ਹੁਣ' ਦੀ 'ਮਾ ਇਬ', 'ਇਉਂ' ਦੀ ਥਾਂ 'ਨਿਊਂ', 'ਨਾਲ' ਦੀ ਥਾਂ 'ਗੈਲ', 'ਐਥੇ' ਦੀ ਥਾਂ 'ਉਰੇ' ਬੋਲਿਆ ਜਾਂਦਾ ਹੈ। ਇਸ ਖਿੱਤੇ ਦੇ ਲੋਕ ਪੁਆਧੀਏ ਹਨ।

ਆਮ ਤੌਰ 'ਤੇ ਪੁਆਧ ਨੂੰ ਮਾਲਵਾ ਦਾ ਹੀ ਹਿੱਸਾ ਗਿਣ ਲਿਆ ਜਾਂਦਾ ਹੈ,ਜਦਕਿ ਅਸਲ ਵਿਚ ਬੋਲੀ ਪੱਖੋਂ ਪੁਆਧ ਵੱਖਰਾ ਖਿੱਤਾ ਹੈ। ਭਗਤ ਆਸਾ ਰਾਮ ਕਿੱਸਾਕਾਰ ਨੇ ਪੁਆਧੀ ਉਪ ਬੋਲੀ ਵਿਚ ਕਈ ਕਿੱਸੇ ਲਿਖੇ। ਮੌਜੂਦਾ ਸਮੇਂ ਪੁਆਧੀ ਉਪ ਬੋਲੀ ਜ਼ਿਲ੍ਹਾ ਰੂਪ ਨਗਰ (ਰੋਪੜ) ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਕੁਝ ਹਿੱਸੇ, ਪਟਿਆਲਾ ਜ਼ਿਲ੍ਹੇ ਦੀ ਰਾਜਪੁਰਾ ਤਹਿਸੀਲ ਤੇ ਸਨੌਰ ਵੱਲ ਦਾ ਇਲਾਕਾ ਸੰਗਰੂਰ ਜ਼ਿਲ੍ਹੇ ਦਾ ਲਹਿਰਾਗਾਗਾ ਵੱਲ ਦਾ ਇਲਾਕਾ, ਹਿਮਾਚਲ ਪ੍ਰਦੇਸ਼ ਦਾ ਨਾਲਾਗੜ੍ਹ ਤੇ ਅੰਬਾਲਾ ਜ਼ਿਲ੍ਹੇ ਦੇ ਕੁਝ ਹਿੱਸੇ ਵਿਚ ਬੋਲੀ ਜਾਂਦੀ ਹੈ। ਅਜੋਕੇ ਸਮੇਂ ਵਿਚ ਪੰਜਾਬ ਦੀਆਂ ਤਿੰਨ ਉਪ ਬੋਲੀਆਂ-ਮਾਝੀ, ਦੋਆਬੀ ਤੇ ਮਲਵਈ ਹੀ ਗਿਣੀਆਂ ਜਾਂਦੀਆਂ ਹਨ, ਜਦਕਿ ਪੰਜਾਬੀ ਬੋਲੀ ਦੇ ਸਾਰੇ ਖੋਜਕਾਰਾਂ ਨੇ ਪੁਆਧੀ ਨੂੰ ਵੀ ਪੰਜਾਬੀ ਦੀ ਉਪ ਬੋਲੀ ਦੱਸਿਆ ਹੈ। ਪਿਛਲੇ ਕੁਝ ਸਮੇਂ ਤੋਂ ਪੁਆਧ ਦੇ ਚੇਤੰਨ ਵਸਨੀਕਾਂ ਵੱਲੋਂ ਪੁਆਧ ਤੇ ਪੁਆਧੀ ਨਾਮ ਹੇਠ ਸੰਸਥਾਵਾਂ ਬਣਾ ਕੇ ਪੁਆਧ/ਪੁਆਧੀ ਲਈ ਕੰਮ ਕੀਤਾ ਜਾ ਰਿਹਾ ਹੈ। ਪੁਆਧ ਦੇ ਵਸਨੀਕ ਪੁਆਧੀ ਨੂੰ ਮਲਵਈ ਬੋਲੀ ਨਾਲੋਂ ਵੱਖਰਾ ਦੱਸਦੇ ਹਨ। ਉਹ ਆਪਣੇ ਵੱਖਰੇ ਪੁਆਧ ਖਿੱਤੇ ਦੀ ਮੰਗ ਕਰ ਰਹੇ ਹਨ। ਪੁਆਧੀ ਬੋਲਣ ਵਾਲੇ ਪੁਆਧੀਆਂ ਦੀ ਮੰਗ ਹੈ ਕਿ ਚੰਡੀਗੜ੍ਹ ਸ਼ਹਿਰ ਜੋ ਕਿ ਪੁਆਧ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਹੈ, ਏਥੇ ਸਥਿਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਥਾਪਿਤ ਪੰਜਾਬੀ ਯੂਨੀਵਰਸਿਟੀ ਵਿਚ ਪੁਆਧੀ ਉਪ ਬੋਲੀ ਦੇ ਵਿਕਾਸ ਤੇ ਖੋਜ ਦਾ ਕੰਮ ਕੀਤਾ ਜਾਵੇ। ਉਨ੍ਹਾਂ ਵੱਲੋਂ ਇਹ ਮੰਗ ਵੀ ਕੀਤੀ ਜਾ ਰਹੀ ਹੈ ਕਿ ਪੰਜਾਬੀ ਅਖ਼ਬਾਰਾਂ ਵਿਚ ਮਾਝਾ, ਦੋਆਬਾ, ਮਾਲਵਾ ਅੰਕਾਂ ਦੇ ਨਾਲ ਵੱਖਰਾ ਪੁਆਧ ਅੰਕ ਵੀ ਛਾਪਿਆ ਜਾਵੇ। ਇਸੇ ਤਰ੍ਹਾਂ ਟੀ.ਵੀ. ਚੈਨਲਾਂ ਉੱਪਰ ਮਾਝਾ, ਦੋਆਬਾ, ਮਾਲਵਾ, ਖਿੱਤਿਆਂ ਦੇ ਨਾਲ ਪੁਆਧ ਨੂੰ ਵੱਖਰਾ ਖਿੱਤਾ ਦਿਖਾਇਆ ਜਾਵੇ। ■

ਮਈ ੨੦੨੫ ਦਾ ਬਾਕੀ:

# ਸਿੰਘ ਅਤੇ ਕੌਰ ਸਿਧਾਂਤਕ ਪਰਿਪੇਖ

*-ਬੀਬੀ ਕਿਰਨਦੀਪ ਕੌਰ**

*-ਸ. ਕਰਮਜੀਤ ਸਿੰਘ ਦੂਲਾ ਨੰਗਲ**

ਸ੍ਵਰੂਪ ਸਿੰਘ ਕੌਸ਼ਿਸ਼ ਦੀ ਰਚਨਾ ਤੋਂ 'ਖੰਡੇ ਦੀ ਪਾਹੁਲ' ਅਤੇ 'ਸਿੰਘ ਤੇ ਕੌਰ' ਬਾਬਤ ਤਿੰਨ ਸਾਖੀਆਂ (੫੯, ੬੦ ਅਤੇ ੬੨) ਵਿਚ ਇਤਿਹਾਸਿਕ ਹਵਾਲੇ ਪ੍ਰਾਪਤ ਹੁੰਦੇ ਹਨ:

ਸਾਖੀ ਨੰਬਰ ੫੯, ਸਾਖੀ ਖਾਂਡੇ ਕੀ ਪਾਹੁਲ ਦੇਨੇ ਕੀ ਚਾਲੀ- ਗੁਰੂ ਜੀ ਨੇ ਪ੍ਰਿਥਮੇਂ ਅਪਨੋ ਨਾਮ ਗੈਲ ਉਪਰੰਤ ਪਾਂਚੋਂ ਸਿੱਖਾਂ ਦੇ ਨਾਮਾਂ ਕੇ ਸਾਥ 'ਸਿੰਘ' ਸ਼ਬਦ ਲਾਇ ਕੇ ਫਤੇ ਗਜਾਈ ਤੇ ਜੈਕਾਰਾ ਛੋਰਾ।[੩੦]

ਸਾਖੀ ਨੰਬਰ ੬੦, ਸਾਖੀ ਖਾਲਸਾ ਰਹਿਤ ਮਰਜਾਦਾ ਕੀ ਚਾਲੀ- ਭਾਈ ਦਯਾ ਸਿੰਘ ਸੇ ਬਚਨ ਹੋਆ ਇਨ ਪਾਂਚੋ ਕੋ ਖਾਂਡੇ ਕੀ ਪਾਹੁਲ ਤਿਆਰ ਕਰਕੇ ਪਿਲਾਈ ਜਾਏ। ਗੁਰੂ ਜੀ ਕਾ ਹੁਕਮ ਪਾਇ ਭਾਈ ਦਯਾ ਸਿੰਘ ਆਦਿ ਪਾਂਚੋਂ ਪਿਆਰਿਆਂ ਖਾਂਡੇ ਕੀ ਪਾਹੁਲ ਤਿਆਰ ਕਰਕੇ ਇਨ ਪਾਂਚ ਸਿੱਖੋਂ ਕੋ ਪੀਲਾਇ ਦਈ। ਆਗੇ ਕੀ ਤਰਹ ਇਨ ਪਾਂਚੋਂ ਭਾਈ ਦੇਵਾਰਾਮ, ਰਾਮਚੰਦ, ਟਹਿਲ ਦਾਸ, ਈਸ਼ਰਦਾਸ ਤੇ ਫਤੇ ਚੰਦ ਦੇ ਨਾਮਾਂ ਨਾਲ 'ਸਿੰਘ' ਪਦ ਲਾਇਕੇ ਰਹਿਤ ਮਰਜਾਦਾ ਦੱਸੀ ਗਈ।[੩੧]

ਸਾਖੀ ਨੰਬਰ ੬੨, ਸਾਖੀ ਬੱਚੇ ਬੱਚੀ ਕੋ ਪਾਹੁਲ ਦੇਨੇ ਕੀ ਚਾਲੀ - 'ਬੱਚੇ ਬੱਚੀ ਕਾ ਨਾਮ ਸ੍ਰੀ ਗ੍ਰੰਥ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਕਾ ਵਾਕ ਲੈ ਕੇ ਪਹਿਲੇ ਅੱਖਰ ਸੇ ਰਾਖੇਂ, ਅਗਰ ਸ੍ਰੀ ਗ੍ਰੰਥ ਜੀ ਨਾ ਹੋਵੇ ਤਾਂ ਪੋਥੀ ਸੇ ਰਾਖਾ ਜਾਏ। ਬੱਚੇ ਦੇ ਨਾਮ ਨਾਲ 'ਸਿੰਘ' ਤੇ ਬੱਚੀ ਦੇ ਨਾਂ ਨਾਲ 'ਕੌਰ' ਸ਼ਬਦ ਲਾਇਆ ਜਾਏ।[੩੨]

ਕਵੀ ਸੰਤੋਖ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਿਰਤਾਂਤ ਨਾਲ ਸੰਬੰਧਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਤੀਜੀ ਰੁੱਤ ਵਿਚ ਸਤਾਰ੍ਹਵੇਂ ਅਧਿਆਇ ਤੋਂ ਅਰੰਭ ਕਰ ਕੇ ਇੱਕੀਵੇਂ ਅਧਿਆਇ ਤਕ (ਪੰਜ ਅਧਿਆਇਆਂ ਵਿਚ) ਖ਼ਾਲਸਾ ਸਿਰਜਣਾ ਵਾਲਾ ਬਿਰਤਾਂਤ ਵਿਸਥਾਰ ਸਹਿਤ ਵਰਣਨ ਕੀਤਾ ਹੈ, ਜਿਸ ਵਿਚ 'ਸਿੰਘ' ਸ਼ਬਦ ਬਾਬਤ ਜ਼ਿਕਰ ਇਸ ਪ੍ਰਕਾਰ ਦਰਜ ਹੈ:

ਅੰਮ੍ਰਿਤ ਛਕਾਉਣ ਸੰਬੰਧੀ ਜ਼ਿਕਰ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਸੰਬੋਧਨ ਹੋ ਕੇ ਫੁਰਮਾਇਆ, 'ਹੁਣ ਤੋਂ ਤੁਸੀਂ ਆਪਣੇ ਆਪ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਵਸਨੀਕ ਦੱਸਣਾ ਹੈ। ' ਗੁਰੂ ਸਾਹਿਬ ਨੇ ਪੰਜਾਂ ਦੇ ਨਾਵਾਂ ਨਾਲ

** ਰੀਸਰਚ ਸਕਾਲਰਜ਼, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੫੫੭-੨੨੩੫੧*

ਸਿੰਘ ਸ਼ਬਦ ਜੋੜਿਆ। ਫਿਰ ਗੁਰੂ ਜੀ ਨੇ ਸਾਰੀ ਰਹਿਤ ਮਰਯਾਦਾ ਦੱਸੀ। ਜਿਸ ਨੂੰ ਅਪਣਾਅ ਕੇ ਉਨ੍ਹਾਂ ਨੇ ਸਦਾ ਵਾਸਤੇ ਪ੍ਰਸੰਨਤਾ ਹਾਸਲ ਕੀਤੀ।[੩੩]

*ਅਬਿ ਤੇ ਕਹਹੁ ਅਨੰਦਪੁਰ ਵਾਸੀ।*
*ਪੰਚਹੁਂ ਨਾਮ ਧਰੇ ਗੁਨ ਰਾਸੀ।*
*ਸ੍ਰੀ ਗੁਰ ਪੁਨ ਸਭਿ ਰਹਿਤ ਬਤਾਈ।*
*ਜਿਸ ਤੇ ਸਦਾ ਅਨੰਦ ਕੌ ਪਾਈ॥[੩੪]*

ਇਸੇ ਤਰ੍ਹਾਂ ਵੀਹਵੇਂ ਅਧਿਆਇ ਵਿਚ ਜ਼ਿਕਰ ਹੈ ਕਿ ਮੁਲਤਾਨ ਨਗਰ ਦੇ ਅਲੀਪੁਰ ਨੇੜ੍ਹੇ ਮਾਈ ਦਾਸ ਰਾਜਪੂਤ ਵੱਸਦਾ ਸੀ। ਉਸਦਾ ਇਕ ਪੁੱਤਰ ਮਨੀਰਾਮ ਹੋਇਆ, ਉਸ ਨੇ ਸ੍ਰੀ ਅਨੰਦਪੁਰ ਸਾਹਿਬ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਉਹ ਆਪਣੇ ਪੰਜ ਪੁੱਤਰਾਂ ਨੂੰ ਨਾਲ ਲੈ ਕੇ ਆਇਆ ਸੀ। ਗੁਰੂ ਜੀ ਦੀ ਸ਼ਰਨ ਪੈ ਕੇ ਫਿਰ ਉਹ ਉੱਥੇ ਹੀ ਰਹਿਣ ਲੱਗ ਪਿਆ। ਗੁਰੂ ਜੀ ਨੇ ਉਨ੍ਹਾਂ ਪੰਜਾਂ ਭਰਾਵਾਂ ਨੂੰ ਖੜ੍ਹੇ ਕਰ ਕੇ, ਉਨ੍ਹਾਂ ਦੇ ਨਾਮ 'ਸਿੰਘ' ਰੱਖ ਦਿੱਤੇ। ਉਨ੍ਹਾਂ ਵਿੱਚੋਂ ਵੱਡਾ ਭਰਾ ਵਿਚ੍ਰਿਤ ਸਿੰਘ ਬਹਾਦਰ ਜੋਧਾ ਹੋਇਆ। ਦੂਜਾ ਭਰਾ ਉਦਯ ਸਿੰਘ ਪ੍ਰਸਿੱਧ ਸੂਰਬੀਰ ਹੋਇਆ। ਫਿਰ ਅਨਕ ਸਿੰਘ, ਅਜਬ ਸਿੰਘ ਅਤੇ ਪੰਜਵਾਂ ਭਰਾ ਅਜਾਇਬ ਸਿੰਘ ਹੋਇਆ। ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਬਖ਼ਸ਼ਿਆ।[੩੫]

*...ਮਾਈ ਦਾਸ ਰਜਪੂਤ ਬਸੇਰੇ॥ ਤਿਸ ਕੇ ਮਨੀ ਰਾਮ ਸੁਤ ਹੋਯੋ।*
*ਆਇ ਤਹਾਂ ਗੁਰਦਸ਼ਰਨ ਜੋਯੋ। ਪੰਚ ਪੁੱਤ੍ਰ ਲੇ ਅਪਨੇ ਸਾਥ।*
*ਸ਼ਰਨੀ ਪਰਯੋ ਰਹਯੋ ਗੁਰਨਾਥ॥ ਸੋ ਪੰਚਹੁਂ ਭ੍ਰਾਤਾ ਕਰਿ ਖਰੇ।*
*ਸਿੰਘ ਨਾਮ ਤਿਨ ਕੇ ਗੁਰ ਧਰੇ। ਬਡੋ ਬਚਿੱਤ੍ਰ ਸਿੰਘ ਭਟ ਭਯੋ।*
*ਉਦੇ ਸਿੰਘ ਦੂਸਰ ਬਿਦਤਯੋ॥ ਅਨਕ ਸਿੰਘ ਅਰੁ ਅਜਬ ਸਿੰਘ ਪੁਨ।*
*ਪੰਚਮ ਭਯੋ ਅਜਾਇਬ ਸਿੰਘ ਗੁਨਿ। ਅੰਮ੍ਰਿਤ ਖੰਡੇ ਕੋ ਤਿਨ ਦੀਨਾ।...॥[੩੬]*

ਇੱਕੀਵੇਂ ਅਧਿਆਇ ਵਿਚ ਸਿੰਘ ਸ਼ਬਦ ਬਾਰੇ ਜ਼ਿਕਰ ਇਸ ਪ੍ਰਕਾਰ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਜਿੰਨੇ ਵੀ ਸ਼ਰਧਾਲੂ ਸਨ, ਉਨ੍ਹਾਂ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਸਿਰ ਉੱਤੇ ਸੁੰਦਰ ਕੇਸ ਰੱਖ ਲਏ ਸਨ। ਉਨ੍ਹਾਂ ਨੇ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਨਾਮ ਪਿੱਛੇ 'ਸਿੰਘ' ਲਗਾ ਕੇ ਅਤੇ ਕਛਹਿਰਾ ਪਹਿਨ ਕੇ ਸ੍ਰੇਸ਼ਟ ਪਹਿਰਾਵਾ ਧਾਰਨ ਕਰ ਲਿਆ ਸੀ।[੩੭]

*ਜੇਤਿਕ ਹੁਤੇ ਹਜ਼ੂਰ ਮਹਿਂ ਸਿਰ ਪਰ ਧਰਿ ਬਰ ਕੇਸ।*
*ਪਾਹੁਲ ਲੇ ਸਿੰਘ ਨਾਮ ਧਰਿ ਪਹਿਰਿ ਕਾਛ ਸ਼ੁਭ ਭੇਸ॥[੩੮]*

ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਗਟ ਕਰਨਾ ਤੇ ਪੰਥ ਦਾ ਵਾਧਾ' ਸਿਰਲੇਖ ਹੇਠ ਖ਼ਾਲਸਾ ਪ੍ਰਗਟ ਕਰਨ ਦਾ ਵਰਣਨ ਵਿਸਥਾਰ ਸਹਿਤ ਕੀਤਾ ਹੈ। ਖ਼ਾਲਸਾ ਰਹਿਤ ਦਾ ਵਰਣਨ ਕਰਦਿਆਂ 'ਸਿੰਘ' ਸ਼ਬਦ ਪ੍ਰਥਾਇ ਵਰਣਨ ਇਸ ਪ੍ਰਕਾਰ ਅੰਕਿਤ ਹੈ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਪੰਥ ਨੂੰ ਸੰਬੋਧਨ ਹੋ ਕੇ

ਫਰਮਾਇਆ, ਤੁਸੀਂ ਖਾਲਸਾ ਧਰਮ ਦੀ ਪਦਵੀ ਪ੍ਰਾਪਤ ਕੀਤੀ ਹੈ ਜੋ ਹਿੰਦੂ ਅਤੇ ਤੁਰਕਾਂ ਤੋਂ ਨਿਆਰਾ ਹੈ। ਹੁਣ ਤੁਸੀਂ ਸਿੰਘ ਮਜ਼ਹਬ ਧਾਰਨ ਕਰ ਲਿਆ ਹੈ। ਤੁਸੀਂ ਕੇਸ, ਕਿਰਪਾਨ, ਕਛਹਿਰਾ ਭਾਵ ਕਕਾਰ ਧਾਰਨ ਕਰੋ ਕਿਉਂਕਿ ਸਿੰਘ ਨਾਮ ਵਾਲੇ ਦੀਆਂ ਇਹ ਨਿਸ਼ਾਨੀਆਂ ਹਨ:

*ਚਾਰ ਵਰਨ ਕੇ ਏਕੋ ਭਾਈ। ਧਰਮ ਖਾਲਸਾ ਪਦਵੀ ਪਾਈ।*
*ਹਿੰਦੂ ਤੁਰਕ ਤੈ ਯਾਹਿ ਨਿਆਰਾ। ਸਿੰਘ ਮਜਬ ਅਬ ਤੁਮਨੇ ਧਾਰਾ।*
*ਰਾਖਹੁ ਕੱਛ, ਕੇਸ, ਕ੍ਰਿਪਾਨੁ। ਸਿੰਘਾ ਨਾਮ ਕੋ ਇਹੋ ਨਿਸ਼ਾਨ।*[੩੯]

ਇਸ ਤੋਂ ਅੱਗੇ ਸਿੰਘ ਨਾਮ ਨੂੰ ਪ੍ਰਮਾਤਮਾ ਦਾ ਨਾਮ ਦੱਸਿਆ ਹੈ:

*ਸਿੰਘ ਨਾਂਮ ਪਰਮੇਸ੍ਵਰ ਕੋ ਹੈ।*[੪੦]

'ਤਵਾਰੀਖ਼ ਗੁਰੂ ਖ਼ਾਲਸਾ' ਵਿਚ 'ਸਿੰਘਾਂ ਨੂੰ ਅੰਮ੍ਰਿਤ ਤੇ ਰਹਤ ਉਪਦੇਸ਼' ਸਿਰਲੇਖ ਹੇਠ ਅੰਮ੍ਰਿਤ ਛਕਾਉਣ ਦਾ ਬਿਰਤਾਂਤ ਸੰਖੇਪ ਰੂਪ ਵਿਚ ਵਰਣਨ ਕੀਤਾ ਗਿਆ ਹੈ। ਉਪਰੰਤ ਦੱਸੀ ਗਈ ਰਹਿਤ ਵਿਚ ਸਿੰਘ ਨਾਮ ਦਾ ਜ਼ਿਕਰ ਨਿਮਨ ਲਿਖਤ ਅਨੁਸਾਰ ਦਰਜ ਹੈ:

ਕਛ, ਕ੍ਰਿਪਾਨ, ਕੇਸ, ਕੰਘਾ, ਕੜਾ, ਹਮੇਸ਼ ਰਖਣੇ, ਕੁੱਠਾ, ਤਮਾਕੂ, ਮੁਸਲੀ, ਏਹ ਨਹੀਂ ਵਰਤਣੇ, ਕੇਸਾਂ ਦੀ ਬਿਅਦਬੀ ਨਹੀਂ ਕਰਨੀ।... ਜਨਮ ਕੇਸਗੜ੍ਹ, ਇਕ ਗੁਰੂ ਪਿਤਾ ਦੇ ਪੁਤ੍ਰ ਹੋਏ, ਪਿਛਲੀ ਜਾਤ ਜਾਂਦੀ ਰਹੀ।[੪੧]

ਇਸ ਪ੍ਰਕਾਰ ਇਤਿਹਾਸਿਕ ਸ੍ਰੋਤਾਂ ਤੋਂ ਸਿੰਘ ਤੇ ਕੌਰ ਸ਼ਬਦਾਂ ਦੀ ਇਤਿਹਾਸਿਕ ਪੁਸ਼ਟੀ ਹੁੰਦੀ ਹੈ।

## ਸਿੰਘ ਤੇ ਕੌਰ ਦਾ ਅਜੋਕਾ ਪ੍ਰਸੰਗ

ਅਜੋਕੇ ਤਕਨੀਕੀ ਯੁੱਗ ਨੇ ਮਨੁੱਖੀ ਕੰਮਾਂ ਨੂੰ ਸੁਖਾਲਾ ਅਤੇ ਤੇਜ਼ ਗਤੀ ਨਾਲ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਹੈ। ਤਕਨੀਕ ਦੇ ਮਾਧਿਅਮ ਰਾਹੀਂ ਸਾਲਾਂ ਦਾ ਕੰਮ ਮਹੀਨਿਆਂ ਵਿਚ, ਮਹੀਨਿਆਂ ਦਾ ਕੰਮ ਦਿਨਾਂ ਵਿਚ ਅਤੇ ਦਿਨਾਂ ਦਾ ਕੰਮ ਘੰਟਿਆਂ ਵਿਚ ਕਰਨ ਦਾ ਚਲਣ ਮੌਜੂਦ ਹੈ। ਜਿਸ ਦੀ ਇਕ ਉਦਾਹਰਨ ਆਵਾਜਾਈ ਦੇ ਵਿਕਸਿਤ ਸਾਧਨ ਹਨ ਜਿਨ੍ਹਾਂ ਨੇ ਪੁਰਾਣੇ ਸਮੇਂ ਦੇ ਮੁਕਾਬਲੇ ਮਨੁੱਖੀ ਸਫ਼ਰ ਨੂੰ ਬਹੁਤ ਗਤੀਸ਼ੀਲ ਕਰ ਦਿੱਤਾ ਹੈ। ਜਿੱਥੇ ਅਜੋਕੀਆਂ ਸੁੱਖ-ਸਹੂਲਤਾਂ ਨੇ ਮਨੁੱਖੀ ਕੰਮਾਂ-ਕਾਰਾਂ ਵਿਚ ਸੌਖ ਅਤੇ ਤੇਜੀ ਪ੍ਰਦਾਨ ਕੀਤੀ ਹੈ, ਉੱਥੇ ਹੀ ਮਾੜੇ ਪ੍ਰਭਾਵ ਅਧੀਨ ਮਨੁੱਖੀ ਸੁਭਾਅ ਵਿੱਚੋਂ ਸਹਿਜ ਨੂੰ ਮਨਫ਼ੀ ਕਰ ਕੇ ਕਾਹਲੀ ਨੂੰ ਬੜਾਵਾ ਦਿੱਤਾ ਹੈ। ਐਨੀਆਂ ਸੁੱਖ-ਸਹੂਲਤਾਂ ਦੇ ਬਾਵਜੂਦ ਹਰੇਕ ਵਿਅਕਤੀ ਦਾ ਕਾਹਲੀ ਵਿਚ ਹੋਣਾ ਆਮ ਵਰਤਾਰਾ ਹੈ। ਇਸ ਨਾ-ਪੱਖੀ ਵਰਤਾਰੇ ਦਾ ਅਸਰ ਹਰ ਥਾਂ ਵੇਖਿਆ ਜਾ ਸਕਦਾ ਹੈ। ਇਸ ਲੜੀ ਤਹਿਤ ਇਸ ਵਰਤਾਰੇ ਨੇ 'ਸਿੰਘ' ਤੇ 'ਕੌਰ' ਸ਼ਬਦ ਨੂੰ ਇਸ ਕਦਰ ਢਾਹ ਲਾਈ ਹੈ ਕਿ ਸਿੱਖਾਂ ਨੇ ਸਿੰਘ ਤੇ ਕੌਰ ਸ਼ਬਦ ਨੂੰ ਤਿਲਾਂਜਲੀ ਦੇਣੀ

ਸ਼ੁਰੂ ਕਰ ਦਿੱਤੀ ਹੈ। ਜੋ ਕਿ ਸਿੱਖ ਦੀ ਨਿਆਰੀ ਪਹਿਚਾਣ ਅਤੇ ਸਵੈਮਾਣ ਦਾ ਪ੍ਰਤੀਕ ਹਨ।ਜਦ ੧੬੭੫ ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋਈ ਤਾਂ ਉਨ੍ਹਾਂ ਦਾ ਸੀਸ ਲੈ ਕੇ ਭਾਈ ਜੈਤਾ ਜੀ ਦਸਵੇਂ ਪਾਤਸ਼ਾਹ ਜੀ ਦੇ ਹਜ਼ੂਰ ਪਹੁੰਚੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਗੁਰੂ ਜੀ ਦੀ ਸ਼ਹੀਦੀ ਸਮੇਂ ਮੌਜੂਦ ਸਿੱਖਾਂ ਬਾਰੇ ਪੁੱਛਿਆ ਤਾਂ ਜਵਾਬ ਮਿਲਿਆ ਕਿ ਸੱਚੇ ਪਾਤਸ਼ਾਹ ਸਿੱਖ ਪਹਿਚਾਣੇ ਨਹੀਂ ਜਾਂਦੇ ਸਨ। ਫਿਰ ਦਸਵੇਂ ਪਾਤਸ਼ਾਹ ਨੇ ਫੁਰਮਾਇਆ ਕਿ ਅਸੀਂ ਸਿੱਖਾਂ ਨੂੰ ਐਸੀ ਪਹਿਚਾਣ ਦੇਵਾਂਗੇ, ਜਿਸ ਨਾਲ ਸਿੱਖ ਹਜ਼ਾਰਾਂ ਵਿਚ ਵੀ ਪਛਾਣਿਆ ਜਾਵੇਗਾ। ਭਾਵ ਉਸ ਦੇ ਵਿਲੱਖਣ ਸਰੂਪ ਅਤੇ ਨਿਆਰੇਪਨ ਕਰਕੇ ਉਸ ਦੀ ਵੱਖਰੀ ਪਹਿਚਾਣ ਹੋਵੇਗੀ। 'ਰਹਿਤਨਾਮਾ ਭਾਈ ਚਉਪਾ ਸਿੰਘ' ਦੇ ਕਥਨ ਅਨੁਸਾਰ:

*ਐਸੀ ਨਿਸ਼ਾਨੀ ਸਿਖਾਂ ਨੂੰ ਲਾਵਾਂਗਾ,*
*ਜੁ ਹਜਾਰਾ ਵਿਚ ਖੜੋਤਾ ਸਿਖ ਲੁਕੇ ਨਾਹੀ।*[੪੨]

ਉਪਰੰਤ ੧੬੯੯ ਈ. ਨੂੰ ਗੁਰੂ ਜੀ ਨੇ ਖ਼ਾਲਸੇ ਦੀ ਸਿਰਜਣਾ ਕਰ ਕੇ ਸਿੱਖ ਨੂੰ ਸਿੰਘ ਸਾਜ ਕੇ ਇਕ ਵੱਖਰੀ ਦਿੱਖ ਬਖਸ਼ਿਸ਼ ਕੀਤੀ। ਜਿਸ ਵਿਚ ਸਿੰਘ ਤੇ ਕੌਰ ਸ਼ਬਦ ਨੂੰ ਸਿੱਖ ਦੇ ਨਾਮ ਨਾਲ ਜੋੜ ਕੇ ਰਹਿਤ ਦਾ ਅਨਿੱਖੜ੍ਵਾਂ ਅੰਗ ਬਣਾਇਆ। ਸਿੱਖ ਰਹਿਤ ਮਰਯਾਦਾ ਵਿਚ ਪਹਿਲੇ ਸੰਸਕਾਰ 'ਜਨਮ ਤੇ ਨਾਮ ਸੰਸਕਾਰ' ਵਿਚ ਬੱਚੇ-ਬੱਚੀ ਦੇ ਨਾਮ ਨਾਲ 'ਸਿੰਘ' ਤੇ 'ਕੌਰ' ਸ਼ਬਦ ਲਗਾਉਣ ਦੀ ਹਦਾਇਤ ਹੈ।[੪੩] ਸਿੰਘ ਤੇ ਕੌਰ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਦੀ ਬੱਚੇ ਹੋਣ ਦਾ ਪ੍ਰਤੀਕ ਹੈ। ਅੰਮ੍ਰਿਤ ਸੰਸਕਾਰ ਸਮੇਂ ਦੱਸੀ ਗਈ ਰਹਿਤ ਵਿਚ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਕਿ 'ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਮਾਤਾ ਸਾਹਿਬ ਕੌਰ ਜੀ ਹਨ।[੪੪] ਜਿਸ ਸਿੱਖ ਦੇ ਧਾਰਮਿਕ ਪਿਤਾ ਜੀ ਅਤੇ ਮਾਤਾ ਜੀ ਸਿੰਘ ਤੇ ਕੌਰ ਸ਼ਬਦ ਨਾਮ ਵਾਲੇ ਹੋਣ ਉਸ ਸਿੱਖ ਦਾ ਸਿੰਘ ਤੇ ਕੌਰ ਸ਼ਬਦ ਨੂੰ ਨਾਮ ਨਾਲੋਂ ਕੱਟ ਕੇ ਅਖੌਤੀ ਜਾਤ-ਪਾਤ, ਗੋਤ ਆਦਿ ਦਾ ਲਗਾਉਣਾ ਬਹੁਤ ਮੰਦਭਾਗਾ ਤੇ ਨਿੰਦਣਯੋਗ ਹੈ। ਜਿਸ ਦਾ ਚਲਣ ਅਜੋਕੇ ਸਮੇਂ ਵਿਚ ਪੂਰੇ ਜ਼ੋਰਾਂ 'ਤੇ ਹੈ ਜੋ ਕਿ ਗੁਰਮਤਿ ਦੇ ਅਨੁਕੂਲ ਨਹੀਂ ਹੈ।ਗੁਰੂ-ਕਾਲ ਤੋਂ ਸਿੱਖ ਦਾ ਪੂਰਾ ਨਾਮ ਸਿੰਘ ਤੇ ਕੌਰ ਸਹਿਤ ਪੁਕਾਰਨ ਦਾ ਰੁਝਾਨ ਪ੍ਰਚਲਿਤ ਸੀ। ਇਸ ਬਾਬਤ ਰਹਿਤਨਾਮੇ ਵਿਚ ਸਖ਼ਤ ਤਾੜਨਾ ਕੀਤੀ ਗਈ ਹੈ ਕਿ ਜੋ ਸਿੱਖ ਦਾ ਅੱਧਾ ਨਾਮ ਲੈ ਕੇ ਬੁਲਾਉਂਦਾ ਹੈ ਉਹ ਤਨਖਾਹੀਆ ਹੈ। 'ਰਹਿਤਨਾਮਾ ਭਾਈ ਚਉਪਾ ਸਿੰਘ' ਅਨੁਸਾਰ:

*ਜੋ ਸਿਖ ਦਾ ਅੱਧਾ ਨਾਉਂ ਸੱਦੇ, ਸੋ ਤਨਖਾਹੀਆ।*[੪੫]

ਅਜੋਕੇ ਵਰਤਾਰੇ ਵਿਚ ਸਿੱਖਾਂ ਵੱਲੋਂ ਆਪਣੇ ਨਾਮ ਨਾਲੋਂ 'ਸਿੰਘ' ਅਤੇ 'ਕੌਰ' ਸ਼ਬਦ ਕੱਟ ਕੇ ਅਖੌਤੀ ਜਾਤ-ਪਾਤ ਅਤੇ ਗੋਤ ਲਗਾਉਣ ਦਾ ਰਿਵਾਜ ਆਮ ਹੋ ਗਿਆ ਹੈ। ਸੋਸ਼ਲ ਮੀਡੀਆ 'ਤੇ ਇਹ ਇਕ ਫੈਸ਼ਨ ਬਣ ਗਿਆ ਹੈ। ਜਿਸ ਕਾਰਨ ਸਿੱਖਾਂ

ਦੇ ਨਾਮ ਨਾਲੋਂ ਸਿੰਘ ਤੇ ਕੌਰ ਸ਼ਬਦ ਮਨਫ਼ੀ ਹੋ ਕੇ ਇਸ ਦੀ ਜਗ੍ਹਾ ਜਾਤ-ਪਾਤ, ਗੋਤ ਜਾਂ ਫਿਰਕਾਪ੍ਰਸਤੀ ਦੇ ਲਖਾਇਕ ਸ਼ਬਦਾਂ ਨੇ ਲੈ ਲਈ ਹੈ। ਇਸ ਵਰਤਾਰੇ ਵਿਚ ਵਾਧੇ ਦਾ ਇਕ ਹੋਰ ਅਹਿਮ ਕਾਰਨ ਸਿੱਖਾਂ ਦਾ ਵਿਦੇਸ਼ਾਂ ਵਿਚ ਪ੍ਰਵਾਸ ਕਰਨਾ ਵੀ ਹੈ। ਮਨੁੱਖੀ ਜੀਵਨ-ਜਾਚ 'ਤੇ ਸਥਾਨਕ ਪ੍ਰਭਾਵ ਹੋਣਾ ਕੁਦਰਤੀ ਹੈ। ਵਿਦੇਸ਼ਾਂ ਵਿਚ ਉਪ ਨਾਮ (surname) ਦਾ ਰਿਵਾਜ ਪ੍ਰਚਲਿਤ ਹੈ। ਉਸ ਰਿਵਾਜ ਦੇ ਪ੍ਰਭਾਵ ਅਧੀਨ ਵਿਦੇਸ਼ੀ ਸਿੱਖਾਂ ਵੱਲੋਂ ਉਪਨਾਮ ਨਾਲ ਆਪਣੀਆਂ ਗੋਤਾਂ (ਸੰਧੂ, ਸਿੱਧੂ) ਆਦਿ ਨੂੰ ਵਰਤਣਾ ਆਮ ਹੈ। ਇਸ ਦਾ ਚਲਣ ਪਹਿਲਾਂ ਵੀ ਪ੍ਰਚਲਿਤ ਸੀ ਪਰੰਤੂ ੧੬੯੯ ਈ. ਦੀ ਵੈਸਾਖੀ ਤੋਂ ਬਾਅਦ ਇਸ ਚਲਣ ਨੂੰ ਬੰਦ ਕਰ ਕੇ ਸਿੱਖਾਂ ਵੱਲੋਂ ਨਾਮ ਨਾਲ ਆਪਣੇ ਪਿੰਡ, ਕਸਬੇ ਆਦਿ ਦਾ ਨਾਮ ਲਗਾਉਣ ਦਾ ਪ੍ਰਚਾਰ ਕੀਤਾ ਗਿਆ। ਜਿਸ ਦੇ ਫਲਸਰੂਪ ਸਿੱਖਾਂ ਨੇ ਆਪਣੇ ਨਾਮ ਨਾਲ ਜਾਤ, ਗੋਤ ਆਦਿ ਦੀ ਥਾਂ ਆਪਣੇ ਸਥਾਨਕ ਪਿੰਡਾਂ ਆਦਿ ਦੇ ਨਾਵਾਂ ਦੀ ਵਰਤੋਂ ਕਰਨੀ ਸ਼ੁਰੂ ਕੀਤੀ। ਅਜੋਕੇ ਸਮੇਂ ਵਿਚ ਨਾਮ ਦੇ ਨਾਲੋਂ 'ਸਿੰਘ' ਤੇ 'ਕੌਰ' ਸ਼ਬਦ ਕੱਟ ਕੇ ਜਾਤ, ਗੋਤ ਆਦਿ ਦੀ ਵਰਤੋਂ ਆਮ ਹੋ ਗਈ ਹੈ। ਇਹ ਚਲਣ ਗੁਰਮਤਿ ਤੋਂ ਮੁਨਕਰ ਹੋਣ ਦਾ ਪ੍ਰਤੀਕ ਹੈ ਅਤੇ ਗੁਰੂ ਸਾਹਿਬਾਨ ਵੱਲੋਂ ਮਿਟਾਈ ਗਈ ਵਰਨ ਵੰਡ ਨੂੰ ਮੁੜ ਬੜਾਵਾ ਦੇਣ ਦੇ ਤੁਲ ਹੈ। 'ਸਿੰਘ' ਤੇ 'ਕੌਰ' ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਹੈ। ਸਿੱਖ ਰਹਿਤ ਮਰਯਾਦਾ ਵਿਚ ਪੰਥਕ ਰਹਿਣੀ ਅਧੀਨ ਅੰਮ੍ਰਿਤ ਸੰਸਕਾਰ ਵਿਚ ਸਿੱਖ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਪੰਜ ਪਿਆਰਿਆਂ ਵੱਲੋਂ ਦੱਸੀ ਗਈ ਰਹਿਤ ਵਿਚ ਦੱਸਿਆ ਜਾਂਦਾ ਹੈ ਕਿ- "ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰਕੇ ਅਰਥਾਤ ਪਿਛਲੀ ਜਾਤ-ਪਾਤ, ਜਨਮ, ਦੇਸ਼, ਮਜ਼੍ਹਬ ਦਾ ਖ਼ਿਆਲ ਤਕ ਛੱਡ ਕੇ ਨਿਰੋਲ ਖਾਲਸਾ ਬਣ ਗਏ ਹੋ।"[੪੬] ਹੁਣ ਅਜਿਹੀ ਹਦਾਇਤ ਅਤੇ ਮਾਣਮੱਤੇ ਜਿਊਂਦੇ-ਜਾਗਦੇ ਇਤਿਹਾਸ ਦੇ ਹੁੰਦਿਆਂ ਹੋਇਆਂ ਸਿੱਖ ਦਾ ਗੁਰੂ ਸਾਹਿਬ ਦੀਆਂ ਨਿਆਮਤਾਂ ਤੋਂ ਮੁਨਕਰ ਹੋਣਾ ਬਹੁਤ ਵੱਡੀ ਤਰਾਸਦੀ ਹੈ। ਅਜੋਕੀਆਂ ਦਰਪੇਸ਼ ਚਣੌਤੀਆਂ ਵਿੱਚੋਂ ਇਕ ਸਾਜਿਸ਼ ਤਹਿਤ ਸਾਡੀ ਸੁਤੰਤਰ ਹੋਂਦ ਨੂੰ ਖੋਰਾ ਲਗਾਉਣ ਲਈ ਸਾਨੂੰ ਹਿੰਦੂ ਧਰਮ ਦਾ ਇਕ ਅੰਗ ਦੱਸਿਆ ਜਾ ਰਿਹਾ ਹੈ। ਅਜਿਹੇ ਸਮੇਂ ਵਿਚ ਸਿੰਘ ਤੇ ਕੌਰ ਸ਼ਬਦ ਸਾਡੀ ਵਿਲੱਖਣ ਅਤੇ ਸੁਤੰਤਰ ਹੋਂਦ ਦੀ ਤਰਜਮਾਨੀ ਕਰਦੇ ਹਨ। ਇਸ ਲਈ ਸਿੱਖ ਵੱਲੋਂ ਇਨ੍ਹਾਂ ਸ਼ਬਦਾਂ ਦੀ ਵਰਤੋਂ ਆਪਣੇ ਨਾਮ ਨਾਲ ਕਰਦਿਆਂ ਗੁਰੂ ਦੀਆਂ ਬਖਸ਼ਿਸ਼ਾਂ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਗੁਰ ਉਪਦੇਸ਼ ਅਨੁਸਾਰ ਸਿੱਖ ਆਪਣਾ ਨਿਆਰਾਪਨ ਕਾਇਮ ਰੱਖ ਕੇ ਹੀ ਗੁਰੂ ਬਖਸ਼ਿਸ਼ਾਂ ਦਾ ਪਾਤਰ ਬਣ ਸਕਦਾ ਹੈ:

*ਜਬ ਲਗ ਖਾਲਸਾ ਰਹੇ ਨਿਆਰਾ।*
*ਤਬ ਲਗ ਤੇਜ ਦੀਉਂ ਮੈਂ ਸਾਰਾ॥*

*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪਰਤੀਤ॥*

## ਹਵਾਲੇ :


**੩੦.** ਸ੍ਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ,* (ਸੰਪਾ.) ਪ੍ਰੋ. ਪਿਆਰਾ ਸਿੰਘ ਪਦਮ, ਗਿਆਨੀ ਗਰਜਾ ਸਿੰਘ, ਪੰਨਾ ੧੧੪.

**੩੧.** *ਉਹੀ,* ਪੰਨਾ ੧੧੬.

**੩੨.** *ਉਹੀ,* ਪੰਨਾ ੧੧੮.

**੩੩.** ਮਹਾਂਕਵੀ ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਬਿਰਤਾਂਤ (ਭਾਗ ਤੀਜਾ), (ਸੰਪਾ.) ਡਾ. ਕਿਰਪਾਲ ਸਿੰਘ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, ੨੦੨੨, ਪੰਨਾ ੧੯੧.

**੩੪.** *ਉਹੀ,* ਪੰਨਾ ੧੯੦.

**੩੫.** *ਉਹੀ,* ਪੰਨਾ ੨੦੫-੨੦੭.

**੩੬.** *ਉਹੀ,* ਪੰਨਾ ੨੦੪-੨੦੬.

**੩੭.** ਮਹਾਂਕਵੀ ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਬਿਰਤਾਂਤ* (ਭਾਗ ਤੀਜਾ), (ਸੰਪਾ.) ਡਾ. ਕਿਰਪਾਲ ਸਿੰਘ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, ੨੦੨੨, ਪੰਨਾ ੨੧੧.

**੩੮.** *ਉਹੀ,* ਪੰਨਾ ੨੧੦.

**੩੯.** ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ੧੯੮੭, ਪੰਨਾ ੨੩੩.

**੪੦.** *ਉਹੀ,* ਪੰਨਾ ੨੩੩.

**੪੧.** ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ੧੯੯੯, ਪੰਨਾ ੮੯੨.

**੪੨.** ਪਿਆਰਾ ਸਿੰਘ ਪਦਮ (ਸੰਪਾ.), *ਰਹਿਤਨਾਮੇ,* ਪੰਨਾ ੯੩.

**੪੩.** *ਸਿੱਖ ਰਹਿਤ ਮਰਯਾਦਾ,* ਪੰਨਾ ੨੧.

**੪੪.** ਉਹੀ, ਪੰਨਾ ੩੦.

**੪੫.** ਪਿਆਰਾ ਸਿੰਘ ਪਦਮ, *ਰਹਿਤਨਾਮੇ,* ਪੰਨਾ ੧੧੧.

**੪੬.** *ਸਿੱਖ ਰਹਿਤ ਮਰਯਾਦਾ,* ਪੰਨਾ ੩੦.


■


**ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ ੧੬ ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ www.sgpc.net ਤੋਂ ਲਈ ਜਾ ਸਕਦੀ ਹੈ ਜਾਂ ੦੧੮੩-੨੫੫੩੯੫੬, ਐਕਸ: ੩੦੫ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੰਚਨ ਕਾਇਆ:

# ਖਾਣਾ ਪੀਣਾ ਪਵਿਤ੍ਰੁ ਹੈ...

*-ਡਾ. ਸ਼ਿਆਮ ਸੁੰਦਰ ਦੀਪਤੀ**

ਜੇਕਰ ਅਸੀਂ ਆਪਣੇ ਆਪ ਨੂੰ ਅਤੇ ਕੁਦਰਤ ਨੂੰ ਸਮਝਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਕੁਦਰਤ ਸਭ ਜੀਵਾਂ ਦੀ ਮਾਂ ਹੈ, ਕਿਉਂਕਿ ਕੁਦਰਤ ਰਾਹੀਂ ਹੀ ਸਭ ਦਾ ਪਾਲਣ-ਪੋਸ਼ਣ ਤੇ ਪਰਵਰਿਸ਼ ਹੁੰਦੀ ਹੈ। ਪਰਵਰਿਸ਼ ਲਈ ਜਿੱਥੇ ਹਵਾ-ਪਾਣੀ ਦੀ ਲੋੜ ਹੈ, ਉੱਥੇ ਹੀ ਖ਼ੁਰਾਕ ਦੀ ਵੀ ਲੋੜ ਹੈ।

ਗੁਰੂ ਨਾਨਕ ਸਾਹਿਬ ਆਸਾ ਦੀ ਵਾਰ ਵਿਚ ਫੁਰਮਾਉਂਦੇ ਹਨ:

*ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੨)*

ਅੱਜ ਦੇ ਵਿਗਿਆਨਕ ਯਉਂਗ ਵਿਚ ਜਦੋਂ ਖ਼ੁਰਾਕ ਦੀ ਗੱਲ ਹੁੰਦੀ ਹੈ ਤਾਂ ਅਸੀਂ ਇਸ ਨੂੰ ਕਈ ਢੰਗਾਂ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਜਿਵੇਂ- ਊਰਜਾ ਦੇਣ ਵਾਲਾ ਭੋਜਨ, ਮਨੁੱਖੀ ਵਿਕਾਸ ਅਤੇ ਟੁੱਟ-ਭੱਜ ਨੂੰ ਦਰੁੱਸਤ ਕਰਨ ਵਾਲਾ ਭੋਜਨ ਅਤੇ ਬੀਮਾਰੀਆਂ ਤੋਂ ਬਚਾਉਣ ਵਾਲਾ ਭੋਜਨ ਆਦਿ। ਇਨ੍ਹਾਂ ਤਿੰਨ ਵਰਗਾਂ ਦੇ ਭੋਜਨ ਵਿਚ ਸ਼ਾਮਲ ਹਨ ਸਾਡਾ ਅਨਾਜ ਜਿਵੇਂ- ਚਾਵਲ, ਕਣਕ, ਬਾਜਰਾ ਆਦਿ ਅਤੇ ਦੂਸਰੇ ਵਰਗ ਵਿਚ ਸ਼ਾਮਲ ਹਨ- ਦਾਲਾਂ ਆਦਿ, ਜਿਸ ਤੋਂ ਪ੍ਰੋਟੀਨ ਮਿਲਦਾ ਹੈ ਅਤੇ ਤੀਜਾ ਵਰਗ ਹੈ- ਫ਼ਲਾਂ ਅਤੇ ਸਬਜ਼ੀਆਂ ਦਾ ਜਿੱਥੋਂ ਵਿਟਾਮਿਨ ਅਤੇ ਮਿਨਰਲ (ਖਣਿਜ) ਮਿਲਦੇ ਹਨ ਜਿਵੇਂ- ਆਇਰਨ ਤੇ ਕੈਲਸ਼ੀਅਮ ਆਦਿ।

ਇਸ ਤਰ੍ਹਾਂ ਇਹ ਸਾਰੇ ਖਾਦ-ਪਦਾਰਥ ਸਾਡੇ ਆਲੇ-ਦੁਆਲੇ ਫੈਲੀ ਹੋਈ ਕੁਦਰਤ ਵਿਚ ਮੌਜੂਦ ਹਨ। ਇਸ ਨੂੰ ਇਸ ਗੱਲ ਨਾਲ ਜੋੜ ਕੇ ਦੇਖੋ ਕਿ ਕੁਦਰਤ ਅਤੇ ਜੀਵ ਵਿਕਾਸ ਦਾ ਸਿੱਧਾ ਸੰਬੰਧ ਹੈ। ਜੋ ਜੀਵ ਜਿਸ ਵਾਤਾਵਰਨ ਵਿਚ ਰਹਿੰਦਾ ਹੈ ਜਾਂ ਪੈਦਾ ਹੁੰਦਾ ਹੈ, ਉੱਥੋਂ ਦੀ ਕੁਦਰਤ ਹੀ ਉਸ ਨੂੰ ਉਸ ਦੇ ਵਿਕਾਸ ਲਈ ਖ਼ੁਰਾਕ ਮੁਹੱਈਆ ਕਰਦੀ ਹੈ। ਜੇ ਗੱਲ ਇਹ ਵੀ ਕਹਿ ਦਈਏ ਕਿ ਪਹਿਲਾਂ ਕੁਦਰਤ ਮਾਹੌਲ ਤਿਆਰ ਕਰਦੀ ਹੈ ਅਤੇ ਫਿਰ ਖਾਣ-ਪੀਣ ਦੀਆਂ ਵਸਤਾਂ ਤਿਆਰ ਕਰਦੀ ਹੈ ਤੇ ਫਿਰ ਜੀਵ ਨੂੰ ਜਨਮ ਦਿੰਦੀ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਲਗਪਗ ਸਾਰੇ ਜੀਵਾਂ ਨਾਲ ਇਸੇ ਤਰ੍ਹਾਂ ਵਾਪਰਦਾ ਹੈ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਖਾਣ-ਪੀਣ ਦੀਆਂ ਵਸਤਾਂ ਨੂੰ ਪਵਿੱਤਰ ਕਹਿੰਦੇ ਹਨ ਤਾਂ ਉਨ੍ਹਾਂ ਦਾ ਕਹਿਣਾ ਇਹ ਹੈ ਕਿ ਇਹ ਸਾਰੀਆਂ ਵਸਤਾਂ ਕੁਦਰਤ ਨੇ ਖ਼ੁਦ ਪੈਦਾ ਕੀਤੀਆਂ ਹਨ ਅਤੇ ਜੋ ਕਿ ਆਪਣੇ ਜੀਵਾਂ ਦੇ ਪਾਲਣ-ਪੋਸ਼ਣ ਲਈ ਹਨ। ਇਸ ਲਈ ਇਹ ਪਵਿੱਤਰ ਹਨ ਅਤੇ ਇਹ ਵਰਤਣਯੋਗ ਹਨ ਕਿਉਂਕਿ ਕੁਦਰਤ ਆਪਣੇ

**੯੭-ਗੁਰੂ ਨਾਨਕ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੮-੦੮੫੦੬*

ਜੀਵਾਂ ਨੂੰ ਜਿਉਂਦੇ ਅਤੇ ਪਲਦੇ-ਫੁੱਲਦੇ ਦੇਖਣ ਦੀ ਚਾਹਵਾਨ ਹੈ।

ਹੁਣ ਦੂਜੇ ਪਾਸੇ ਜਦੋਂ ਅਸੀਂ ਹਰ ਪਾਸੇ ਫੈਲੇ ਪ੍ਰਦੂਸ਼ਣ ਦੀ ਗੱਲ ਕਰਦੇ ਹਾਂ ਤਾਂ ਹਵਾ-ਪਾਣੀ ਤਾਂ ਪ੍ਰਦੂਸ਼ਿਤ ਹੈ ਹੀ ਅਤੇ ਮਹਿਸੂਸ ਵੀ ਹੁੰਦਾ ਹੈ। ਗੱਲ ਇੱਥੋਂ ਤਕ ਪਹੁੰਚ ਗਈ ਹੈ ਕਿ ਸਾਡੀ ਧਰਤੀ, ਇੱਥੋਂ ਦੀ ਮਿੱਟੀ ਤਕ ਪ੍ਰਦੂਸ਼ਿਤ ਹੋ ਗਈ ਹੈ ਤੇ ਹੁਣ ਇਸ ਦਾ ਪ੍ਰਭਾਵ ਮਿੱਟੀ ਵਿਚ ਉਗ ਰਹੀਆਂ ਫਸਲਾਂ ਵਿਚ ਨਜ਼ਰ ਆਉਣ ਲੱਗਾ ਹੈ। ਕੀੜੇਮਾਰ ਦਵਾਈਆਂ ਦੀ ਵਰਤੋਂ ਨਾਲ ਬੱਚਿਆਂ ਲਈ ਮਾਂ ਦੇ ਦੁੱਧ ਵਿਚ ਇਹ ਮਿਲ ਰਹੀਆਂ ਹਨ।

ਬੱਚਿਆਂ ਦੀ ਗੱਲ ਤੋਂ ਆਪਾਂ ਕੁਦਰਤ ਦੀ ਗੱਲ ਸਮਝ ਸਕਦੇ ਹਾਂ ਕਿ ਕਿਵੇਂ ਕੁਦਰਤ ਜੀਵ ਵਿਕਾਸ ਵਿਚ ਮਦਦਗਾਰ ਹੁੰਦੀ ਹੈ। ਬੱਚਾ ਹਾਲੇ ਮਾਂ ਦੇ ਪੇਟ ਵਿਚ ਹੁੰਦਾ ਹੈ ਤੇ ਕੁਦਰਤ ਉਸ ਦੀ ਖੁਰਾਕ (ਮਾਂ ਦਾ ਦੁਧ) ਉਪਲਬਧ ਕਰਵਾਉਣ ਲਈ ਇੰਤਜ਼ਾਮ ਕਰ ਦਿੰਦੀ ਹੈ, ਇਸੇ ਦਾ ਹੀ ਅਗਲਾ ਪੱਖ ਹੈ ਕਿ ਬੱਚਾ ਅਜੇ ੬-੭ ਮਹੀਨੇ ਦਾ ਹੀ ਹੋਇਆ ਹੁੰਦਾ ਹੈ ਤੇ ਬੱਚੇ ਦੀ ਲੋੜੀਂਦੀ ਵਾਧੂ ਖੁਰਾਕ ਲਈ ਖਾਣ-ਚਬਾਣ ਲਈ ਦੰਦ ਆ ਜਾਂਦੇ ਹਨ। ਇਹ ਦਰਸਾਉਂਦਾ ਹੈ ਕਿ ਖਾਣ-ਪੀਣ ਦਾ ਸੰਬੰਧ ਜਿੱਥੇ ਮਨੁੱਖੀ ਅਤੇ ਜੀਵ ਵਿਕਾਸ ਨਾਲ ਹੈ, ਉੱਥੇ ਹੀ ਖੁਰਾਕ ਦਾ ਘੱਟ ਹੋਣਾ ਜਾਂ ਪ੍ਰਦੂਸ਼ਿਤ ਹੋਣਾ ਬਿਮਾਰੀਆਂ ਪੈਦਾ ਕਰਨ ਦਾ ਮਾਧਿਅਮ ਬਣਦਾ ਹੈ ਜਦੋਂ ਅਸੀਂ ਆਪਣੇ-ਆਪ ਨੂੰ ਕੁਦਰਤ ਤੋਂ ਉਲਟ ਜਾਂ ਉਸ ਦੇ ਵਿਰੋਧ ਵਿਚ ਚਲਾ ਲੈਂਦੇ ਹਾਂ ਤਾਂ ਕੁਦਰਤ ਤੋਂ ਮਿਲੇ ਸੁਨੇਹੇ ਤੋਂ ਭਟਕ ਜਾਂਦੇ ਹਾਂ। ਇਹ ਭਟਕਣ ਕਿਸੇ ਦਾ ਲਾਲਚ ਵੀ ਹੋ ਸਕਦੀ ਹੈ ਅਤੇ ਕਿਸੇ ਦੀ ਅਗਿਆਨਤਾ ਵੀ। ਪਰ ਸਭ ਤੋਂ ਵੱਡੀ ਗੱਲ ਹੈ ਕਿ ਅਸੀਂ ਆਪਣੇ-ਆਪ ਨੂੰ ਕੁਦਰਤ ਨਾਲ ਜੋੜ ਕੇ ਰੱਖੀਏ। ਗੁਰਬਾਣੀ ਵਿਚ ਇਕ ਹੋਰ ਇਸੇ ਤਰ੍ਹਾਂ ਦਾ ਹੀ ਵਿਚਾਰ ਹੈ:

*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥*
*ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ॥੨॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੦)*

ਗੁਰੂ ਸਾਹਿਬ ਨੇ ਇਨ੍ਹਾਂ ਪੰਕਤੀਆਂ ਵਿਚ ਰਿੱਜਕ ਦੀ ਮਹੱਤਤਾ ਨੂੰ ਲੈ ਕੇ ਵਿਚਾਰ ਪੇਸ਼ ਕੀਤਾ ਹੈ। ਇਸ ਦੀ ਮਹੱਤਤਾ ਅਜੋਕੇ ਸਮੇਂ ਵਿਚ ਸਵਾਦ (Taste)ਨੇ ਲੈ ਲਈ ਹੈ। ਜਿਹੜੀਆਂ ਲੋੜਾਂ ਨੂੰ ਲੈ ਕੇ ਗੱਲ ਹੋਈ ਹੈ, ਉਨ੍ਹਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ, ਚਾਹੇ ਉਹ ਪ੍ਰੋਟੀਨ ਹੈ ਤੇ ਚਾਹੇ ਵਿਟਾਮਿਨ। ਕੁਦਰਤ ਨੇ ਤਾਂ ਆਪਣੇ ਹਰੇਕ ਕੰਮ ਵਿਚ ਖੁਰਾਕ ਦਾ ਧਿਆਨ ਰੱਖਿਆ ਹੈ। ਸੂਰਜ ਦੀ ਰੋਸ਼ਨੀ ਸਾਨੂੰ ਵਿਟਾਮਿਨ ਡੀ ਮੁਹੱਈਆ ਕਰਵਾਉਂਦੀ ਹੈ। ਇਸੇ ਤਰ੍ਹਾਂ ਸੁੱਕੇ ਮੇਵੇ ਅਤੇ ਬੀਜ ਆਦਿ ਤੇਲ ਮੁਹੱਈਆ ਕਰਦੇ ਹਨ ਤੇ ਸਾਨੂੰ ਊਰਜਾ ਦੀ ਵਰਤੋਂ ਕਰਨ ਵੇਲੇ ਸਖ਼ਤ ਤੋਂ ਸਖ਼ਤ ਕੰਮ ਕਰਨ ਦੇ ਯੋਗ ਬਣਾਉਂਦੇ ਹਨ। ਇਨ੍ਹਾਂ ਨਾਲ ਮਿਲ ਕੇ ਪ੍ਰੋਟੀਨ ਸਾਡੀਆਂ ਮਾਸਪੇਸ਼ੀਆਂ ਨੂੰ ਬਲ ਬਖਸ਼ਦੀ ਹੈ।

ਜਿੱਥੇ ਖ਼ੁਰਾਕ ਸਾਡੇ ਸਰੀਰ ਦੇ ਹਰੇਕ ਅੰਗ ਦਾ ਖ਼ਿਆਲ ਰੱਖਦੀ ਹੈ, ਉੱਥੇ ਹੀ ਖ਼ੁਰਾਕ ਨੂੰ ਮੌਸਮ ਮੁਤਾਬਿਕ ਵੀ ਸਮਝਣ ਦੀ ਲੋੜ ਹੈ, ਕਿਉਂਕਿ ਮੌਸਮ ਮੁਤਾਬਿਕ ਖਾਦ-ਪਦਾਰਥ ਵੀ ਬਦਲ ਜਾਂਦੇ ਹਨ ਅਤੇ ਖਾਣ ਦੀਆਂ ਲੋੜਾਂ ਵਿਚ ਵੀ ਫ਼ਰਕ ਪੈਂਦਾ ਹੈ। ਇਹ ਤੱਥ ਇਸ ਗੱਲ ਤੋਂ ਸਮਝ ਸਕਦੇ ਹਾਂ ਕਿ ਕੁਦਰਤ ਨੇ ਤੇਲ ਅਤੇ ਥਿੰਦੇ ਵਾਲੇ ਪਦਾਰਥ ਪਹਾੜੀ ਅਤੇ ਬਰਫੀਲੇ ਇਲਾਕਿਆਂ ਵਿਚ ਪੈਦਾ ਕੀਤੇ ਹਨ ਅਤੇ ਗਰਮ ਇਲਾਕਿਆਂ ਵਿਚ ਜਿੱਥੇ ਪਸੀਨਾ ਵੱਧ ਆਉਂਦਾ ਹੈ ਅਤੇ ਸਰੀਰ ਵਿੱਚੋਂ ਪਾਣੀ ਮੁੱਕ ਜਾਣ ਦੀ ਹਾਲਤ ਬਣ ਜਾਂਦੀ ਹੈ ਉੱਥੇ ਮਤੀਰਾ, ਖਰਬੂਜਾ, ਖੀਰਾ ਆਦਿ। ਇਨ੍ਹਾਂ ਪਦਾਰਥਾਂ ਵਿਚ ਸਿਰਫ਼ ਪਾਣੀ ਹੀ ਵੱਧ ਨਹੀਂ ਹੁੰਦਾ ਸਗੋਂ ਪਸੀਨੇ ਨਾਲ ਵਹਿ ਜਾਣ ਵਾਲੇ ਮਿਨਰਲ ਜਿਵੇਂ- ਸੋਡੀਅਮ ਅਤੇ ਪੋਟਾਸ਼ੀਅਮ ਵੀ ਕਾਫ਼ੀ ਮਾਤਰਾ ਵਿਚ ਹੁੰਦੇ ਹਨ।

ਇਸ ਤਰ੍ਹਾਂ ਸਾਰੀ ਗੱਲ ਨੂੰ ਸਮਝਣ ਲਈ ਇਸ ਦਾ ਜੋੜ ਸਿਰਫ਼ ਸਰੀਰਕ ਵਾਧੇ ਅਤੇ ਤੰਦਰੁਸਤੀ ਦੇ ਨਾਲ-ਨਾਲ ਮਨ ਦੀ ਅਵਸਥਾ ਨਾਲ ਵੀ ਜੁੜਿਆ ਹੈ। ਗੁਰਬਾਣੀ ਦਾ ਵਾਕ ਹੈ:

*ਮਨੁ ਮੈਲਾ ਹੈ ਦੂਜੈ ਭਾਇ॥ ਮੈਲਾ ਚਉਕਾ ਮੈਲੈ ਥਾਇ॥*
*ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ॥੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੧)*

ਮਨ ਜਦੋਂ ਪਲੀਤ ਹੁੰਦਾ ਹੈ ਤਾਂ ਉਸ ਨਾਲ ਕਈ ਵਿਕਾਰ ਪੈਦਾ ਹੁੰਦੇ ਹਨ। ਇਹ ਮਨ ਦੇ ਵਿਕਾਰ ਹੀ ਹਨ ਕਿ ਅਸੀਂ ਖਾਣ-ਪੀਣ ਦੀਆਂ ਪਵਿੱਤਰ ਵਸਤਾਂ ਨੂੰ ਵੀ ਪਲੀਤ ਹੋਣ ਤੋਂ ਨਹੀਂ ਰੋਕ ਸਕੇ। ਜਦੋਂਕਿ ਸਾਰੇ ਜੀਵ-ਜਗਤ ਦਾ ਕੇਂਦਰ-ਬਿੰਦੂ ਖ਼ੁਰਾਕ ਹੈ। ਜੇ ਗੱਲ ਕਰੀਏ ਇਕੱਲੀ ਖ਼ੁਰਾਕ ਹੀ ਨਹੀਂ, ਅਸੀਂ ਆਪਣੇ ਆਲੇ-ਦੁਆਲੇ ਸਾਡੀ ਪਰਵਿਰਸ਼ ਲਈ ਫ਼ੈਲੀ ਕੁਦਰਤ ਨੂੰ ਹੀ ਪਲੀਤ ਕਰ ਛੱਡਿਆ ਹੈ। ਸੋ ਸਾਨੂੰ ਲੋੜ ਹੈ ਗੁਰੂ ਸਾਹਿਬਾਨ ਦੇ ਦੱਸੇ ਰਾਹ ਨੂੰ ਅਪਣਾਅ ਕੇ ਆਪਣੇ-ਆਪ ਨੂੰ ਸਹੀ ਰਸਤੇ 'ਤੇ ਪਾਉਣ ਦੀ ਤਾਂਕਿ ਆਪਣੀ ਭਲਾਈ ਦੇ ਨਾਲ-ਨਾਲ ਸਮੁੱਚੀ ਮਨੁੱਖਤਾ ਦਾ ਕਲਿਆਣ ਹੋ ਸਕੇ।

■

## ਨਾਮ ਜਪੋ, ਕਿਰਤ ਕਰੋ, ਵੰਡ ਛਕੋ

*ਮਈ ੨੦੨੫ ਦਾ ਬਾਕੀ:*

# ਦੇਵਗੰਧਾਰੀ ਮਹਲਾ ੯

*-ਮਾ. ਬਲਬੀਰ ਸਿੰਘ ਹੰਸਪਾਲ**

*ਜਗਤ ਮੈ ਝੂਠੀ ਦੇਖੀ ਪ੍ਰੀਤਿ॥*
*ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਮੀਤ॥੧॥ਰਹਾਉ॥*
*ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ॥*
*ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥੧॥*
*ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ॥*
*ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥੨॥੩॥੬॥੩੮॥੪੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)*

**ਰਾਗੁ ਦੇਵਗੰਧਾਰੀ** **(ਤਿੰਨ ਤਾਲ)** **(ਮੱਧ ਲੈਅ)**

**ਸਥਾਈ**

| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|
| x | | | | ੨ | | | | ੦ | | | | ੩ | | | |
| | | | | | | | | ਸਾ | ਰੇ | ਮਾ | ਮਾ | ਪਾ | ਧਾਨੀ | ਧਾ | ਪਾ |
| | | | | | | | | ਜ | ਗ | ਤ | ਮੈ | ਝੂ | ss | ਠੀ | s |
| ਮਾ | ਗਾ | ਸਾ | ਰੇ | ਮਾ | – | ਪਾ | – | ਮਾ | ਮਾ | ਪਾ | ਧਾ | ਸਾਂ | – | ਰੇਂ | ਸਾਂ |
| ਦੇ | s | ਖੀ | s | ਪ੍ਰੀ | s | ਤਿ | s | ਅ | ਪ | ਨੇ | s | ਹੀ | s | ਸੁ | ਖ |
| ਨੀ | ਨੀ | ਸਾਂ | ਨੀ | ਧਾ | – | ਪਾ | – | ਮਾਪਾ | ਧਾਨੀ | ਧਾ | ਪਾ | ਮਾ | ਗਾ | ਸਾ | ਰੇ |
| ਸਿ | ਉ | ਸ | ਭ | ਲਾ | s | ਗੇ | s | ਕਿਆ | ss | s | s | ਦਾ | s | ਰਾ | s |
| ਮਾ | ਮਾ | ਪਾ | – | ਧਾ | ਮਾ | ਪਾ | – | | | | | | | | |
| ਕਿ | ਆ | s | s | ਮੀ | s | ਤ | s | | | | | | | | |

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯੪੯੪੪੮*

**ਰਾਗੁ ਦੇਵਗੰਧਾਰੀ** **(ਤਿੰਨ ਤਾਲ)** **(ਮੱਧ ਲੈਅ)**

**(ਅੰਤਰਾ)**

| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|
| x | | | | ੨ | | | | ੦ | | | | ੩ | | | |
| | | | | | | | | ਮਾ | - | ਪਾ | - | ਧਾ | - | ਪਾ | ਧਾ |
| | | | | | | | | ਮੇ | s | ਰਉ | s | ਮੇ | s | ਰਉ | s |
| ਸਾਂ | ਸਾਂ | - | ਸਾਂ | ਰੇਂ | ਰੇਂ | ਸਾਂ | - | ਸਾਂ | ਨੀ | ਧਾ | ਪਾ | ਮਾਪਾ | ਧੁਾਨੁੀ | ਧੁਾ | ਪਾ |
| ਸ | ਭੈ | s | ਕ | ਹ | ਤ | ਹੈ | s | ਹਿ | ਤ | ਸਿ | ਉ | ਬਾs | ss | ਧਿ | ਓ |
| ਮਾ | ਗਾ | ਸਾ | ਰੇ | ਮਾ | - | - | - | | | | | | | | |
| ਚੀ | s | s | s | ਤ | s | s | s | | | | | | | | |

**ਤਾਨਾ:-**

**੧.** ਸਾਰੇ ਮਾਪਾ ਧੁਾਨੁੀ ਧੁਾਪਾ ਮਾਗਾ ਰੇਸਾ ਸਾਰੇ ਗਾਸਾ

**੨.** ਸਾਰੇ ਮਾਮਾ ਰੇਮਾ ਪਾਪਾ ਧੁਾਪਾ ਮਾਪਾ ਮਾਗਾ ਰੇਸਾ

**੩.** ਸਾਰੇ ਮਾਪਾ ਧੁਾਪਾ ਮਾਪਾ ਧੁਾਨੁੀ ਧੁਾਪਾ ਮਾਗਾ ਰੇਸਾ

**੪.** ਸਾਰੇ ਮਾਮਾ ਰੇਮਾ ਪਾਪਾ ਮਾਪਾ ਧਾਧਾ ਪਾਧਾ ਸਾਂਸਾਂ
ਸਾਂਰੇਂ ਸਾਂਨੀ ਧਾਪਾ ਮਾਪਾ ਧੁਾਨੁੀ ਧੁਾਪਾ ਮਾਗਾ ਰੇਸਾ

**੫.** ਸਾਰੇ ਮਾਪਾ ਧੁਾਨੁੀ ਧੁਾਪਾ ਮਾਪਾ ਧਾਧਾ ਸਾਂਰੇਂ ਗਾਂਰੇਂ
ਸਾਂਨੀ ਧਾਪਾ ਧੁਾਨੁੀ ਧੁਾਪਾ ਮਾਗਾ ਰੇਸਾ ਸਾਰੇ ਗਾਸਾ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਕਮੇਟੀ ਦੀ ਇਕੱਤਰਤਾ ਮਿਤੀ ੨੮-੦੩-੨੦੨੫ (੧੫ ਚੇਤ ਸੰਮਤ ਨਾਨਕਸ਼ਾਹੀ ੫੫੭) ਦੇ ਮਤੇ:-

### ਮਤਾ ਨੰ: ੦੧

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਅੱਜ ਦਾ ਇਹ ਜਨਰਲ ਇਜਲਾਸ ਪਿਛਲੇ ਸਮੇਂ ਦੌਰਾਨ ਇਨ੍ਹਾਂ ਸ਼ਖ਼ਸੀਅਤਾਂ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਇਜਹਾਰ ਕਰਦਾ ਹੈ:-

**੧.** ਡਾ. ਮਨਮੋਹਨ ਸਿੰਘ ਜੀ, ਸਾਬਕਾ ਪ੍ਰਧਾਨ ਮੰਤਰੀ, ਭਾਰਤ ਸਰਕਾਰ।

**੨.** ਬਾਪੂ ਸੂਰਤ ਸਿੰਘ ਜੀ, ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ੀ ਸ਼ਖਸ਼ੀਅਤ।

**੩.** ਸ. ਹਰਦੇਵ ਸਿੰਘ ਮੱਤੇਵਾਲ ਜੀ, ਸਾਬਕਾ ਐਡਵੋਕੇਟ ਜਨਰਲ, ਪੰਜਾਬ ਸਰਕਾਰ।

**੪.** ਬੀਬੀ ਮਨਜੀਤ ਕੌਰ ਚੜੇਵਾਨ ਜੀ, ਸਾਬਕਾ ਮੈਂਬਰ, ਸ਼੍ਰੋਮਣੀ ਗੁ:ਪ੍ਰ:ਕਮੇਟੀ।

**੫.** ਜਥੇਦਾਰ ਜਗੀਰ ਸਿੰਘ ਵਰਪਾਲ ਜੀ, ਸਾਬਕਾ ਮੈਂਬਰ, ਸ਼੍ਰੋਮਣੀ ਗੁ:ਪ੍ਰ:ਕਮੇਟੀ।

**੬.** ਸ. ਨਿਰਮਲ ਸਿੰਘ ਭੜੋ, ਸਾਬਕਾ ਮੈਂਬਰ, ਸ਼੍ਰੋਮਣੀ ਗੁ:ਪ੍ਰ:ਕਮੇਟੀ।

ਜਨਰਲ ਇਜਲਾਸ ਇਨ੍ਹਾਂ ਸ਼ਖ਼ਸੀਅਤਾਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਾ ਹੋਇਆ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹੈ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ ਅਤੇ ਪਿੱਛੇ ਪਰਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

### ਮਤਾ ਨੰ: ੦੨

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਬਜਟ ਇਜਲਾਸ ਸ਼ਹੀਦ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲਿਆਂ ਦੀ ਸ਼ਹਾਦਤ ਨੂੰ ਸਤਿਕਾਰ ਭੇਟ ਕਰਦਾ ਹੈ। ਬਾਬਾ ਚਰਨ ਸਿੰਘ ਜੀ ਨੇ ਗੁਰਧਾਮਾਂ ਦੀ ਕਾਰ-ਸੇਵਾ ਦੇ ਨਾਲ-ਨਾਲ ਧਰਮ ਯੁੱਧ ਮੋਰਚੇ ਅਤੇ ਜੂਨ ੧੯੮੪ ਦੇ ਘੱਲੂਘਾਰੇ ਪਿੱਛੋਂ ਚੱਲੇ ਸੰਘਰਸ਼ ਦੌਰਾਨ ਸ਼ਹੀਦ ਹੋਏ ਸਿੰਘਾਂ ਦੇ ਪਰਵਾਰਾਂ ਦੀ ਸੰਭਾਲ ਕਰਨ, ਨਜ਼ਰਬੰਦ ਜੁਝਾਰੂਆਂ ਦੇ ਕੇਸਾਂ ਦੀ ਪੈਰਵਾਈ ਆਦਿ ਅਹਿਮ ਕਾਰਜ ਕੀਤੇ। ਉਨ੍ਹਾਂ ਨੂੰ ਸਰਕਾਰ ਵੱਲੋਂ ੧੯ ਅਪ੍ਰੈਲ ੧੯੯੩ ਨੂੰ ਗ੍ਰਿਫ਼ਤਾਰ ਕਰ ਕੇ ਲੰਮਾਂ ਸਮਾਂ ਤਸ਼ੱਦਦ ਕਰਨ ਤੋਂ ਬਾਅਦ ਵਹਿਸ਼ੀਆਨਾ ਤਰੀਕੇ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ।

ਅੱਜ ਦਾ ਇਜਲਾਸ ਬਾਬਾ ਚਰਨ ਸਿੰਘ ਵੱਲੋਂ ਗੁਰੂ-ਘਰ ਅਤੇ ਕੌਮ ਪ੍ਰਤੀ

ਨਿਭਾਈਆਂ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਣ ਕਰਦਾ ਹੈ।

## ਮਤਾ ਨੰ: ੦੪

ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਜਿਨ੍ਹਾਂ ਨੂੰ 'ਧਰਮ ਦੀ ਚਾਦਰ' ਦੇ ਰੂਪ ਵਿਚ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ, ਨੇ ਧਰਮ, ਸੱਚ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਅਦੁੱਤੀ ਸ਼ਹਾਦਤ ਦਿੱਤੀ। ਉਨ੍ਹਾਂ ਦੀ ਇਹ ਮਹਾਨ ਕੁਰਬਾਨੀ ਨਾ ਸਿਰਫ ਸਿੱਖ ਇਤਿਹਾਸ ਦਾ ਸੁਨਹਿਰੀ ਅਧਿਆਏ ਹੈ, ਸਗੋਂ ਸਮੁੱਚੀ ਮਨੁੱਖਤਾ ਲਈ ਇੱਕ ਪ੍ਰੇਰਨਾ-ਸਰੋਤ ਵੀ ਹੈ। ਨਵੰਬਰ ੨੦੨੫ ਵਿਚ, ਗੁਰੂ ਸਾਹਿਬ ਦੇ ੩੫੦ ਸਾਲਾ ਸ਼ਹੀਦੀ ਦਿਹਾੜੇ ਦੇ ਮੌਕੇ 'ਤੇ, ਇਹ ਸਮਾਂ ਉਨ੍ਹਾਂ ਦੀ ਵਿਰਾਸਤ ਨੂੰ ਸਤਿਕਾਰ ਦੇਣ ਅਤੇ ਸੰਭਾਲਣ ਦਾ ਸੁਨਹਿਰੀ ਅਵਸਰ ਹੈ।

ਇਸ ਪਵਿੱਤਰ ਮੌਕੇ ਨੂੰ ਯਾਦਗਾਰੀ ਬਣਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਉਣ ਦੇ ਮੱਦੇਨਜ਼ਰ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਈ ਸਮਾਗਮ ਕੀਤੇ ਜਾ ਰਹੇ ਹਨ, ਉੱਥੇ ਹੀ ਅੱਜ ਦਾ ਜਨਰਲ ਇਜਲਾਸ ਭਾਰਤ ਸਰਕਾਰ ਤੋਂ ਮੰਗ ਕਰਦਾ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ ਸ਼ਰਧਾ ਤੇ ਸਤਿਕਾਰ ਭੇਟ ਕੀਤਾ ਜਾਵੇ।

ਇਸ ਸਬੰਧ ਵਿਚ ਭਾਰਤ ਸਰਕਾਰ ਢੁੱਕਵੀਂ ਯਾਦਗਾਰ ਸਥਾਪਿਤ ਕਰੇ, ਜੋ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਮਨੁੱਖੀ ਅਧਿਕਾਰਾਂ ਦੇ ਰਖਵਾਲੇ ਵਜੋਂ ਉਨ੍ਹਾਂ ਦੀ ਭੂਮਿਕਾ ਦੀ ਗਾਥਾ ਨੂੰ ਦਰਸਾਏ। ਸਰਕਾਰ ਵੱਲੋਂ ਗੁਰੂ ਸਾਹਿਬ ਦੇ ਨਾਮ 'ਤੇ ਇੱਕ ਕੌਮੀ ਪੱਧਰ ਦੀ ਸਿੱਖਿਆ ਸੰਸਥਾ ਜਾਂ ਖੋਜ ਕੇਂਦਰ ਵੀ ਸਥਾਪਿਤ ਕੀਤਾ ਜਾਵੇ। ਇਸੇ ਤਰ੍ਹਾਂ ਵਿਸ਼ੇਸ਼ ਡਾਕ ਟਿਕਟ ਅਤੇ ਯਾਦਗਾਰੀ ਸਿੱਕੇ ਵੀ ਜਾਰੀ ਕੀਤੇ ਜਾਣ।

ਜਨਰਲ ਇਜਲਾਸ ਭਾਰਤ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਇਸ ਸਬੰਧੀ ਸੰਜੀਦਗੀ ਨਾਲ ਵਿਚਾਰ ਕੀਤਾ ਜਾਵੇ। ਇਹ ਕਦਮ ਨਾ ਸਿਰਫ ਗੁਰੂ ਸਾਹਿਬ ਦੀ ਵਿਰਾਸਤ ਨੂੰ ਅਗਲੀਆਂ ਪੀੜ੍ਹੀਆਂ ਤਕ ਲਿਜਾਏਗਾ, ਸਗੋਂ ਭਾਰਤ ਦੀ ਬਹੁ-ਸੱਭਿਆਚਾਰਕ ਏਕਤਾ, ਧਾਰਮਿਕ ਸਹਿਣਸ਼ੀਲਤਾ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਸਮਰਪਣ ਨੂੰ ਵੀ ਮਜ਼ਬੂਤ ਕਰੇਗਾ।

## ਮਤਾ ਨੰ: ੦੫

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਜਨਰਲ ਇਜਲਾਸ ਭਾਰਤ ਦੀ ਸੰਸਦ ਵਿਚ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸੰਬੰਧੀ ਦਿੱਤੇ ਗਏ ਬਿਆਨ ਦੀ ਸਖ਼ਤ ਨਿਖੇਧੀ ਕਰਦਾ ਹੈ। ਸ੍ਰੀ ਅਮਿਤ ਸ਼ਾਹ ਵੱਲੋਂ ਆਪਣੇ ਬਿਆਨ ਵਿਚ ਇਹ ਕਹਿਣਾ ਕਿ "ਪੰਜਾਬ ਵਿਚ ਕੁਝ ਲੋਕ ਭਿੰਡਰਾਂਵਾਲਾ ਬਣ ਰਹੇ ਸਨ ਅਤੇ ਅੱਜ ਅਸਾਮ ਦੀ ਜੇਲ੍ਹ ਵਿਚ ਬੈਠੇ ਸ੍ਰੀ

ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਰਹੇ ਹਨ। ” ਉਨ੍ਹਾਂ ਦੀ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਿੱਖਾਂ ਦੇ ਕੌਮੀ ਸ਼ਹੀਦ ਅਤੇ ਮਹਾਨ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਸਿੱਖ ਧਰਮ ਦੀ ਸ਼ਾਨ ਅਤੇ ਸਿੱਖ ਪਛਾਣ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕੀਤਾ। ਉਨ੍ਹਾਂ ਵਿਰੁੱਧ ਦੇਸ਼ ਦੇ ਇੱਕ ਜ਼ਿੰਮੇਵਾਰ ਵਿਅਕਤੀ (ਗ੍ਰਹਿ ਮੰਤਰੀ) ਵੱਲੋਂ ਲੋਕਤੰਤਰ ਦੇ ਸਭ ਤੋਂ ਵੱਡੇ ਮੰਚ ਭਾਰਤੀ ਸੰਸਦ ਅੰਦਰ ਨਫ਼ਰਤੀ ਵਿਚਾਰ ਦੇਣਾ ਦੇਸ਼ ਦੀ ਬਹੁ-ਕੌਮੀ ਅਤੇ ਬਹੁ-ਧਰਮੀ ਸੱਭਿਅਤਾ ਦੀ ਤੌਹੀਨ ਹੈ।

ਅੱਜ ਦਾ ਇਜਲਾਸ ਸ੍ਰੀ ਅਮਿਤ ਸ਼ਾਹ ਵੱਲੋਂ ਗੁਰਬਾਣੀ ਪੜ੍ਹਨ ਉੱਤੇ ਤੰਜ ਕੱਸਣ ਦੀ ਵੀ ਘੋਰ ਨਿੰਦਾ ਕਰਦਾ ਹੈ। ਗ੍ਰਹਿ ਮੰਤਰੀ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰਬਾਣੀ ਦਾ ਪਾਠ ਕਰਨਾ ਸਿੱਖ ਧਰਮ ਦਾ ਅਟੁੱਟ ਅੰਗ ਹੈ। ਇਸ ਨੂੰ ਗ਼ਲਤ ਸੰਦਰਭ ਵਿਚ ਪੇਸ਼ ਕਰ ਕੇ ਉਨ੍ਹਾਂ ਸਿੱਖ ਕੌਮ ਦਾ ਅਪਮਾਨ ਕੀਤਾ ਹੈ। ਇਜਲਾਸ ਗ੍ਰਹਿ ਮੰਤਰੀ ਨੂੰ ਚੇਤੇ ਕਰਵਾਉਂਦਾ ਹੈ ਕਿ ਮਨੁੱਖਤਾ ਨੂੰ ਜੀਵਨ ਦੇਣ ਵਾਲੀ ਪਾਵਨ ਗੁਰਬਾਣੀ ਦੇ ਰਚੇਤਾ ਗੁਰੂ ਸਾਹਿਬਾਨ ਦੀ ਬਦੌਲਤ ਹੀ ਅੱਜ ਦੇਸ਼ ਦਾ ਸੱਭਿਆਚਾਰ ਬਰਕਰਾਰ ਹੈ ਅਤੇ ਗੁਰਬਾਣੀ ਪੜ੍ਹਨ ਵਾਲੇ ਸਿੱਖਾਂ ਨੇ ਹੀ ਦੇਸ਼ ਲਈ ਅਣਗਿਣਤ ਕੁਰਬਾਨੀਆਂ ਕਰ ਕੇ ਆਜ਼ਾਦੀ ਦਿਵਾਈ ਸੀ।

ਜਨਰਲ ਇਜਲਾਸ ਗ੍ਰਹਿ ਮੰਤਰੀ ਦੇ ਬਿਆਨ ਦੀ ਪੂਰੀ ਤਰ੍ਹਾਂ ਨਿਖੇਧੀ ਕਰਦਿਆਂ ਆਖਦਾ ਹੈ ਕਿ ਭਾਰਤ ਸਰਕਾਰ ਅਤੇ ਖਾਸਕਰ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਨ ਅਤੇ ਅਜਿਹੀ ਅਪਮਾਨਜਨਕ ਬਿਆਨਬਾਜ਼ੀ ਤੋਂ ਗੁਰੇਜ਼ ਕਰਨ।

## ਮਤਾ ਨੰ: ੦੬

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਅੱਜ ਦਾ ਬਜਟ ਇਜਲਾਸ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਸਿੱਖਾਂ ਵਿਰੁੱਧ ਪੈਦਾ ਕੀਤੇ ਜਾ ਰਹੇ ਨਫ਼ਰਤੀ ਮਾਹੌਲ ਦੀ ਨਿਖੇਧੀ ਕਰਦਿਆਂ ਸਰਕਾਰ ਪਾਸੋਂ ਫਿਰਕੂ ਅਨਸਰਾਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦਾ ਹੈ।

ਹਾਲ ਹੀ ਵਿਚ ਹਿਮਾਚਲ ਪ੍ਰਦੇਸ਼ ਅੰਦਰ ਸਥਿਤ ਪਾਵਨ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਸਿੱਖ ਸ਼ਰਧਾਲੂਆਂ ਨੂੰ ਕੁਝ ਲੋਕਾਂ ਵੱਲੋਂ ਨਿਸ਼ਾਨਾ ਬਣਾਇਆ ਜਾਣਾ ਅਤੇ ਸਿੱਖ ਯਾਤਰੂਆਂ ਦੇ ਵਾਹਨਾਂ ਉੱਤੇ ਲੱਗੇ ਸਿੱਖ ਨਾਇਕਾਂ ਦੀਆਂ ਤਸਵੀਰਾਂ ਵਾਲੇ ਝੰਡੇ ਜਬਰੀ ਪਾੜਣ ’ਤੇ ਪੈਰਾਂ ਹੇਠ ਰੋਲਣ ਦਾ ਵਰਤਾਰਾ ਦੇਸ਼ ਹਿੱਤ ਵਿਚ ਨਹੀਂ ਹੈ।

ਹਰ ਇੱਕ ਨੂੰ ਆਪਣੇ ਧਰਮ ਦੀਆਂ ਕਦਰਾਂ-ਕੀਮਤਾਂ ’ਤੇ ਪਹਿਰਾ ਦੇਣ ਅਤੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰਨ ਦਾ ਪੂਰਾ ਹੱਕ ਹੈ। ਹਿਮਾਚਲ ਪ੍ਰਦੇਸ਼ ਵਿਚ ਸਿੱਖ ਸ਼ਰਧਾਲੂਆਂ ਨਾਲ ਵਾਪਰ ਰਹੀਆਂ ਘਟਨਾਵਾਂ ਤੋਂ

ਸਪੱਸ਼ਟ ਹੈ ਕਿ ਉੱਥੋਂ ਦੀ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਰਿਹਾ। ਪੰਜਾਬ ਸਰਕਾਰ ਵੱਲੋਂ ਇਸ ਗੰਭੀਰ ਮਾਮਲੇ ਉੱਤੇ ਚੁੱਪ ਰਹਿਣਾ ਵੀ ਸੂਬੇ ਦੇ ਲੋਕਾਂ ਵਿਰੋਧੀ ਭੁਗਤਣ ਵਾਲੀ ਗੱਲ ਹੈ।

ਸ਼੍ਰੋਮਣੀ ਕਮੇਟੀ ਦਾ ਅੱਜ ਦਾ ਇਜਲਾਸ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸਪੱਸ਼ਟ ਤੌਰ ’ਤੇ ਆਖਦਾ ਹੈ ਕਿ ਉਹ ਇਸ ਗੰਭੀਰ ਮੁੱਦੇ ’ਤੇ ਸੰਜੀਦਾ ਪਹੁੰਚ ਅਪਣਾਏ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰੇ। ਅੱਜ ਦਾ ਇਜਲਾਸ ਭਾਰਤ ਸਰਕਾਰ ਨੂੰ ਵੀ ਅਪੀਲ ਕਰਦਾ ਹੈ ਕਿ ਉਹ ਅਜਿਹੇ ਫਿਰਕੂ ਲੋਕਾਂ ਖ਼ਿਲਾਫ਼ ਕਾਰਵਾਈ ਕਰਨ ਲਈ ਸੂਬਾ ਸਰਕਾਰਾਂ ਨੂੰ ਆਦੇਸ਼ ਕਰੇ।

## ਮਤਾ ਨੰ: ੦੭

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਅੱਜ ਦਾ ਬਜਟ ਇਜਲਾਸ ਦਿੱਲੀ ਵਿਖੇ ਨਵੰਬਰ ੧੯੮੪ ਵਿਚ ਹੋਈ ਸਿੱਖ ਨਸਲਕੁਸ਼ੀ ਦੇ ਸਰਸਵਤੀ ਵਿਹਾਰ ਦਿੱਲੀ ਨਾਲ ਸੰਬੰਧਿਤ ਇੱਕ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਦਿੱਤੀ ਗਈ ਸਜ਼ਾ ਦਾ ਸਵਾਗਤ ਕਰਦਿਆਂ ਸਿੱਖ ਕਤਲੇਆਮ ਦੇ ਹੋਰ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਤੇ ਪੀੜਤਾਂ ਨੂੰ ਇਨਸਾਫ਼ ਦੀ ਮੰਗ ਕਰਦਾ ਹੈ।

੧੯੮੪ ’ਚ ਦਿੱਲੀ ਸਮੇਤ ਦੇਸ਼ ਦੇ ਕਈ ਹੋਰ ਸ਼ਹਿਰਾਂ ਵਿਚ ਹਜ਼ਾਰਾਂ ਸਿੱਖਾਂ ਦਾ ਵਹਿਸ਼ੀਆਨਾ ਤਰੀਕੇ ਨਾਲ ਕਤਲ ਕੀਤਾ ਗਿਆ। ਇਸ ਕਤਲੇਆਮ ਦੀ ਅਗਵਾਈ ਸੱਜਣ ਕੁਮਾਰ ਅਤੇ ਜਗਦੀਸ਼ ਟਾਇਟਲਰ ਜਿਹੇ ਕਾਂਗਰਸੀ ਆਗੂਆਂ ਨੇ ਕੀਤੀ। ਇਸ ਕਤਲੇਆਮ ਦੇ ਇਨਸਾਫ਼ ਲਈ ਪੀੜਤਾਂ ਨੇ ੪੦ ਸਾਲ ਤੋਂ ਵੱਧ ਕਾਨੂੰਨੀ ਲੜਾਈ ਲੜੀ ਹੈ। ਹੁਣ ਅਦਾਲਤ ਦੇ ਇਸ ਫੈਸਲੇ ਨਾਲ ਚਾਰ ਦਹਾਕਿਆਂ ਤੋਂ ਇਨਸਾਫ਼ ਦੀ ਆਸ ਵਿਚ ਬੈਠੇ ਪੀੜਤ ਪਰਿਵਾਰਾਂ ਨੂੰ ਕੁਝ ਹੱਦ ਤਕ ਧਰਵਾਸ ਮਿਲੇਗਾ।

ਸ਼੍ਰੋਮਣੀ ਕਮੇਟੀ ਦਾ ਅੱਜ ਦਾ ਬਜਟ ਇਜਲਾਸ ਸੱਜਣ ਕੁਮਾਰ ਸਮੇਤ ਸਿੱਖ ਕਤਲੇਆਮ ਦੇ ਹੋਰ ਸਾਰੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦਾ ਹੈ ਅਤੇ ਇਸ ਸਿੱਖ ਕਤਲੇਆਮ ਦੀ ਨਿਰਪੱਖ ਜਾਂਚ ਵੀ ਮੰਗਦਾ ਹੈ।

## ਮਤਾ ਨੰ: ੦੮

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦਾ ਅੱਜ ਦਾ ਬਜਟ ਇਜਲਾਸ ਮਹਿਸੂਸ ਕਰਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸੰਬੰਧਿਤ ਇਤਿਹਾਸਿਕ ਥਾਵਾਂ ਅਤੇ ਇਮਾਰਤਾਂ ਦੀ ਹਾਲਤ ਅੱਜ ਬਹੁਤ ਹੀ ਤਰਸਯੋਗ ਹੈ। ਸ੍ਰੀ ਅੰਮ੍ਰਿਤਸਰ ਸਥਿਤ ਰਾਮਬਾਗ ਜੋ ਕਿ ਸਿੱਖ ਵਿਰਾਸਤ ਹੈ, ਵਿਖੇ ਪ੍ਰਾਈਵੇਟ ਕਲੱਬ ਚਲਾਏ ਜਾ ਰਹੇ ਹਨ। ਇਸੇ ਤਰ੍ਹਾਂ ਬਟਾਲਾ ਸਥਿਤ ਬੇਰਿੰਗ ਯੂਨੀਅਨ ਕ੍ਰਿਸ਼ਚਨ ਕਾਲਜ ਅੰਦਰ ਮਹਾਰਾਜਾ ਸ਼ੇਰ ਸਿੰਘ ਦੀ ਹਵੇਲੀ ਹੈ, ਜਿਸ ਨੂੰ ਯਾਦਗਾਰ ਵਜੋਂ ਸੰਭਾਲਣਾ ਬਹੁਤ ਜ਼ਰੂਰੀ ਹੈ। ਰੋਪੜ ਵਾਲੀ ਚੌਂਕੀ, ਫਿਲੌਰ ਦਾ ਕਿਲ੍ਹਾ ਜੋ ਅੱਜ

ਪੰਜਾਬ ਪੁਲਿਸ ਦੀ ਅਕੈਡਮੀ ਹੈ ਅਤੇ ਬਹਾਦਰਗੜ੍ਹ ਪਟਿਆਲਾ ਦਾ ਕਿਲ੍ਹਾ ਵੀ ਸਿਖਲਾਈ ਕੇਂਦਰ ਵਜੋਂ ਪੰਜਾਬ ਪੁਲਿਸ ਕੋਲ ਹੈ, ਉਨ੍ਹਾਂ ਦੀ ਵਿਰਾਸਤੀ ਸਾਂਭ-ਸੰਭਾਲ ਅਤਿ ਜ਼ਰੂਰੀ ਹੈ।

ਅੱਜ ਦਾ ਇਜਲਾਸ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਜਿੱਥੇ-ਜਿੱਥੇ ਵੀ ਸਿੱਖ ਵਿਰਾਸਤ ਮੌਜੂਦ ਹੈ ਅਤੇ ਇਸ ਦੇ ਨਾਲ ਹੀ ਉਹ ਸਿੱਖ ਵਿਰਾਸਤੀ ਇਮਾਰਤਾਂ ਜਿਨ੍ਹਾਂ ਅੰਦਰ ਸਰਕਾਰ ਦੇ ਸੰਸਥਾਨ ਕਾਰਜਸ਼ੀਲ ਹਨ, ਉਨ੍ਹਾਂ ਦੀ ਵਿਰਾਸਤੀ ਆਭਾ ਨੂੰ ਉਭਾਰਨ ਵਾਸਤੇ ਠੋਸ ਨੀਤੀ ਤਿਆਰ ਕੀਤੀ ਜਾਵੇ ਤਾਂ ਜੋ ਇਹ ਆਪਣੇ ਭਾਵ ਅਨੁਸਾਰ ਅਗਲੀ ਪੀੜ੍ਹੀ ਲਈ ਸਾਂਭੀਆਂ ਜਾ ਸਕਣ। ਇਸ ਕਾਰਜ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋੜੀਂਦੇ ਸਹਿਯੋਗ ਲਈ ਤਿਆਰ ਹੈ।

## ਮਤਾ ਨੰ: ੦੯

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਇਜਲਾਸ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਸਹੂਲਤ ਲਈ ਵੀਜ਼ਾ ਦਫਤਰ ਸ੍ਰੀ ਅੰਮ੍ਰਿਤਸਰ ਵਿਖੇ ਖੋਲ੍ਹਣ ਦੀ ਮੰਗ ਕਰਦਾ ਹੈ।

ਪਾਕਿਸਤਾਨ ਵਿਖੇ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਕਈ ਗੁਰਦੁਆਰੇ ਹਨ, ਜਿਨ੍ਹਾਂ ਦੇ ਦਰਸ਼ਨਾਂ ਲਈ ਹਰ ਸਾਲ ਸਿੱਖ ਸ਼ਰਧਾਲੂ ਜਥਿਆਂ ਦੇ ਰੂਪ ਵਿਚ ਜਾਂਦੇ ਹਨ। ਸੰਗਤਾਂ ਦੀ ਵੱਡੀ ਮੰਗ ਹੈ ਕਿ ਪਹਿਲਾਂ ਜਾਂਦੇ ਜਥਿਆਂ ਤੋਂ ਇਲਾਵਾ ਆਮ ਦਿਨਾਂ ਦੌਰਾਨ ਵੀ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਜਾਣ। ਇਸ ਲਈ ਸੰਗਤ ਦੀ ਸਹੂਲਤ ਵਾਸਤੇ ਵੀਜ਼ਾ ਦਫਤਰ ਸ੍ਰੀ ਅੰਮ੍ਰਿਤਸਰ ਵਿਖੇ ਖੋਲ੍ਹਿਆ ਜਾਵੇ।

ਅੱਜ ਦਾ ਇਹ ਬਜਟ ਇਜਲਾਸ ਪਾਕਿਸਤਾਨ 'ਚ ਵੱਸਦੇ ਸਿੱਖਾਂ ਲਈ ਭਾਰਤ ਅੰਦਰ ਸਿੱਖ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦਾ ਸੁਖਾਲਾ ਪ੍ਰਬੰਧ ਕਰਨ ਦੀ ਵੀ ਭਾਰਤ ਸਰਕਾਰ ਪਾਸੋਂ ਮੰਗ ਕਰਦਾ ਹੈ। ਇਸ ਲਈ ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ ਦੀ ਤਰਜ 'ਤੇ ਪਾਕਿਸਤਾਨ ਦੇ ਸਿੱਖਾਂ ਨੂੰ ਘੱਟੋ-ਘੱਟ ਸ੍ਰੀ ਅੰਮ੍ਰਿਤਸਰ ਸਥਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਇੱਕ ਦਿਨ ਦਾ ਵੀਜ਼ਾ ਪ੍ਰਬੰਧ ਕੀਤਾ ਜਾਵੇ।

ਜਨਰਲ ਇਜਲਾਸ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਤੋਂ ਇਹ ਮੰਗ ਵੀ ਕਰਦਾ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਦੋਹਾਂ ਦੇਸ਼ਾਂ ਵਿਚਕਾਰ ਬੰਦ ਪਏ ਦੁਵੱਲੇ ਵਪਾਰ ਨੂੰ ਮੁੜ ਸ਼ੁਰੂ ਕੀਤਾ ਜਾਵੇ।

## ਮਤਾ ਨੰ: ੧੦

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਇਜਲਾਸ ਭਾਰਤੀ ਫੌਜ ਵਿੱਚ ਸਿੱਖਾਂ ਲਈ ਵਿਸ਼ੇਸ਼ ਰਾਖਵਾਂ ਕੋਟਾ ਨਿਰਧਾਰਤ ਕਰਨ ਦੀ ਮੰਗ ਕਰਦਾ ਹੈ।

ਸਿੱਖ ਕੌਮ ਨੇ ਹਰ ਸਮੇਂ ਦੇਸ਼ ਦੀ ਰੱਖਿਆ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ ਅਤੇ ਫੌਜ ਵਿਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਤਿਹਾਸ ਗਵਾਹ ਹੈ ਕਿ ਸਿੱਖ ਸੈਨਿਕ ਪਹਿਲੇ ਅਤੇ ਦੂਜੇ ਵਿਸ਼ਵ ਯੁੱਧ ਤੋਂ ਲੈ ਕੇ, ਕਾਰਗਿਲ ਅਤੇ ਹੋਰ ਮੁਹਿੰਮਾਂ ਵਿੱਚ ਬਹਾਦਰੀ ਨਾਲ ਲੜੇ।

ਅੱਜ ਦਾ ਇਜਲਾਸ ਭਾਰਤੀ ਸਰਕਾਰ ਅਤੇ ਰੱਖਿਆ ਮੰਤਰਾਲੇ ਨੂੰ ਅਪੀਲ ਕਰਦਾ ਹੈ ਕਿ ਫੌਜ ਵਿੱਚ ਸਿੱਖ ਜਵਾਨਾਂ ਲਈ ਇਕ ਵਿਸ਼ੇਸ਼ ਕੋਟਾ ਨਿਰਧਾਰਤ ਕੀਤਾ ਜਾਵੇ, ਤਾਂ ਜੋ ਉਨ੍ਹਾਂ ਦਾ ਯੋਗਦਾਨ ਲਗਾਤਾਰ ਬਰਕਰਾਰ ਰਹੇ ਅਤੇ ਫੌਜ ਵਿਚ ਉਨ੍ਹਾਂ ਦੀ ਪ੍ਰੰਪਰਾਗਤ ਭੂਮਿਕਾ ਨੂੰ ਮਜ਼ਬੂਤੀ ਮਿਲੇ। ਇਹ ਨਾ ਸਿਰਫ਼ ਸਿੱਖ ਕੌਮ ਲਈ, ਸਗੋਂ ਭਾਰਤੀ ਫੌਜ ਦੀ ਸ਼ਾਨ ਅਤੇ ਸ਼ਕਤੀ ਵਿਚ ਵੀ ਇਜ਼ਾਫ਼ਾ ਕਰੇਗਾ।

## ਮਤਾ ਨੰ: ੧੧

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਬਜਟ ਇਜਲਾਸ ਬੰਦੀ ਸਿੰਘਾਂ ਦੇ ਗੰਭੀਰ ਅਤੇ ਸੰਵੇਦਨਸ਼ੀਲ ਮਸਲੇ 'ਤੇ ਆਪਣੀ ਗਹਿਰੀ ਚਿੰਤਾ ਪ੍ਰਗਟ ਕਰਦਾ ਹੈ। ਇਨਸਾਫ਼, ਸੱਚਾਈ ਅਤੇ ਹੱਕਾਂ ਦੀ ਰਾਖੀ ਲਈ ਆਪਣੀ ਜਾਨ ਤਕ ਕੁਰਬਾਨ ਕਰਨ ਵਾਲੀ ਸਿੱਖ ਕੌਮ ਦੇ ਕਈ ਨੌਜਵਾਨ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਬੰਦ ਹਨ, ਹਾਲਾਂਕਿ ਉਹ ਆਪਣੀ ਕਾਨੂੰਨੀ ਸਜ਼ਾ ਪੂਰੀ ਕਰ ਚੁੱਕੇ ਹਨ। ਇਹ ਸਾਡੀ ਨਿਆਂ ਪ੍ਰਣਾਲੀ ਅਤੇ ਲੋਕਤੰਤਰ ਲਈ ਇੱਕ ਵੱਡਾ ਸਵਾਲ ਹੈ।

ਇਹ ਮਸਲਾ ਕੇਵਲ ਕੁਝ ਵਿਅਕਤੀਆਂ ਦੀ ਅਜ਼ਾਦੀ ਤਕ ਹੀ ਸੀਮਤ ਨਹੀਂ, ਸਗੋਂ ਇਹ ਪੂਰੀ ਸਿੱਖ ਕੌਮ ਦੇ ਨੈਤਿਕ ਅਧਿਕਾਰ ਅਤੇ ਇਨਸਾਫ਼ ਨਾਲ ਜੁੜਿਆ ਹੋਇਆ ਹੈ।

ਅੱਜ ਦਾ ਇਜਲਾਸ ਭਾਰਤ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ, ਧਰਮ ਤੇ ਇਨਸਾਫ਼ ਦੇ ਅਸੂਲਾਂ 'ਤੇ ਚੱਲਦਿਆਂ ਸਿੱਖ ਬੰਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

## ਮਤਾ ਨੰ: ੧੨

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਬਜਟ ਇਜਲਾਸ ਮੌਜੂਦਾ ਕਿਸਾਨ ਸੰਘਰਸ਼ ਵਿਚ ਸਰਕਾਰਾਂ ਵੱਲੋਂ ਅਪਣਾਈ ਗਈ ਨਕਾਰਾਤਮਕ ਭੂਮਿਕਾ ਦੀ ਘੋਰ ਨਿੰਦਾ ਕਰਦਾ ਹੈ।

ਕਿਸਾਨ ਭਾਰਤ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ, ਪਰ ਹਾਲੀਆ ਸੰਘਰਸ਼ ਦੌਰਾਨ ਸਰਕਾਰ ਨੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਲੰਬੇ ਸਮੇਂ ਤਕ ਨਜ਼ਰਅੰਦਾਜ਼ ਕੀਤਾ ਹੈ।

ਕਿਸਾਨ ਫ਼ਸਲਾਂ ਦੇ ਘੱਟੋ ਘੱਟ ਸਮਰੱਥਨ ਮੁੱਲ ਦੀ ਗਾਰੰਟੀ ਅਤੇ ਹੋਰ ਹੱਕੀ ਮੰਗਾਂ ਲਈ ਲੜ ਰਹੇ ਹਨ, ਪਰ ਸਰਕਾਰਾਂ ਨੇ ਉਨ੍ਹਾਂ ਦੇ ਹੱਕ ਵਿਚ ਫ਼ੈਸਲੇ ਲੈਣ ਦੀ

ਬਜਾਏ ਉਨ੍ਹਾਂ ਨੂੰ ਦਬਾਉਣ ਦੀ ਨੀਤੀ ਅਪਣਾਈ ਹੋਈ ਹੈ। ਗੱਲਬਾਤ ਲਈ ਮੀਟਿੰਗ ਵਿਚ ਸ਼ਾਮਲ ਹੋਣ ਪੁੱਜੇ ਕਿਸਾਨਾਂ ਨੂੰ ਧੋਖੇ ਨਾਲ ਗ੍ਰਿਫ਼ਤਾਰ ਕਰਨਾ ਅਤੇ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਜਬਰੀ ਉਠਾਉਣਾ ਸਰਕਾਰ ਦੀ ਕਿਸਾਨ ਵਿਰੋਧੀ ਮਨਸ਼ਾ ਦਾ ਪ੍ਰਗਟਾਵਾ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਉਲੰਘਣਾ ਹੈ।

ਅੱਜ ਦਾ ਇਜਲਾਸ ਸਰਕਾਰ ਨੂੰ ਸੁਚੇਤ ਕਰਦਾ ਹੈ ਕਿ ਜੇਕਰ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਅਣਗਹਿਲੀ ਜਾਰੀ ਰੱਖੀ, ਤਾਂ ਇਹ ਨਾ ਕੇਵਲ ਖੇਤੀਬਾੜੀ ਖੇਤਰ ਲਈ ਨੁਕਸਾਨਦਾਇਕ ਹੋਵੇਗਾ, ਸਗੋਂ ਲੋਕਤੰਤਰ ਦੀਆਂ ਜੜ੍ਹਾਂ ਨੂੰ ਵੀ ਕਮਜ਼ੋਰ ਕਰੇਗਾ। ਅੱਜ ਦਾ ਇਜਲਾਸ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਕਿਸਾਨ ਆਗੂਆਂ ਉੱਤੇ ਦਰਜ ਹੋਏ ਝੂਠੇ ਮੁਕੱਦਮੇ ਵਾਪਸ ਲਏ ਜਾਣ ਅਤੇ ਕਿਸਾਨਾਂ ਦੇ ਹੱਕ ਵਿਚ ਤੁਰੰਤ ਅਤੇ ਸਹੀ ਫੈਸਲੇ ਲਏ ਜਾਣ।

## ਮਤਾ ਨੰ: ੧੩

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਬਜਟ ਇਜਲਾਸ ਬੀਤੇ ਸਮੇਂ ਮੁਹਾਲੀ ਸਥਿਤ ਸੀ.ਬੀ.ਆਈ. ਅਦਾਲਤ ਵੱਲੋਂ ਕਈ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦੇ ਮਾਮਲਿਆਂ ਵਿਚ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਦੇਣ ਦਾ ਸਵਾਗਤ ਕਰਦਿਆਂ ਇਸ ਦਾ ਦਾਇਰਾ ਹੋਰ ਵਿਸ਼ਾਲ ਕਰਨ ਦੀ ਮੰਗ ਕਰਦਾ ਹੈ। ਬੀਤੇ ਸਮੇਂ 'ਚ ਕੁਝ ਮਾਮਲਿਆਂ ਵਿਚ ਅਦਾਲਤ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਦਿੱਤੀਆਂ ਸਜ਼ਾਵਾਂ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ੧੯੮੪ ਤੋਂ ਬਾਅਦ ਦੇ ਦਹਾਕੇ ਵਿਚ ਕਿਵੇਂ ਮਿੱਥ ਕੇ ਸਰਕਾਰ ਵੱਲੋਂ ਬੇਕਸੂਰ ਸਿੱਖ ਨੌਜਵਾਨਾਂ ਦਾ ਕਤਲੇਆਮ ਕੀਤਾ ਗਿਆ। ਇਸ ਵਰਤਾਰੇ ਨੇ ਮਾਨਵਤਾ ਦਾ ਵੱਡਾ ਘਾਣ ਕਰਨ ਦੇ ਨਾਲ-ਨਾਲ ਸਿੱਖ ਕੌਮ ਦੀ ਇੱਕ ਪੀੜ੍ਹੀ ਨੂੰ ਤਬਾਹ ਕਰ ਦਿੱਤਾ। ਪੁਲਿਸ ਅਧਿਕਾਰੀਆਂ ਵੱਲੋਂ ਤਰੱਕੀਆਂ ਲੈਣ ਦੀ ਦੌੜ ਵਿਚ ਇੱਕ ਦੂਜੇ ਤੋਂ ਮੋਹਰੀ ਹੋ ਕੇ ਸਿੱਖ ਨੌਜਵਾਨਾਂ ਦੇ ਖ਼ੂਨ ਦੀ ਹੋਲੀ ਖੇਡੀ ਗਈ। ਇਸ ਦਾ ਇਨਸਾਫ਼ ਅੱਜ ਤਕ ਪੀੜਤ ਸਿੱਖ ਪਰਿਵਾਰ ਉਡੀਕ ਰਹੇ ਹਨ।

ਅੱਜ ਦਾ ਇਜਲਾਸ ਝੂਠੇ ਪੁਲਿਸ ਮੁਕਾਬਲਿਆਂ ਦਾ ਨਿਸ਼ਾਨਾ ਬਣੇ ਸਿੱਖ ਨੌਜਵਾਨਾਂ ਦੇ ਮਾਮਲੇ ਉਜਾਗਰ ਕਰਦਿਆਂ ਸ਼ਹੀਦ ਹੋਏ ਭਾਈ ਜਸਵੰਤ ਸਿੰਘ ਖਾਲੜਾ ਅਤੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲਿਆਂ ਦੇ ਯਤਨਾਂ ਦੀ ਪ੍ਰਸੰਸਾ ਕਰਦਾ ਹੈ। ਇਜਲਾਸ ਸਰਕਾਰ ਤੋਂ ਇਹ ਵੀ ਮੰਗ ਕਰਦਾ ਹੈ ਕਿ ਅਜਿਹੇ ਮਾਮਲਿਆਂ ਵਿਚ ਸਾਰੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

ਅੱਜ ਦਾ ਇਜਲਾਸ ਮੌਜੂਦਾ ਸਮੇਂ ਵੀ ਪੁਲਿਸ ਵੱਲੋਂ ਝੂਠੇ ਮੁਕਾਬਲਿਆਂ ਦੇ ਵਰਤਾਰੇ ਦੀ ਸਖ਼ਤ ਨਿੰਦਾ ਕਰਦਿਆਂ ਇਹ ਮਹਿਸੂਸ ਕਰਦਾ ਹੈ ਕਿ ਅੱਜ ਵੀ ਪੰਜਾਬ ਦੇ ਨੌਜਵਾਨਾਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਖ਼ਬਰਨਾਮਾ

## ਐਡ. ਹਰਜਿੰਦਰ ਸਿੰਘ ਧਾਮੀ ਨੇ ਪਹਿਲਗਾਮ ’ਚ ਹੋਏ ਹਮਲੇ ਦੇ ਪੀੜਤਾਂ ਨਾਲ ਪ੍ਰਗਟਾਈ ਸੰਵੇਦਨਾ

ਸ੍ਰੀ ਅੰਮ੍ਰਿਤਸਰ, ੨੩ ਅਪ੍ਰੈਲ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਹਮਲੇ ਦੌਰਾਨ ਮਾਰੇ ਗਏ ਲੋਕਾਂ ਦੇ ਪਰਵਾਰਾਂ ਨਾਲ ਸੰਵੇਦਨਾ ਪ੍ਰਗਟ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਅਣਮਨੁੱਖੀ ਤੇ ਕਰੂਰ ਕਾਰੇ ਨੇ ਸਮਾਜਿਕ ਕਦਰਾਂ-ਕੀਮਤਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਮਾਨਵੀ ਸਰੋਕਾਰ ਅਜਿਹਾ ਨਹੀਂ ਸਿਖਾਉਂਦੇ, ਸਗੋਂ ਸਾਰਿਆਂ ਨੂੰ ਭਾਈਚਾਰੇ ਤੇ ਸਦਭਾਵਨਾ ਦਾ ਰਾਹ ਦਿਖਾਉਂਦੇ ਹਨ। ਉਨ੍ਹਾਂ ਪੀੜਤ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖੁ ਅੱਗੇ ਅਰਦਾਸ ਕੀਤੀ ਕਿ ਹਮਲੇ ਦੌਰਾਨ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਤੇ ਪਰਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

## ਐਡ. ਹਰਜਿੰਦਰ ਸਿੰਘ ਧਾਮੀ ਨੇ ਕੈਨੇਡਾ ਦੀਆਂ ਸੰਘੀ ਚੋਣਾਂ ’ਚ ਵੱਡੀ ਗਿਣਤੀ ਪੰਜਾਬੀਆਂ ਤੇ ਖ਼ਾਸਕਰ ਸਿੱਖਾਂ ਦੀ ਜਿੱਤ ’ਤੇ ਦਿੱਤੀ ਵਧਾਈ

ਸ੍ਰੀ ਅੰਮ੍ਰਿਤਸਰ, ੨੯ ਅਪ੍ਰੈਲ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੈਨੇਡਾ ਦੀਆਂ ਸੰਘੀ ਚੋਣਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਅਤੇ ਖਾਸਕਰ ਸਿੱਖ ਨੁਮਾਇੰਦਿਆਂ ਦੀ ਜਿੱਤ ’ਤੇ ਖੁਸ਼ੀ ਜਤਾਉਂਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਆਖਿਆ ਕਿ ਸਿੱਖ ਕੌਮ ਅਤੇ ਸਮੁੱਚੇ ਪੰਜਾਬੀਆਂ ਲਈ ਇਹ ਵੱਡੇ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਉਮੀਦਵਾਰਾਂ ਨੇ ਜਿੱਤ ਹਾਸਲ ਕਰ ਕੇ ਕੈਨੇਡਾ ਦੀ ਰਾਜਨੀਤੀ ਵਿਚ ਆਪਣੀ ਲੀਡਰਸ਼ਿਪ ਸਾਬਤ ਕਰਦਿਆਂ ਪੰਜਾਬੀਆਂ ਦਾ ਸਿਰ ਉੱਚਾ ਕੀਤਾ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਜਿੱਤ ਪੰਜਾਬੀਆਂ ਦੀ ਸੰਘਰਸ਼ਪੂਰਨ ਮਿਹਨਤ, ਇਮਾਨਦਾਰੀ ਅਤੇ ਮਾਨਵੀ ਸੇਵਾਵਾਂ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿਚ ਵੱਸ ਰਹੇ ਪੰਜਾਬੀ ਅਤੇ ਖ਼ਾਸਕਰ ਸਿੱਖ ਆਪਣੀ ਵਿਰਾਸਤੀ ਸਿੱਖਿਆ, ਨੈਤਿਕਤਾ ਅਤੇ ਇਤਿਹਾਸ ਦੀ ਸੇਧ ਵਿਚ ਨਾ ਸਿਰਫ਼ ਆਪਣੀ ਭਾਈਚਾਰਕ ਪਛਾਣ ਨੂੰ ਬਰਕਰਾਰ ਰੱਖ ਰਹੇ ਹਨ, ਸਗੋਂ ਆਲਮੀ ਰਾਜਨੀਤੀ ਵਿਚ ਵੀ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਉਮੀਦ ਜਤਾਈ ਕਿ ਚੁਣੇ ਗਏ ਇਹ ਸਿੱਖ ਅਤੇ ਪੰਜਾਬੀ ਸੰਸਦ ਮੈਂਬਰ ਆਪਣੀਆਂ ਧਾਰਮਿਕ

ਕਦਰਾਂ-ਕੀਮਤਾਂ ਉੱਤੇ ਪਹਿਰਾ ਦਿੰਦਿਆਂ ਕੈਨੇਡਾ ਵਿਚ ਰਾਜਨੀਤਕ ਤੌਰ 'ਤੇ ਲੋਕਾਂ ਦੇ ਵਿਸ਼ਵਾਸ ਦੀ ਤਰਜਮਾਨੀ ਕਰਨਗੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੈਨੇਡਾ ਦੀਆਂ ਆਮ ਚੋਣਾਂ ਵਿਚ ਉਭਰਨ ਵਾਲੀ ਲਿਬਰਲ ਪਾਰਟੀ ਅਤੇ ਉਸ ਦੇ ਆਗੂ ਮਾਰਕ ਕਾਰਨੀ ਨੂੰ ਵੀ ਮੁਬਾਰਕਬਾਦ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਤੂ ਉਮੀਦਵਾਰ ਸਮਾਜਿਕ ਨਿਆਂ ਅਤੇ ਹਰ ਵਰਗ ਦੀ ਭਲਾਈ ਲਈ ਕੰਮ ਕਰਨ, ਇਸ ਦੀ ਆਸ ਕਰਦੇ ਹਾਂ।

## ਐਡ. ਹਰਜਿੰਦਰ ਸਿੰਘ ਨੇ ਕਸ਼ਮੀਰ ਦੇ ਪੁੰਛ 'ਚ ਗੁਰਦੁਆਰੇ 'ਤੇ ਹਮਲੇ ਨੂੰ ਦੁਖਦਾਈ ਕਰਾਰ ਦਿੱਤਾ

ਸ੍ਰੀ ਅੰਮ੍ਰਿਤਸਰ, ੭ ਮਈ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਪਾਕਿਸਤਾਨ ਸਰਹੱਦ 'ਤੇ ਪੈਦਾ ਹੋਏ ਤਨਾਅ ਤੋਂ ਬਾਅਦ ਕਸ਼ਮੀਰ ਦੇ ਪੁੰਛ ਇਲਾਕੇ ਵਿਚ ਗੁਰਦੁਆਰਾ ਸਾਹਿਬ 'ਤੇ ਕੀਤੇ ਗਏ ਹਮਲੇ ਨੂੰ ਦੁਖਦਾਈ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਸ਼ਮੀਰ ਅੰਦਰ ਹਮਲੇ ਦੌਰਾਨ ਮਾਰੇ ਗਏ ਚਾਰ ਸਿੱਖਾਂ ਪ੍ਰਤੀ ਵੀ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਇਸ ਪੀੜਾਮਈ ਘਟਨਾ ਨੇ ਸਿੱਖ ਜਗਤ ਨੂੰ ਗਹਿਰੇ ਜ਼ਖ਼ਮ ਦਿੱਤੇ ਹਨ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਮਲੇ ਦੌਰਾਨ ਚਲਾਣਾ ਕਰ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ। ਉਨ੍ਹਾਂ ਕਿਹਾ ਕਿ ਇਸ ਦੁਖਦਾਈ ਸਮੇਂ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੀੜ੍ਹਤ ਪਰਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਪ੍ਰਬੰਧਾਂ ਨੂੰ ਕੁਝ ਆਗੂਆਂ ਵੱਲੋਂ ਗਲਤ ਬਿਆਨਬਾਜ਼ੀ ਕਰ ਕੇ ਬਦਨਾਮ ਕਰਨਾ ਮੰਦਭਾਗਾ- ਸ਼੍ਰੋਮਣੀ ਕਮੇਟੀ ਅਹੁਦੇਦਾਰ

ਸ੍ਰੀ ਅੰਮ੍ਰਿਤਸਰ, ੯ ਮਈ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖਿਆ ਪ੍ਰਬੰਧਾਂ ਬਾਰੇ ਸਿਆਸੀ ਆਗੂਆਂ ਬੀਬੀ ਜਗੀਰ ਕੌਰ, ਸ. ਸੁਰਜੀਤ ਸਿੰਘ ਰੱਖੜਾ ਤੇ ਸ. ਪਰਮਿੰਦਰ ਸਿੰਘ ਢੀਂਡਸਾ ਵੱਲੋਂ ਕੀਤੀ ਜਾ ਰਹੀ ਗੁੰਮਰਾਹਕੁੰਨ ਬਿਆਨਬਾਜ਼ੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ.ਰਘੁਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਪਰਮਜੀਤ ਸਿੰਘ ਖਾਲਸਾ ਅਤੇ ਭਾਈ

ਅਮਰਜੀਤ ਸਿੰਘ ਚਾਵਲਾ ਨੇ ਇਸ ਨੂੰ ਸੰਸਥਾ ਦੇ ਅਕਸ ਨੂੰ ਢਾਹ ਲਾਉਣ ਵਾਲੀ ਰਾਜਨੀਤੀ ਕਰਾਰ ਦਿੱਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਹੁਦੇਦਾਰਾਂ ਨੇ ਕਿਹਾ ਕਿ ਬੇਸ਼ੱਕ ਸਿੱਖਿਆ ਦਾ ਪ੍ਰਬੰਧ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ, ਪ੍ਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਫ਼ਰਜ਼ ਸਮਝਦਿਆਂ ੧੦੦ ਤੋਂ ਵੱਧ ਸਿੱਖਿਆ ਸੰਸਥਾਵਾਂ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾ ਰਹੀ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋਂ ਸਿਆਸੀ ਹਿੱਤਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਅਤੇ ਪ੍ਰਬੰਧਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜੋ ਸਿੱਖ ਸੰਸਥਾ ਨੂੰ ਕਮਜ਼ੋਰ ਕਰਨ ਦੀ ਡੂੰਘੀ ਸਾਜ਼ਿਸ਼ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਨੂੰ ਵਿੱਦਿਅਕ ਅਦਾਰਿਆਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਸੰਨ ੨੦੦੭ ਵਿਚ ਸਥਾਪਿਤ ਕੀਤਾ ਗਿਆ ਸੀ ਜਿਸ ਦੀ ਅਗਵਾਈ ਵਿਚ ਸਮੂਹ ਵਿੱਦਿਅਕ ਸੰਸਥਾਵਾਂ ਵਿਚ ਮਿਸਾਲੀ ਕਾਰਜ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦੇ ਤੱਤਕਾਲੀ ਡਾਇਰੈਕਟਰ ਡਾ. ਤੇਜਿੰਦਰ ਕੌਰ ਧਾਲੀਵਾਲ ਵੱਲੋਂ ਛੁੱਟੀ 'ਤੇ ਜਾਣ ਕਾਰਨ ਤੱਤਕਾਲੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਹੀ ਡਾਇਰੈਕਟੋਰੇਟ ਦਾ ਵਾਧੂ ਚਾਰਜ ਸਕੱਤਰ ਵਿੱਦਿਆ ਨੂੰ ਦਿੱਤਾ ਗਿਆ ਸੀ। ਫਿਰ ਡਾ. ਤੇਜਿੰਦਰ ਕੌਰ ਧਾਲੀਵਾਲ ਵੱਲੋਂ ਅਸਤੀਫਾ ਦੇਣ ਤੋਂ ਬਾਅਦ ਡਾਇਰੈਕਟੋਰੇਟ ਦਾ ਵਾਧੂ ਚਾਰਜ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਕੱਤਰ ਵਿੱਦਿਆ ਨੂੰ ਦਿੱਤਾ ਗਿਆ। ਜਿਨ੍ਹਾਂ ਨੇ ਦੋ ਅਸਿਸਟੈਂਟ ਡਾਇਰੈਕਟਰਾਂ ਦੀ ਸਹਾਇਤਾ ਅਤੇ ਪ੍ਰਿੰਸੀਪਲਾਂ ਦੀਆਂ ਸਬ-ਕਮੇਟੀਆਂ ਬਣਾ ਕੇ ਡਾਇਰੈਕਟੋਰੇਟ ਦੇ ਕਾਰਜਾਂ ਨੂੰ ਬੜੀ ਕੁਸ਼ਲਤਾ ਨਾਲ ਚਲਾਇਆ।

ਉਨ੍ਹਾਂ ਕਿਹਾ ਕਿ ਸਕੱਤਰ ਵਿੱਦਿਆ ਵੱਲੋਂ ਇਸ ਵਾਧੂ ਚਾਰਜ ਦਾ ਕੋਈ ਵੀ ਵੱਖਰਾ ਵਿੱਤੀ ਲਾਭ ਨਾ ਲੈਂਦਿਆਂ ਸਕੂਲਾਂ/ਕਾਲਜਾਂ ਦੀਆਂ ਸਮੱਸਿਆਵਾਂ ਅਤੇ ਲੋੜਾਂ ਪੂਰੀਆਂ ਕਰਨ ਲਈ ਵੱਡੇ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਸੰਸਥਾਵਾਂ ਨੂੰ ਕਰਜ਼ਾ ਮੁਕਤ ਕਰਨ ਦੇ ਨਾਲ ਨਾਲ ਸੰਸਥਾਵਾਂ ਵਿਚ ਇੰਫਰਾਸਟ੍ਰਕਚਰ ਦੇਣਾ ਅਤੇ ਸੰਸਥਾਵਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਕੂਲਾਂ, ਕਾਲਜਾਂ ਵਿਚ ਸਮਾਰਟ ਕਲਾਸ ਰੂਮ, ਆਈ. ਸੀ. ਟੀ. ਲੈਬਜ਼, ਲੈਂਗੁਏਜ ਲੈਬਜ਼, ਛੋਟੇ ਬੱਚਿਆਂ ਲਈ ਪਲੇਅ ਸਟੇਸ਼ਨ ਦਾ ਪ੍ਰਬੰਧ ਕਰਵਾਉਣਾ ਆਦਿ ਅਹਿਮ ਕੰਮ ਸਨ, ਜਿਨ੍ਹਾਂ ਨੂੰ ਗੁਰੂ ਦੀ ਗੋਲਕ ਉੱਤੇ ਬਿਨਾਂ ਬੋਝ ਪਾਇਆਂ ਪੂਰਾ ਕੀਤਾ ਗਿਆ। ਇਸ ਦੇ ਨਾਲ ਹੀ ਵਿਦਿਆਰਥੀਆਂ ਲਈ ਪਲੇਸਮੈਂਟ ਸੈੱਲ ਸਥਾਪਿਤ ਕਰ ਕੇ ਰੋਜ਼ਗਾਰ ਮੇਲਿਆਂ ਦੀ ਸ਼ੁਰੂਆਤ ਕਰਨਾ ਡਾਇਰੈਕਟੋਰੇਟ ਦਾ ਨਵੇਕਲਾ ਕਦਮ ਸੀ।

ਜਿਸ ਅਧੀਨ ਵਿਦਿਆਰਥੀਆਂ ਲਈ Mock ਇੰਟਰਵਿਊ ਅਤੇ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਗਿਆ। ਮਲਟੀਨੈਸ਼ਨਲ ਕੰਪਨੀਆਂ ਦੇ ਮੁਖੀਆਂ ਨਾਲ ਗੱਲ-ਬਾਤ ਕਰ ਕੇ ਵਿਦਿਆਰਥੀਆਂ ਲਈ ਨੌਕਰੀਆਂ ਦੇ ਰਾਹ ਖੋਲੇ ਗਏ। ਵਿਦਿਆਰਥੀਆਂ ਨੂੰ ਗਿਆਨ ਪ੍ਰਤੀ ਉਤਸ਼ਾਹ ਕਰਨ ਲਈ ਕੁਇਜ਼ ਮੁਕਾਬਲੇ ਅਤੇ ਕਵੀਸ਼ਰੀ ਮੁਕਾਬਲੇ (ਗਿਆਨੁ ਪਰਚੰਡੁ ਪ੍ਰਸ਼ਨੋਤਰੀ ਮੁਕਾਬਲੇ ਅਤੇ ਕਾਵਿ-ਏ-ਸਿੱਖੀ ਦੇ ਨਾਮ ਹੇਠ) ਕਰਵਾਏ ਜਾ ਰਹੇ ਹਨ ਜਿਸ ਵਿਚ ਵਿਦਿਆਰਥੀਆਂ ਨੂੰ ਲੱਖਾਂ ਰੁਪਏ ਇਨਾਮ ਵਜੋਂ ਦਿੱਤੇ ਜਾ ਰਹੇ ਹਨ। ਵਿਦਿਆਰਥੀਆਂ ਨੂੰ ਸਾਫਟ ਸਕਿਲਜ਼ ਵਿਚ ਮਾਹਿਰ ਕਰਨ ਲਈ ਨਿਰੰਤਰ ਯੋਗ ਮਾਹਿਰਾਂ ਜ਼ਰੀਏ ਸਿੱਖਿਅਤ ਕੀਤਾ ਜਾ ਰਿਹਾ ਹੈ। ਇਹ ਮਿਸਾਲੀ ਸੁਧਾਰ ਲਿਆਉਣਾ ਇਮਾਨਦਾਰੀ ਅਤੇ ਕਾਰਜ-ਸ਼ੈਲੀ ਦਾ ਹੀ ਸਬੂਤ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸੰਸਥਾ ਨੇ ਕਾਲਜਾਂ ਵਿਚ ਕਿੱਤਾ ਮੁਖੀ ਕੋਰਸਾਂ ਦੀ ਸ਼ੁਰੂਆਤ ਕੀਤੀ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਗਿਆ ਜਿਸ ਕਰਕੇ ਹੁਣ ਹਜ਼ਾਰਾਂ ਹੀ ਵਿਦਿਆਰਥੀ ਇਨ੍ਹਾਂ ਸਕੀਮਾਂ ਤੋਂ ਲਾਹਾ ਖੱਟ ਰਹੇ ਹਨ। ਇਸ ਤੋਂ ਇਲਾਵਾ ਕਈ ਹੋਰ ਨੀਤੀਆਂ ਨੂੰ ਹੋਂਦ ਵਿਚ ਲਿਆਂਦਾ ਗਿਆ। ਜਿਸ ਅਧੀਨ ਅਧਿਆਪਕਾਂ ਦੀਆਂ ਵਰਕਸ਼ਾਪ, ਓਰੀਐਨਟੇਸ਼ਨ ਅਤੇ ਐਫ਼ਡੀਪੀ ਪ੍ਰੋਗਰਾਮ ਕਰਵਾਉਣਾ ਅਤੇ ਖੋਜ-ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ ਇੰਟਰਨੈਸ਼ਨਲ ਸੈਮੀਨਾਰ ਅਤੇ ਕਾਨਫਰੰਸਾਂ ਕਰਵਾਉਣਾ ਡਾਇਰੈਕਟੋਰੇਟ ਦਾ ਅਹਿਮ ਕੰਮ ਹੈ। ਸਿੱਖ ਵਿਦਿਆਰਥੀਆਂ ਨੂੰ ਉੱਚ ਪ੍ਰਸ਼ਾਸਨਿਕ ਅਹੁਦਿਆਂ ’ਤੇ ਪਹੁੰਚਾਉਣ ਲਈ ਨਿਸ਼ਚੈ ਸਿਵਿਲ ਸਰਵਸਿਜ ਅਤੇ ਨਿਸ਼ਚੈ ਜੁਡੀਸ਼ੀਅਲ ਅਕੈਡਮੀ ਦੀ ਸ਼ੁਰੂਆਤ ਕੀਤੀ ਗਈ। ਵਿਦਿਆਰਥੀਆਂ ਵਿਚ ਉਚੇਰੀ ਵਿੱਦਿਆ ਦੇ ਰਾਹ ਵਿਦੇਸ਼ਾਂ ਤਕ ਖੋਲਣ ਲਈ ਬਾਹਰਲੀਆਂ ਸੰਸਥਾਵਾਂ ਨਾਲ ਸਮਝੌਤੇ ਹੋਂਦ ਵਿਚ ਲਿਆਂਦੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰੇ ਜਿਸ ਪੱਧਰ ’ਤੇ ਅੱਜ ਸਿੱਖੀ ਸਿਧਾਂਤਾਂ ਅਨੁਸਾਰ ਕਾਰਜ ਕਰ ਰਹੇ ਹਨ ਉਨ੍ਹਾਂ ਦੇ ਨਤੀਜਿਆਂ ਤੋਂ ਚਿੰਤਤ ਹੋ ਕਿ ਵਿਰੋਧੀਆਂ ਵੱਲੋਂ ਸਾਡੀਆਂ ਸੰਸਥਾਵਾਂ ਨੂੰ ਅੱਜ ਨਹੀਂ ਤਾਂ ਕੱਲ ਨਿਸ਼ਾਨੇ ’ਤੇ ਲਿਆਉਣਾ ਹੀ ਸੀ ਇਸ ਵਿਚ ਕੋਈ ਦੋ ਰਾਏ ਨਹੀ। ਇਹ ਵਿੱਦਿਅਕ ਅਦਾਰੇ ਦੁਨਿਆਵੀ ਵਿੱਦਿਆ ਦੇ ਨਾਲ ਨਾਲ ਬੱਚਿਆਂ ਨੂੰ ਗੁਰੂ ਸਾਹਿਬ ਦੇ ਸਿਧਾਂਤ ਨਾਲ ਜੋੜਨ ਦਾ ਕਾਰਜ ਨਿਰੰਤਰ ਕਰ ਰਹੇ ਹਨ। ਬੱਚਿਆਂ ਨੂੰ ਗੁਰਬਾਣੀ ਕੀਰਤਨ ਤੋਂ ਲੈ ਕੇ ਵਿਗਿਆਨ ਤਕ ਦੀ ਵਿੱਦਿਆ ਅਤਿਆਧੁਨਿਕ ਤਰੀਕਿਆਂ ਨਾਲ ਦਿੱਤੀ ਜਾ ਰਹੀ ਹੈ। ਉਨ੍ਹਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਵਿੱਦਿਅਕ

ਪ੍ਰਬੰਧਾਂ ਨੂੰ ਬਿਹਤਰ ਬਣਾਉਣ ਲਈ ਜਿੱਥੇ ਡਾਇਰੈਕਟੋਰੇਟ ਦੀ ਟੀਮ ਸੇਵਾ-ਭਾਵਨਾ ਨਾਲ ਜ਼ਿੰਮੇਵਾਰੀ ਨਿਭਾਅ ਰਹੀ ਹੈ। ਉੱਥੇ ਤੁਸੀਂ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਸੁਝਾਅ ਦੇਣ ਦੀ ਮਨਸ਼ਾ ਨਾਲ ਅੱਗੇ ਆਓ ਅਤੇ ਸੰਸਥਾ ਨੂੰ ਢਾਅ ਲਾ ਰਹੀਆਂ ਤਾਕਤਾਂ ਤੋ ਸੁਚੇਤ ਰਹੋ।

## ਭਾਰਤ-ਪਾਕਿਸਤਾਨ ’ਚ ਤਣਾਅਪੂਰਨ ਹਾਲਾਤ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਾਵਾਂ ਅਤੇ ਸਕੂਲ-ਕਾਲਜ ਰਿਹਾਇਸ਼ ਲਈ ਖੋਲੇ

ਸ੍ਰੀ ਅੰਮ੍ਰਿਤਸਰ, ੧੦ ਮਈ- ਭਾਰਤ-ਪਾਕਿਸਤਾਨ ਵਿਚ ਬਣੇ ਤਣਾਅਪੂਰਨ ਹਾਲਾਤਾਂ ਦੇ ਮੱਦੇਨਜ਼ਰ ਸਿੱਖ ਕੌਮ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਹੱਦੀ ਇਲਾਕਿਆਂ ਵਿੱਚੋਂ ਉਠਾਏ ਜਾ ਰਹੇ ਲੋਕਾਂ ਦੇ ਰਹਿਣ ਲਈ ਜਿੱਥੇ ਗੁਰਦੁਆਰਾ ਸਾਹਿਬਾਨ ਅੰਦਰ ਸਰਾਵਾਂ ਦੇਣ ਦੀ ਪਹਿਲਕਦਮੀ ਕੀਤੀ ਸੀ, ਉੱਥੇ ਹੁਣ ਸੰਸਥਾ ਦੇ ਪ੍ਰਬੰਧ ਵਾਲੇ ਸਕੂਲ-ਕਾਲਜ ਵੀ ਰਿਹਾਇਸ਼ ਲਈ ਖੋਲ੍ਹ ਦਿੱਤੇ ਗਏ ਹਨ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਖਿੱਤੇ ਅੰਦਰ ਬਣੇ ਤਲਖ਼ ਹਾਲਾਤਾਂ ਕਰ ਕੇ ਸਰਹੱਦੀ ਇਲਾਕਿਆਂ ਦੇ ਲੋਕਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਾਹਿਬਾਨ ਵਿਖੇ ਰਹਿਣ ਲਈ ਸਰਾਵਾਂ ਅਤੇ ਲੰਗਰ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਸੀ, ਜਿਸ ਵਿਚ ਵਾਧਾ ਕਰਦਿਆਂ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੇ ਸਕੂਲ ਅਤੇ ਕਾਲਜਾਂ ਵਿਚ ਵੀ ਰਿਹਾਇਸ਼ ਦੇ ਪ੍ਰਬੰਧ ਕੀਤੇ ਗਏ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਹੀ ਮੁਸੀਬਤ ਸਮੇਂ ਮਨੁੱਖਤਾ ਦੇ ਨਾਲ ਖੜ੍ਹੀ ਹੈ ਅਤੇ ਲੋੜਵੰਦਾਂ ਦੀ ਹਰ ਸੰਭਵ ਮਦਦ ਲਈ ਕਾਰਜਸ਼ੀਲ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲੀਆਂ ਸੰਸਥਾਵਾਂ ਨੂੰ ਲੋੜਵੰਦਾਂ ਲਈ ਖੋਲ੍ਹਣ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੋੜ ਅਨੁਸਾਰ ਆਪਣੇ ਨੇੜਲੇ ਗੁਰਦੁਆਰਾ ਸਾਹਿਬਾਨ ਜਾਂ ਸਕੂਲ ਕਾਲਜਾਂ ਵਿਚ ਸੰਪਰਕ ਕਰਨ।

## ਸਾਬਕਾ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਦੇ ਅਕਾਲ ਚਲਾਣਾ ਕਰ ਜਾਣ ’ਤੇ ਐਡ. ਹਰਜਿੰਦਰ ਸਿੰਘ ਧਾਮੀ ਵੱਲੋਂ ਦੁੱਖ ਪ੍ਰਗਟ

ਸ੍ਰੀ ਅੰਮ੍ਰਿਤਸਰ, ੧੧ ਮਈ- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ

ਦਰਬਾਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਨੇ ਲੰਮਾ ਸਮਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਨਿਭਾਉਂਦਿਆਂ ਸੰਗਤ ਨੂੰ ਬਾਣੀ-ਬਾਣੇ ਨਾਲ ਜੋੜਿਆ ਅਤੇ ਗੁਰੂ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਗਿਆਨੀ ਮੋਹਨ ਸਿੰਘ ਸਿਧਾਂਤਵਾਦੀ ਪੁਰਸ਼ ਸਨ, ਜੋ ਹਮੇਸ਼ਾ ਗੁਰੂ-ਘਰ ਨੂੰ ਸਮਰਪਿਤ ਰਹੇ। ਉਨ੍ਹਾਂ ਨੇ ਆਪਣੀ ਨਿੱਜੀ ਜਾਇਦਾਦ ਵੀ ਸ੍ਰੀ ਦਰਬਾਰ ਸਾਹਿਬ ਦੇ ਨਾਮ ਕਰ ਦਿੱਤੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਅਜਿਹੀ ਸ਼ਖ਼ਸੀਅਤ ਦਾ ਚਲਾਣਾ ਪੂਰੇ ਵਿਸ਼ਵ ਦੀ ਸੰਗਤ ਲਈ ਵੱਡਾ ਘਾਟਾ ਹੈ, ਜਿਸ ਦੀ ਪੂਰਤੀ ਨਹੀਂ ਹੋ ਸਕਦੀ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਰਵੇਸ਼ ਪੁਰਸ਼ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਵੀ ਗਿਆਨੀ ਮੋਹਨ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਦੁੱਖ ਸਾਂਝਾ ਕਰਦਿਆਂ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ■

## ਸਿੱਖ ਮਿਸ਼ਨ ਉਤਰਾਖੰਡ ਵੱਲੋਂ ਅੰਮ੍ਰਿਤ-ਸੰਚਾਰ

ਸ. ਸੁਖਵਿੰਦਰ ਸਿੰਘ, ਇੰਚਾਰਜ, ਸਿੱਖ ਮਿਸ਼ਨ ਉਤਰਾਖੰਡ, ਕਾਸ਼ੀਪੁਰ, ਜ਼ਿਲ੍ਹਾ ਊਧਮ ਸਿੰਘ ਨਗਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਮਿਸ਼ਨ ਵੱਲੋਂ ਮਿਤੀ ੦੨ ਅਤੇ ੨੯ ਮਾਰਚ, ੨੦੨੫ ਈ. ਨੂੰ ਕ੍ਰਮਵਾਰ ਗੁਰਦੁਆਰਾ ਗੁਰੂ ਨਾਨਕ ਘਾਟ ਕਟਾਰਮੱਲ, ਜ਼ਿਲ੍ਹਾ ਬਿਜਨੌਰ (ਯੂ.ਪੀ.) ਵਿਖੇ ੪੨ ਅਤੇ ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ, ਜ਼ਿਲ੍ਹਾ ਊਧਮ ਸਿੰਘ ਨਗਰ ਵਿਖੇ ੩੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਡਾਇਰੈਕਟੋਰੇਟ ਆਫ਼ ਐਜੂਕੇਸ਼ਨ
# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

## ਸ਼੍ਰੋਮਣੀ ਕਮੇਟੀ ਅਧੀਨ ਸਕੂਲ

1. ਸਾਹਿਬਜਾਦਾ ਬਾਬਾ ਫਤਹਿ ਸਿੰਘ ਪਬਲਿਕ ਸਕੂਲ, ਗੁਰੂ ਕਾ ਬਾਗ਼, ਸ੍ਰੀ ਅੰਮ੍ਰਿਤਸਰ
2. ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਮਲੂਕਾ, ਬਠਿੰਡਾ
3. ਮਾਤਾ ਗੁਜਰੀ ਪਬਲਿਕ ਸਕੂਲ, ਬੇਹੜੀ ਸਾਹਿਬ, ਸ੍ਰੀ ਮੁਕਤਸਰ ਸਾਹਿਬ
4. ਸੰਤ ਬਾਬਾ ਫਤਿਹ ਸਿੰਘ ਪਬਲਿਕ ਸਕੂਲ, ਬੱਲੋ–ਬਦਿਆਲਾ, ਬਠਿੰਡਾ
5. ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ, ਗੰਗਸਰ ਜੈਤੋ, ਫਰੀਦਕੋਟ
6. ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, ਬਜੀਦਪੁਰ, ਫਿਰੋਜ਼ਪੁਰ
7. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਪਬਲਿਕ ਸਕੂਲ, ਨਡਾਲਾ, ਕਪੂਰਥਲਾ
8. ਭਾਈ ਬਹਿਲੋ ਜੀ ਪਬਲਿਕ ਸਕੂਲ, ਫਫੜੇ ਭਾਈ ਕੇ, ਮਾਨਸਾ
9. ਸਾਹਿਬਜ਼ਾਦਾ ਜੁਝਾਰ ਸਿੰਘ ਪਬਲਿਕ ਸਕੂਲ, ਕੋਟ ਧਰਮੂ, ਮਾਨਸਾ
10. ਮਾਤਾ ਸੁੰਦਰੀ ਪਬਲਿਕ ਸਕੂਲ, ਕੋਟ ਸ਼ਮੀਰ, ਬਠਿੰਡਾ
11. ਸੰਤ ਹਰਚੰਦ ਸਿੰਘ ਲੌਂਗੋਵਾਲ ਪਬਲਿਕ ਸਕੂਲ, ਸ਼ੇਰਪੁਰ, ਸੰਗਰੂਰ
12. ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ, ਗੁਰਦਾਸ ਨੰਗਲ, ਗੁਰਦਾਸਪੁਰ
13. ਭਾਈ ਮਹਾਂ ਸਿੰਘ ਖਾਲਸਾ ਪਬਲਿਕ ਸਕੂਲ, ਜਲਾਲਾਬਾਦ, ਫਾਜ਼ਿਲਕਾ
14. ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਪਬਲਿਕ ਸਕੂਲ, ਸ੍ਰੀ ਹਰਗੋਬਿੰਦਪੁਰ, ਗੁਰਦਾਸਪੁਰ
15. ਭਾਈ ਨੰਦ ਲਾਲ ਪਬਲਿਕ ਸਕੂਲ, ਸ੍ਰੀ ਆਨੰਦਪੁਰ ਸਾਹਿਬ, ਰੂਪਨਗਰ
16. ਮਹਾਰਾਜਾ ਰਣਜੀਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਤਰਨ ਤਾਰਨ
17. ਗੁਰੂ ਤੇਗ ਬਹਾਦਰ ਪਬਲਿਕ ਸਕੂਲ, ਛਾਜਲੀ, ਸੰਗਰੂਰ
18. ਸ੍ਰੀ ਗੁਰੂ ਰਾਮਦਾਸ ਖਾਲਸਾ ਸੀਨੀ. ਸੈਕੰਡਰੀ ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ
19. ਗੁਰੂ ਨਾਨਕ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਘੀ ਮੰਡੀ, ਸ੍ਰੀ ਅੰਮ੍ਰਿਤਸਰ
20. ਮਾਤਾ ਗੰਗਾ ਕੰਨਿਆ ਸੀਨੀ. ਸੈਕੰਡਰੀ ਸਕੂਲ, ਬਾਬਾ ਬਕਾਲਾ, ਸ੍ਰੀ ਅੰਮ੍ਰਿਤਸਰ
21. ਸ੍ਰੀ ਗੁਰੂ ਤੇਗ ਬਹਾਦਰ ਸੀਨੀਅਰ ਸੈਕੰਡਰੀ ਸਕੂਲ, ਬਾਬਾ ਬਕਾਲਾ, ਸ੍ਰੀ ਅੰਮ੍ਰਿਤਸਰ
22. ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਗੁਰੂ ਕਾ ਬਾਗ, ਅਜਨਾਲਾ, ਸ੍ਰੀ ਅੰਮ੍ਰਿਤਸਰ
23. ਕੱਲਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਹਰਿਆਨਾ, ਹੁਸ਼ਿਆਰਪੁਰ
24. ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ, ਖੰਨਾ, ਲੁਧਿਆਣਾ
25. ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਤਖਤੂਪੁਰਾ, ਮੋਗਾ
26. ਭੂਪਿੰਦਰਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਮੋਗਾ
27. ਖਾਲਸਾ ਸੀਨੀ. ਸੈਕੰਡਰੀ ਸਕੂਲ, ਬੀੜ ਬਾਬਾ ਬੁੱਢਾ ਸਾਹਿਬ, ਠੱਠਾ, ਤਰਨ ਤਾਰਨ
28. ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, ਗੋਲਡਨ ਟੈਂਪਲ ਕਲੋਨੀ, ਸ੍ਰੀ ਅੰਮ੍ਰਿਤਸਰ
29. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਬਲਿਕ ਸੀਨੀ. ਸੈਕੰ. ਸਕੂਲ, ਰਮਦਾਸ, ਸ੍ਰੀ ਅੰਮ੍ਰਿਤਸਰ
30. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ ਸਾਹਿਬ, ਸ੍ਰੀ ਅੰਮ੍ਰਿਤਸਰ
31. ਗੁਰੂ ਅਰਜਨ ਦੇਵ ਪਬਲਿਕ ਸਕੂਲ, ਬਾਰਠ ਸਾਹਿਬ, ਗੁਰਦਾਸਪੁਰ
32. ਗੁਰੂ ਨਾਨਕ ਦੇਵ ਅਕੈਡਮੀ, ਜਲੰਧਰ ਰੋਡ, ਬਟਾਲਾ, ਗੁਰਦਾਸਪੁਰ
33. ਗੁਰੂ ਨਾਨਕ ਦੇਵ ਅਕੈਡਮੀ, ਓਠੀਆਂ, ਗੁਰਦਾਸਪੁਰ
34. ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ, ਲੱਧੇਵਾਲ, ਮਾਹਿਲਪੁਰ, ਹੁਸ਼ਿਆਰਪੁਰ
35. ਦਸ਼ਮੇਸ਼ ਪਬਲਿਕ ਸੀਨੀ. ਸੈਕੰਡਰੀ ਸਕੂਲ, ਮਾਣੂੰਕੇ, ਤਹਿ. ਜਗਰਾਉਂ, ਲੁਧਿਆਣਾ
36. ਦਸ਼ਮੇਸ਼ ਪਬਲਿਕ ਸੀਨੀ. ਸੈਕੰ. ਸਕੂਲ, ਟਾਹਲੀਆਣਾ ਸਾਹਿਬ, ਰਾਏਕੋਟ, ਲੁਧਿਆਣਾ
37. ਪ੍ਰੀਵਾਰ ਵਿਛੋੜਾ ਪਬਲਿਕ ਸਕੂਲ, ਸਰਸਾ ਨੰਗਲ, ਰੂਪਨਗਰ
38. ਬਾਬਾ ਗੁਰਦਿੱਤਾ ਜੀ ਪਬਲਿਕ ਸਕੂਲ, ਜਿੰਦਵੜੀ, ਅਨੰਦਪੁਰ ਸਾਹਿਬ, ਰੂਪਨਗਰ
39. ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਜੰਡ ਸਾਹਿਬ, ਰੂਪਨਗਰ
40. ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, ਦਿਆਲਪੁਰਾ, ਤਰਨ ਤਾਰਨ
41. ਮਹਾਰਾਜਾ ਰਣਜੀਤ ਸਿੰਘ ਪਬਲਿਕ ਸਕੂਲ, ਰੱਤੋਕੇ, ਤਹਿ. ਪੱਟੀ, ਤਰਨ ਤਾਰਨ
42. ਬੀਬੀ ਰਜਨੀ ਸੀਨੀਅਰ ਸੈਕੰਡਰੀ ਸਕੂਲ, ਪੱਟੀ, ਤਰਨ ਤਾਰਨ
43. ਬਾਬਾ ਬੁੱਢਾ ਪਬਲਿਕ ਸੀਨੀ. ਸੈਕੰਡਰੀ ਸਕੂਲ, ਬੀੜ ਸਾਹਿਬ, ਠੱਠਾ, ਤਰਨ ਤਾਰਨ
44. ਦਸ਼ਮੇਸ਼ ਪਬਲਿਕ ਸਕੂਲ, ਗੁਰਦੁਆਰਾ ਗੁਰਪਲਾਹ ਸਾਹਿਬ, ਊਨਾ, ਹਿਮਾਚਲ ਪ੍ਰਦੇਸ਼
45. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੀਨੀ. ਸੈਕੰ. ਪਬਲਿਕ ਸਕੂਲ, ਮੰਜੀ ਸਾਹਿਬ ਕੋਟਾਂ, ਲੁਧਿਆਣਾ
46. ਬਾਬਾ ਅਜਾਪਾਲ ਸਿੰਘ ਖਾਲਸਾ ਪਬਲਿਕ ਸਕੂਲ, ਨਾਭਾ, ਪਟਿਆਲਾ
47. ਮਾਤਾ ਦਮੋਦਰੀ ਖਾਲਸਾ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਡਰੋਲੀ ਭਾਈ, ਮੋਗਾ
48. ਗੁਰੂ ਅਰਜਨ ਦੇਵ ਪਬਲਿਕ ਸਕੂਲ, ਕਰਤਾਰਪੁਰ, ਜਲੰਧਰ


Registered with Registrar of Newspaper at No. 354/57

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

# GURMAT PARKASH June 2025

Dharam Parchar Committee, Shiromani Gurdwara Parbandhak Committee, Sri Amritsar Sahib

ਘੱਲੂਘਾਰਾ ਜੂਨ ੧੯੮੪ ਈ. ਸਮੇਂ ਨੁਕਸਾਨੀ ਹੋਈ
ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਦਾ ਦ੍ਰਿਸ਼



Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-6-2025